

ਪ੍ਰੋ. ਬਲਵਿੰਦਰਪਾਲ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਮਨੁੱਖਤਾ ਦੇ ਸਭਿਆਚਾਰਕ ਇਤਿਹਾਸ ਵਿਚ ਇਕ ਇਨਕਲਾਬ ਹੈ। ਇਸ ਪਾਵਨ ਗ੍ਰੰਥ ਵਿਚ ਧਰਮ, ਕੌਮ, ਨਸਲ ਦੇ ਭਿੰਨ ਭੇਦ ਤੋਂ ਉਤਾਂਹ ਉਠ ਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸੰਤਾਂ-ਗੁਰੂਆਂ ਦੀ ਬਾਣੀ ਸ਼ਾਮਲ ਹੈ, ਜਿਨ੍ਹਾਂ ਨੇ ਉਸ ਸਮੇਂ ਸਮਾਜ ਵਿਚ ਇਨਕਲਾਬ ਲਿਆਉਣ ਦਾ ਉਪਰਾਲਾ ਕੀਤਾ ਅਤੇ ਬਿਪਰਨਵਾਦ ਵਿਰੁੱਧ ਧਰਮ ਯੁੱਧ ਐਲਾਨ ਕਰਕੇ ਮਨੁੱਖਤਾ ਦਾ ਝੰਡਾ ਬੁਲੰਦ ਕੀਤਾ। ਦੁਨੀਆਂ ਦੇ ਸਾਰੇ ਧਰਮ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੋ ਅਜਿਹਾ ਧਾਰਮਿਕ ਗ੍ਰੰਥ ਹੈ, ਜਿਸ ਦੀ ਸੰਪਾਦਨਾ ਸੰਬੰਧਿਤ ਧਰਮ ਦੇ ਸੰਸਥਾਪਕਾਂ ਵਲੋਂ ਖੁਦ ਕੀਤੀ। ਬਾਕੀ ਸਾਰੇ ਧਰਮਾਂ ਦੇ ਗ੍ਰੰਥ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਬਾਅਦ ਵਿਚ ਰਚੇ ਗਏ, ਜਿਵੇਂ ਯਹੂਦੀਆਂ ਦਾ ਓਲਡ ਟੈਸਟਾਮੈਂਟ, ਈਸਾਈਆਂ ਦਾ ਨਿਊ ਟੈਸਟਾਮੈਂਟ, ਮੁਸਲਮਾਨਾਂ ਦਾ ਅਲ ਕੁਰਾਨ, ਹਿੰਦੂ ਮਤ ਦੇ ਚਾਰੇ ਵੇਦ, ਛੇ ਸ਼ਾਸ਼ਤਰ, ਅਠਾਰਾਂ ਪੁਰਾਣ ਸਭ ਦੇ ਮੂਲ ਰੂਪ ਨਹੀਂ ਹਨ, ਸਗੋਂ ਇਲਹਾਮਾਂ, ਸ਼ਰੁਤੀਆਂ, ਸਿਮਰਤੀਆਂ ਤੱਥਾਂ ਦੇ ਆਧਾਰ 'ਤੇ ਰਚੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ ਇਕ ਅਜਿਹਾ ਗ੍ਰੰਥ ਹੈ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਹੇਠ ਸੰਪਾਦਿਤ ਕੀਤਾ ਅਤੇ ਪ੍ਰਮਾਣਿਕ ਹੋਣ ਦੀ ਮੋਹਰ ਲਗਾਈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ 1708 ਈਸਵੀ ਵਿਚ ਇਸ ਮਹਾਨ ਗ੍ਰੰਥ ਨੂੰ ਗੁਰੂ-ਪਦਵੀ ਪ੍ਰਦਾਨ ਕੀਤੀ ਗਈ। ਲੋੜ ਇਸ ਗੱਲ ਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ 'ਤੇ ਚੱਲਦਿਆਂ ਸਮੁੱਚੀ ਮਨੁੱਖਤਾ, ਦਬੇ ਕੁਚਲੇ ਵਰਗ ਨੂੰ ਕਲਾਵੇ ਵਿਚ ਲਿਆ ਜਾਵੇ।

ਇਹ ਤਾਂ ਹੀ ਸੰਭਵ ਹੈ ਕਿ ਜੇਕਰ ਅਸੀਂ ਮਨੁੱਖੀ ਅਧਿਕਾਰਾਂ ਦੇ ਹਿੱਤ 'ਚ ਅਵਾਜ਼ ਬੁਲੰਦ ਕਰੀਏ, ਸਮਾਜ ਨੂੰ ਜਾਤ-ਪਾਤ, ਰੰਗ ਭੇਦ ਵਿਚੋਂ ਕੱਢੀਏ ਅਤੇ ਸੇਵਾ ਰਾਹੀਂ ਸਭ ਦੁਨੀਆਂ ਦੇ ਮਨਾਂ ਨੂੰ ਜਿੱਤੀਏ। ਜੇਕਰ ਅਸੀਂ ਅਜਿਹਾ ਕਰਨ ਦੇ ਸਮਰੱਥ ਹੋ ਗਏ ਤਾਂ ਦਸਮ ਪਾਤਸ਼ਾਹ ਦੇ ਲਏ ਇਹ ਸੁਪਨੇ 'ਦਿੱਲੀ ਤਖਤ ਪਰ ਬਹੇਗੀ ਆਪ ਗੁਰੂ ਕੀ ਫੌਜ, ਛੱਤਰ ਝੁਲੇਗੋ ਸੀਸ ਪਰ ਬਡੀ ਕਰੇਗੀ ਮੌਜ' ਹਕੀਕਤ 'ਚ ਬਦਲਣਗੇ, ਕਿਉਂਕਿ ਸਾਡਾ ਵਿਰੋਧ ਕਰਨ ਵਾਲਾ ਕੋਈ ਨਹੀਂ ਹੋਵੇਗਾ ਅਤੇ ਨਫਰਤ ਫੈਲਾਉਣ ਵਾਲੇ ਮਨੁੱਖਤਾ ਵਿਰੋਧੀ ਭੱਜ ਖਲੋਣਗੇ।

# ਗੁਰਮਤਿ ਇਨਕਲਾਬ



ਪ੍ਰੋ. ਬਲਵਿੰਦਰਪਾਲ ਸਿੰਘ

# ਗੁਰਮਤਿ ਇਨਕਲਾਬ

ਪ੍ਰੋ. ਬਲਵਿੰਦਰਪਾਲ ਸਿੰਘ

## ਬ੍ਰਿਟਿਸ਼ ਸਿੱਖ ਕੌਂਸਲ, ਯੂ.ਕੇ.

**Gurmat Inqalab**

**By : Prof. Balwinderpal Singh**
**Mobile : 098157-00916**
**Email : quompunjabi@rediffmail.com**

© ਬ੍ਰਿਟਿਸ਼ ਸਿੱਖ ਕੌਂਸਲ

ਇਸੇ ਕਲਮ ਤੋਂ :

* ਪੰਜਾਬੀ ਸੂਫੀ ਕਾਵਿ ਦਾ ਆਲੋਚਨਾਤਮਕ ਅਧਿਐਨ
* ਖਾਲਸਾ ਮੇਰੋ ਰੂਪ ਹੈ ਖਾਸ
* ਖਾਲਸਾ ਰਾਜ ਦੇ ਸਿਰਜਕ ਬਾਬਾ ਸਾਹਿਬ ਸਿੰਘ ਬੇਦੀ
* ਭਾਰਤੀ ਜੰਗੇ ਅਜ਼ਾਦੀ ਦੇ ਪਹਿਲੇ ਸ਼ਹੀਦ ਬਾਬਾ ਬਿਕਰਮਾ ਸਿੰਘ ਬੇਦੀ
* ਵੰਗਾਰ

ਪਹਿਲੀ ਵਾਰ : ਅਕਤੂਬਰ, 2004

ਮੁੱਲ : 100 ਰੁਪਏ, 10 ਪੌਂਡ,
20 ਡਾਲਰ (ਅਮਰੀਕੀ)

ਪ੍ਰਕਾਸ਼ਕ : ਬ੍ਰਿਟਿਸ਼ ਸਿੱਖ ਕੌਂਸਲ
**P.O. Box 621,**
**Willenhall, West Midland. WV 13 2 YS**
**Tel: 01902 608306**
**Email : Deol _bsc @ hotmail . com**
ਸਭ ਵਾਦ ਵਿਵਾਦ ਲੰਡਨ ਦੀਆਂ ਨਿਆਂਪਾਲਕਾਵਾਂ ਅਧੀਨ

ਛਾਪਕ : ਸਪੋਕਸਮੈਨ ਮਲਟੀਕਲਰ ਆਫਸੈੱਟ ਪ੍ਰਿੰਟਰਜ਼,
ਜਲੰਧਰ

ਲੇਜ਼ਰ ਸੈਟਿੰਗ : ਬਿਮਲ ਕ੍ਰਿਏਸ਼ਨ, ਜਲੰਧਰ

# ਸਮਰਪਣ

*ਉਨ੍ਹਾਂ ਸਿੰਘਾਂ-ਸਿੰਘਣੀਆਂ ਨੂੰ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਹੋਇਆਂ ਸਮਾਜ ਦੀ ਤਬਦੀਲੀ ਲਈ, ਹਲੇਮੀ ਰਾਜ ਅਤੇ ਬੇਗਮਪੁਰਾ ਸਿਰਜਣ ਲਈ ਆਪਣਾ ਤਨ, ਮਨ ਅਤੇ ਧਨ ਗੁਰੂ ਪੰਥ ਲਈ ਕੁਰਬਾਨ ਕਰ ਦਿੱਤਾ।*

# ਤਤਕਰਾ


| | |
|---|---|
| ਸੰਦੇਸ਼ | 5 |
| ਭੂਮਿਕਾ | 6 |
| ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਮਹੱਤਤਾ | 10 |
| ਗੁਰਬਾਣੀ ਅਤੇ ਰੂਹਾਨੀ ਇਨਕਲਾਬ | 20 |
| ਅਜੋਕਾ ਵਿਸ਼ਵ ਤੇ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ | 28 |
| ਗੁਰਬਾਣੀ ਦਾ ਨਾਮ ਸਿਮਰਨ ਅਤੇ ਅਜ਼ਾਦ ਮਨੁੱਖ | 38 |
| ਗੁਰਬਾਣੀ ਵਿਚ ਸੇਵਾ ਦਾ ਮਹੱਤਵ | 44 |
| ਗੁਰਬਾਣੀ ਦਾ ਰਾਜ | 49 |
| ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ, ਸੰਸਾਰੀਕਰਨ ਤੇ ਹਿੰਦੂਤਵ | 54 |
| ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਬ੍ਰਾਹਮਣਵਾਦ | 64 |
| ਗੁਰਮਤਿ ਵਿਚਾਰਧਾਰਾ, ਮਾਨਵਵਾਦੀ ਧਰਮ ਅਤੇ ਹਿੰਦੂਤਵ | 72 |
| ਗੁਰਮਤਿ ਵਿਚਾਰਧਾਰਾ ਅਤੇ ਮਾਰਕਸਵਾਦ | 84 |
| ਗੁਰਮਤਿ ਵਿਚਾਰਧਾਰਾ ਅਨੁਸਾਰ ਵਿਦਿਅਕ ਪਾਲਿਸੀ | 90 |
| ਗੁਰਬਾਣੀ ਦਾ ਸੰਤ ਅਤੇ ਮਾਇਆਧਾਰੀ ਸਾਧ | 97 |
| ਗੁਰਮਤਿ ਤੇ ਹਿੰਦੂਮਤ ਦੇ ਸੰਸਕਾਰ | 111 |
| ਆਰ ਐਸ ਐਸ ਦਾ ਹਿੰਦੂ ਰਾਸ਼ਟਰਵਾਦ | 121 |
| ਨਸ਼ਿਆਂ ਕਾਰਨ ਨਸਲਕੁਸ਼ੀ | 125 |

# ਸੰਦੇਸ਼

ਦਸ ਗੁਰੂ ਸਾਹਿਬਾਨ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਜੋ ਅਰਦਾਸ ਇਕ ਗੁਰਸਿੱਖ ਰੋਜ਼ਾਨਾ ਕਰਦਾ ਹੈ, ਉਸ ਨੂੰ ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਆਪਣੀ ਪੁਸਤਕ 'ਗੁਰਮਤਿ ਇਨਕਲਾਬ' ਵਿੱਚ ਸੱਚੇ ਸੁੱਚੇ ਅਰਥ ਦਿੱਤੇ ਗਏ ਹਨ। ਜਾਤਾਂ, ਜਮਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਰਾਸ਼ਟਰ ਦੇ ਨਾਵਾਂ ਤਹਿਤ ਉਭਰ ਰਹੀ ਨਫਰਤ ਅਤੇ ਅਮਾਨਵੀ ਰੁਚੀਆਂ ਵਿਰੁੱਧ ਇਹ ਪੁਸਤਕ ਜਿੱਥੇ ਸੱਚ ਦਾ ਨਗਾਰਾ ਬਣਕੇ ਵੱਜਦੀ ਹੈ, ਉੱਥੇ ਇਹ ਬ੍ਰਹਿਮੰਡੀ ਚੇਤਨਾ ਬੁਲੰਦ ਕਰਦੀ ਹੈ। ਸੁਆਰਥੀ ਲੋਕਾਂ ਵੱਲੋਂ ਗੁਰਬਾਣੀ ਅਰਥਾਂ ਦੇ ਕੀਤੇ ਜਾ ਰਹੇ ਅਨਰਥਾਂ ਦੇ ਖਿਲਾਫ ਲੇਖਕ ਇਸ ਪੁਸਤਕ ਵਿੱਚ ਤਕੜੀ ਲਲਕਾਰ ਬਣਿਆ ਹੈ।

ਗੁਰਮਤਿ ਇਨਕਲਾਬ ਉਸਰਨ ਦੀ ਠੀਕ ਸੰਭਾਵਨਾ ਗੁਰਬਾਣੀ ਦੀ ਵਿਗਿਆਨਕ ਅਹਿਮੀਅਤ ਨੂੰ ਸਮਝਣ ਨਾਲ ਬਣ ਸਕਦੀ ਹੈ। ਗੁਰਬਾਣੀ ਮਨੁੱਖੀ ਮਨ ਦੀ ਭਟਕਨ, ਔਜੜਪਨ, ਬੇਹੋਸ਼ੀ ਅਤੇ ਚੰਚਲਤਾ 'ਤੇ ਹਮਲਾਵਰ ਹੋਣ ਕਾਰਨ ਸਮੁੱਚੀ ਮਨੁੱਖਤਾ ਦੇ ਜੀਵਨ ਨੂੰ ਪ੍ਰੀਤਕਾਰੀ ਨਗਮੇ ਨਾਲ ਸਦੀਵੀ ਅਨੰਦ ਅਤੇ ਅਮਰ ਪੱਦ ਪ੍ਰਦਾਨ ਕਰਦੀ ਹੈ। ਇਸ ਸੱਚੇ ਸਰੋਤ ਤੋਂ ਪ੍ਰਭਾਵਿਤ ਵਿਅਕਤੀ ਹੀ ਸਾਮਾਜਿਕ ਕਲਿਆਣ ਲਈ ਉਦਮਸ਼ੀਲ ਹੋ ਸਕਦਾ ਹੈ। ਅਜੋਕੇ ਬੰਦੇ ਦੇ ਅਗਿਆਨਤਾ ਭਰੇ ਸਵਾਰਥਾਂ ਨੇ ਨਾ ਕੇਵਲ ਮਨੁੱਖੀ ਭਾਈਵਾਲੀ ਨੂੰ ਢਾਹ ਲਾਈ ਹੈ, ਸਗੋਂ ਇਸ ਧੂੰਏਂਦਾਰ ਜ਼ਹਿਰੀਲੇ ਵਾਤਾਵਰਣ ਵਿੱਚ ਪਰਿੰਦਿਆਂ ਦਾ ਚਹਿਕਣਾ, ਬਨਸਪਤੀ ਦਾ ਟਹਿਕਣਾ, ਕੁਦਰਤੀ ਰੰਗਾਂ ਦਾ ਸੋਕਣਾ ਅਲੋਪ ਹੁੰਦਾ ਜਾ ਰਿਹਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤਲਖੀਆਂ ਵਿੱਚ ਦਮ ਤੋੜ ਰਹੇ ਇਸ ਜੀਵਨ ਨੂੰ ਹੁਣ ਕੇਵਲ ਗੁਰਬਾਣੀ ਦੇ ਅਸੂਲਾਂ 'ਤੇ ਪਹਿਰਾ ਦੇ ਕੇ ਹੀ ਬਚਾਇਆ ਜਾ ਸਕਦਾ ਹੈ। ਅਸੀਂ ਸਮਝਦੇ ਹਾਂ ਕਿ ਇਹ ਪੁਸਤਕ ਪੰਜਾਬੀ ਸਾਹਿਤ ਤੇ ਇਤਿਹਾਸ 'ਚ ਚਰਚਾ ਦਾ ਵਿਸ਼ਾ ਬਣੇਗੀ। ਸਾਡੀ ਤਾਂ ਇਹੀ ਅਰਦਾਸ ਹੈ ਕਿ ਗੁਰਬਾਣੀ ਦੇ ਇਸ ਇਲਾਹੀ ਚਸ਼ਮੇ ਦੇ ਵਹਿੰਦਿਆਂ ਕੋਈ ਮਨੁੱਖ ਵੀ ਪਿਆਸਾ ਨਾ ਰਹਿ ਜਾਵੇ ਅਤੇ ਦੁਰਾਚਾਰ ਬਿਰਤੀਆਂ 'ਚ ਜਕੜਿਆ ਨਾ ਰਹਿ ਜਾਵੇ। ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਪਾਸੋਂ ਹੋਰ ਵੀ ਵਡਮੁੱਲੀਆਂ ਰਚਨਾਤਮਕ ਆਸਾਂ ਹਨ। ਅਸੀਂ ਹੇਠ ਲਿਖੀਆਂ ਸੰਸਥਾਵਾਂ ਅਤੇ ਵਿਅਕਤੀਆਂ ਦੇ ਬੇਹੱਦ ਧੰਨਵਾਦੀ ਹਾਂ। ਸਿੰਘ ਸਾਹਿਬ, ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, (ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਜਿਨ੍ਹਾਂ ਦੀ ਵਣਜਾਰਾ ਪ੍ਰੋਜੈਕਟ ਸੰਬੰਧੀ ਵਿਸ਼ੇਸ਼ ਹਮਾਇਤ ਹੈ, ਭਾਈ ਸਾਹਿਬ ਭਾਈ ਜਰਨੈਲ ਸਿੰਘ ਜੀ (ਜਥੇਦਾਰ ਅਖੰਡ ਕੀਰਤਨੀ ਜਥਾ ਯੂ. ਕੇ.), ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ (ਮੀਤ ਜਥੇਦਾਰ ਅਖੰਡ ਕੀਰਤਨੀ ਜਥਾ ਭਾਰਤ), ਭਾਈ ਰਜਿੰਦਰ ਸਿੰਘ ਜੀ ਪੁਰੇਵਾਲ (ਅਦਾਰਾ ਪੰਜਾਬ ਟਾਈਮਜ਼ ਯੂ. ਕੇ.)। ਅਸੀਂ ਉਨ੍ਹਾਂ ਸਮੂਹ ਪੰਥਕ ਸੰਸਥਾਵਾਂ ਅਤੇ ਵਿਰਤੀਆਂ ਦੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਬ੍ਰਿਟਿਸ਼ ਸਿੱਖ ਕੌਂਸਲ ਦੇ ਪੰਥਕ ਕਾਰਜਾਂ ਵਿਚ ਸਹਾਇਤਾ ਕੀਤੀ ਹੈ।

*ਦਾਸਨ ਦਾਸਰੇ :*

ਸ. ਕੁਲਵੰਤ ਸਿੰਘ ਢੇਸੀ, ਸ. ਤਰਸੇਮ ਸਿੰਘ ਦਿਓਲ, ਬ੍ਰਿਟਿਸ਼ ਸਿੱਖ ਕੌਂਸਲ,



# ਭੂਮਿਕਾ

ਇਹ ਪੁਸਤਕ 'ਗੁਰਮਤਿ ਇਨਕਲਾਬ' ਬ੍ਰਿਟਿਸ਼ ਸਿੱਖ ਕੌਂਸਲ ਦੇ ਉਦਮ ਸਦਕਾ ਹੋਂਦ ਵਿਚ ਆਈ ਹੈ। ਬ੍ਰਿਟਿਸ਼ ਸਿੱਖ ਕੌਂਸਲ ਗਰੀਬਾਂ ਦੀ ਹਮਦਰਦ ਤੇ ਪੰਥਕ ਦਰਦ ਰੱਖਣ ਵਾਲੀ ਸੰਸਥਾ ਹੈ। ਵਣਜਾਰਾ ਤੇ ਸਿਕਲੀਗਰ ਪ੍ਰੋਜੈਕਟ ਬਾਰੇ ਉਨ੍ਹਾਂ ਦਾ ਉਦਮ ਤੇ ਕਾਰਜ ਇਤਿਹਾਸਕ ਹੈ। ਇਹ ਅਜਿਹੀ ਸੇਵਾ ਹੈ, ਜਿਸ ਨੂੰ ਕਰਨ ਦਾ ਉਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਿੱਤਾ ਸੀ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ। ਵੈਸੇ ਸਿੱਖੀ ਪੈਦਾ ਵੀ ਗਰੀਬੀ ਅਤੇ ਸਰਬੱਤ ਹਿੱਤ 'ਚੋਂ ਹੋਈ ਹੈ, ਕਿਰਤ ਵਿਚੋਂ ਹੀ ਸਿੱਖੀ ਦੀ ਪਰਖ ਹੋਈ ਹੈ, ਜਿਸ ਨੂੰ ਅਕਾਲ ਪੁਰਖ ਦੇ ਨਾਮ ਵਿਚ ਰੰਗਿਆ ਗਿਆ ਹੈ।

ਬ੍ਰਿਟਿਸ਼ ਸਿੱਖ ਕੌਂਸਲ ਜਿਵੇਂ ਮਹਾਂਰਾਸ਼ਟਰ 'ਚ ਸਿਕਲੀਗਰ, ਵਣਜਾਰਾ ਪ੍ਰੋਜੈਕਟ ਬਾਰੇ ਲਹਿਰ ਚਲਾ ਰਹੀ ਹੈ, ਉਹ ਇਸੇ ਇਤਿਹਾਸ ਦੀ ਇਕ ਲੜੀ ਹੈ। ਸਿਕਲੀਗਰ ਵਣਜਾਰੇ ਗੁਰੂ ਨਾਨਕ ਦੀਆਂ ਸੰਗਤਾਂ ਹਨ, ਜਿਨ੍ਹਾਂ ਨੂੰ ਅਸੀਂ ਭੁਲਾਈ ਬੈਠੇ ਹਾਂ, ਪਰ ਬ੍ਰਿਟਿਸ਼ ਸਿੱਖ ਕੌਂਸਲ ਵਾਲਿਆਂ ਨੇ ਸਾਨੂੰ ਇਕ ਵਾਰ ਫਿਰ ਯਾਦ ਕਰਵਾ ਦਿੱਤਾ ਹੈ ਕਿ ਅਸਲੀ ਸੇਵਾ ਗਰੀਬਾਂ, ਲੋੜਵੰਦਾਂ ਦੀ ਸਾਰ ਲੈਣੀ ਹੀ ਹੈ। ਸਾਧਾਂ ਨੂੰ ਦਾਨ ਦੇਣ ਨਾਲ, ਉਨ੍ਹਾਂ ਅੱਗੇ ਮੱਥੇ ਰਗੜਨ ਨਾਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਨਹੀਂ ਕੀਤੀਆਂ ਜਾ ਸਕਦੀਆਂ, ਨਾ ਹੀ ਆਤਮਿਕ ਅਨੰਦ ਹਾਸਲ ਹੋ ਸਕਦਾ ਹੈ। ਗੁਰੂ ਦੀ ਸੇਵਾ ਅਸਲੀ ਇਹੀ ਹੈ ਕਿ ਜੋ ਬ੍ਰਿਟਿਸ਼ ਸਿੱਖ ਕੌਂਸਲ ਵਾਲੇ ਕਰ ਰਹੇ ਹਨ। ਇਸ ਵਿਚ ਅਸਾਂ ਸਭ ਨੂੰ ਹਿੱਸਾ ਪਾਉਣਾ ਚਾਹੀਦਾ ਹੈ ਤਾਂ ਹੀ ਸਾਡਾ ਦਾਨ ਤੇ ਸੇਵਾ ਸਫਲ ਹੋ ਸਕੇਗੀ ਤੇ ਗੁਰੂ ਤੱਕ ਪਹੁੰਚ ਸਕੇਗੀ। ਇਨ੍ਹਾਂ ਕਾਰਜਾਂ ਨਾਲ ਹੀ ਪੰਥ ਦੀ ਚੜ੍ਹਦੀ ਕਲਾ ਹੋ ਸਕਦੀ ਹੈ ਤੇ ਸਾਡੀ ਵੱਖਰੀ ਹੋਂਦ ਸਥਾਪਤ ਹੋ ਸਕਦੀ ਹੈ।

ਮੇਰਾ ਪੁਸਤਕ 'ਗੁਰਮਤਿ ਇਨਕਲਾਬ' ਲਿਖਣ ਦਾ ਮਨੋਰਥ ਹੀ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਅਮਲੀ ਜ਼ਿੰਦਗੀ ਦਾ ਅੰਗ ਬਣਾਇਆ ਜਾਵੇ। ਗੁਰਬਾਣੀ ਦੀ ਪੰਡਤਾਊ ਤੇ ਡੇਰੇਵਾਦੀ ਵਿਆਖਿਆ 'ਤੇ ਪਾਬੰਦੀ ਲਗਾਈ ਜਾਵੇ ਜੋ ਕਿ ਸਿੱਖ ਕੌਮ ਦੀ ਵੱਖਰੀ ਹੋਂਦ ਲਈ ਖਤਰਨਾਕ ਸਾਬਤ ਹੋ ਰਹੀ ਅਤੇ ਸਿੱਖਾਂ ਨੂੰ ਆਪਣੇ ਗੁਰੂ ਨਾਲੋਂ ਤੋੜ ਰਹੀ ਹੈ। ਉਦਾਸੀ, ਨਿਰਮਲੇ, ਨਾਮਧਾਰੀ, ਨਿੰਰਕਾਰੀ, ਆਸ਼ੂਤੋਸ਼ੀਏ, ਰਾਧਾ ਸਵਾਮੀਏ, ਰਾਗੀ, ਗ੍ਰੰਥੀ ਆਦਿ ਹੋਰ ਸੰਪਰਦਾਵਾਂ ਡੇਰੇ ਵਾਲੇ ਅੱਜ ਵੀ ਆਪੋ ਆਪਣੇ ਨਜ਼ਰੀਏ ਤੋਂ ਗੁਰਬਾਣੀ ਦੀ ਵਿਆਖਿਆ ਕਰਦੇ ਦੇਖੇ/ਸੁਣੇ ਜਾ ਸਕਦੇ ਹਨ। ਗੁਰਬਾਣੀ ਵਿਆਖਿਆ ਵਿਚ ਮੂਲ ਮਿਸ਼ਨ ਦੇ ਦ੍ਰਿਸ਼ਟੀਕੋਣ ਤੋਂ ਵੀ ਇਕਸਾਰਤਾ ਦੀ ਵੱਡੀ ਘਾਟ ਹੈ। ਸਿੰਘ ਸਭਾ ਲਹਿਰ, ਸਿੱਖ

ਮਿਸ਼ਨਰੀ ਕਾਲਜ ਦੇ ਵਿਆਖਿਆਕਾਰਾਂ ਨੇ ਗੁਰਬਾਣੀ ਨੂੰ ਬ੍ਰਾਹਮਣਵਾਦੀ ਵਿਆਖਿਆ 'ਚ ਬਾਹਰ ਕੱਢਣ ਦਾ ਯਤਨ ਜ਼ਰੂਰ ਕੀਤਾ ਹੈ, ਪਰ ਇਨ੍ਹਾਂ ਯਤਨਾਂ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਇਸ ਵਿਚ ਇਸ ਪੁਸਤਕ ਰਾਹੀਂ ਦਾਸ ਵਲੋਂ ਆਪਣਾ ਹਿੱਸਾ ਪਾਉਣ ਦਾ ਨਿਮਾਣਾ ਜਿਹਾ ਯਤਨ ਹੈ। ਗੁਰਬਾਣੀ ਦੀ ਸਿਧਾਂਤਕ ਸਮਝ ਅਜੋਕੇ ਸਮੇਂ ਦੀ ਅਹਿਮ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਮਨੁੱਖਤਾ ਦੇ ਸਭਿਆਚਾਰਕ ਇਤਿਹਾਸ ਵਿਚ ਇਕ ਇਨਕਲਾਬ ਹੈ। ਇਸ ਪਾਵਨ ਗ੍ਰੰਥ ਵਿਚ ਧਰਮ, ਕੌਮ, ਨਸਲ ਦੇ ਭਿੰਨ ਭੇਦ ਤੋਂ ਉਤਾਂਹ ਉਠ ਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸੰਤਾਂ-ਗੁਰੂਆਂ ਦੀ ਬਾਣੀ ਸ਼ਾਮਲ ਹੈ, ਜਿਨ੍ਹਾਂ ਨੇ ਉਸ ਸਮੇਂ ਸਮਾਜ ਵਿਚ ਇਨਕਲਾਬ ਲਿਆਉਣ ਦਾ ਉਪਰਾਲਾ ਕੀਤਾ ਅਤੇ ਬਿਪਰਨਵਾਦ ਵਿਰੁੱਧ ਧਰਮ ਯੁੱਧ ਐਲਾਨ ਕਰਕੇ ਮਨੁੱਖਤਾ ਦਾ ਝੰਡਾ ਬੁਲੰਦ ਕੀਤਾ। ਦੁਨੀਆਂ ਦੇ ਸਾਰੇ ਧਰਮ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੋ ਅਜਿਹਾ ਧਾਰਮਿਕ ਗ੍ਰੰਥ ਹੈ, ਜਿਸ ਦੀ ਸੰਪਾਦਨਾ ਸੰਬੰਧਿਤ ਧਰਮ ਦੇ ਸੰਸਥਾਪਕਾਂ ਵਲੋਂ ਖੁਦ ਕੀਤੀ। ਬਾਕੀ ਸਾਰੇ ਧਰਮਾਂ ਦੇ ਗ੍ਰੰਥ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਬਾਅਦ ਵਿਚ ਰਚੇ ਗਏ, ਜਿਵੇਂ ਯਹੂਦੀਆਂ ਦਾ ਓਲਡ ਟੈਸਟਾਮੈਂਟ, ਈਸਾਈਆਂ ਦਾ ਨਿਊ ਟੈਸਟਾਮੈਂਟ, ਮੁਸਲਮਾਨਾਂ ਦਾ ਅਲ ਕੁਰਾਨ, ਹਿੰਦੂ ਮਤ ਦੇ ਚਾਰੇ ਵੇਦ, ਛੇ ਸ਼ਾਸ਼ਤਰ, ਅਠਾਰਾਂ ਪੁਰਾਣ ਸਭ ਦੇ ਮੂਲ ਰੂਪ ਨਹੀਂ ਹਨ, ਸਗੋਂ ਇਲਹਾਮਾਂ, ਸੁਰਤੀਆਂ, ਸਿਮਰਤੀਆਂ ਤੱਥਾਂ ਦੇ ਆਧਾਰ 'ਤੇ ਰਚੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ ਇਕ ਅਜਿਹਾ ਗ੍ਰੰਥ ਹੈ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਹੇਠ ਸੰਪਾਦਿਤ ਕੀਤਾ ਅਤੇ ਪ੍ਰਮਾਣਿਕ ਹੋਣ ਦੀ ਮੋਹਰ ਲਗਾਈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ 1708 ਈਸਵੀ ਵਿਚ ਇਸ ਮਹਾਨ ਗ੍ਰੰਥ ਨੂੰ ਗੁਰੂ-ਪਦਵੀ ਪ੍ਰਦਾਨ ਕੀਤੀ ਗਈ। ਲੋੜ ਇਸ ਗੱਲ ਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ 'ਤੇ ਚੱਲਦਿਆਂ ਸਮੁੱਚੀ ਮਨੁੱਖਤਾ, ਦਬੇ ਕੁਚਲੇ ਵਰਗ ਨੂੰ ਕਲਾਵੇ ਵਿਚ ਲਿਆ ਜਾਵੇ।

ਇਹ ਤਾਂ ਹੀ ਸੰਭਵ ਹੈ ਕਿ ਜੇਕਰ ਅਸੀਂ ਮਨੁੱਖੀ ਅਧਿਕਾਰਾਂ ਦੇ ਹਿੱਤ 'ਚ ਅਵਾਜ਼ ਬੁਲੰਦ ਕਰੀਏ, ਸਮਾਜ ਨੂੰ ਜਾਤ-ਪਾਤ, ਰੰਗ ਭੇਦ ਵਿਚੋਂ ਕੱਢੀਏ ਅਤੇ ਸੇਵਾ ਰਾਹੀਂ ਸਭ ਦੁਨੀਆਂ ਦੇ ਮਨਾਂ ਨੂੰ ਜਿੱਤੀਏ। ਜੇਕਰ ਅਸੀਂ ਅਜਿਹਾ ਕਰਨ ਦੇ ਸਮਰੱਥ ਹੋ ਗਏ ਤਾਂ ਦਸਮ ਪਾਤਸ਼ਾਹ ਦੇ ਲਏ ਇਹ ਸੁਪਨੇ 'ਦਿੱਲੀ ਤਖਤ ਪਰ ਬਹੇਗੀ ਆਪ ਗੁਰੂ ਕੀ ਫੌਜ, ਛੱਤਰ ਝੁਲੇਂਗੇ ਸੀਸ ਪਰ ਬੜੀ ਕਰੇਗੀ ਮੌਜ' ਹਕੀਕਤ 'ਚ ਬਦਲਣਗੇ, ਕਿਉਂਕਿ ਸਾਡਾ ਵਿਰੋਧ ਕਰਨ ਵਾਲਾ ਕੋਈ ਨਹੀਂ ਹੋਵੇਗਾ ਅਤੇ ਨਫਰਤ ਫੈਲਾਉਣ ਵਾਲੇ ਮਨੁੱਖਤਾ ਵਿਰੋਧੀ ਭੱਜ ਖਲੋਣਗੇ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਧਰਮ ਯੁੱਧ ਵਿਚ ਇਕ ਪਾਸੇ ਗੁਰਮਤਿ ਇਨਕਲਾਬ ਹੈ ਅਤੇ ਦੂਸਰੇ ਪਾਸੇ ਮਨੂੰਵਾਦੀ ਵਿਚਾਰਧਾਰਾ, ਜਿਸ ਨੂੰ ਸੰਸਾਰੀਕਰਨ ਦਾ ਸਮਰਥਨ ਹਾਸਲ ਹੈ। ਗੁਰਮਤਿ ਇਨਕਲਾਬ ਬ੍ਰਹਿਮੰਡੀ ਚੇਤਨਾ ਲਈ, ਸਭ ਮਨੁੱਖਤਾ ਲਈ ਹੈ, ਦਬੇ ਕੁਚਲੇ ਵਰਗ, ਕਿਰਤੀ ਸ਼੍ਰੇਣੀ ਨੂੰ ਉਪਰ ਉਠਾਉਣ ਲਈ ਹੈ, ਜਦ ਕਿ ਮਨੂੰਵਾਦੀ ਵਿਚਾਰਧਾਰਾ ਬ੍ਰਾਹਮਣਵਾਦੀ ਤੇ ਮਾਇਆਧਾਰੀਆਂ ਦੇ ਹਿੱਤ 'ਚ ਭੁਗਤਦੀ ਹੈ। ਸਾਨੂੰ ਯਕੀਨ ਹੈ ਕਿ ਜਿੱਤ ਗੁਰਮਤਿ ਇਨਕਲਾਬ ਦੀ ਹੋਵੇਗੀ, ਕਿਉਂਕਿ ਇਹ ਗੁਰੂ ਵਲੋਂ ਦਰਸਾਇਆ ਇਨਕਲਾਬ ਹੈ। ਪਰ ਸ਼ਰਤ ਇਹ ਹੈ ਕਿ ਅਸੀਂ ਤਨੋਂ, ਮਨੋਂ, ਇਸ ਇਨਕਲਾਬ



ਨੂੰ ਅਪਨਾਈਏ, ਸਭ ਨੂੰ ਸ਼ਬਦ ਗੁਰੂ ਨਾਲ ਜੋੜੀਏ ਅਤੇ ਦੁਨੀਆਂ ਦੇ ਲੋਕਾਂ ਲਈ ਮਾਡਲ ਬਣੀਏ।

ਸਾਨੂੰ ਆਰ.ਐਸ.ਐਸ. ਦੇ ਸਿੱਖ ਵਿਰੋਧੀ ਪ੍ਰਚਾਰ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ। ਗੁਰਬਾਣੀ ਦੀ ਵਿਆਖਿਆ ਗੁਰੂ ਸੋਚ ਅਨੁਸਾਰ ਕਰਕੇ ਅਤੇ ਗੁਰਮਤਿ ਦੇ ਮੂਲ ਉਦੇਸ਼ਾਂ ਨੂੰ ਅਮਲੀ ਜਾਮਾ ਪਹਿਨਾ ਕੇ ਇਨ੍ਹਾਂ ਨੂੰ ਗੋਡੇ ਭਾਰ ਕੀਤਾ ਜਾ ਸਕਦਾ ਹੈ। ਵਰਨਾ ਖੁਆਰੀ ਦਾ ਸਿਲਸਿਲਾ ਹੋਰ ਲੰਬਾ ਹੁੰਦਾ ਚਲੇ ਜਾਣਾ ਹੈ। ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਮੂਲ ਦੀ ਪਛਾਣ (ਸਵੈ-ਪੜਚੋਲ) ਇਕ ਸੰਜੀਦਾ ਸ਼ੁਰੂਆਤ ਹੋਵੇਗੀ। ਗੁਰਮਤਿ ਇਨਕਲਾਬ ਦੇ ਮੂਲ ਮੁਦਿਆਂ ਨੂੰ ਉਭਾਰ ਕੇ ਹੀ ਗੁਰੂਆਂ ਦੀ ਵਿਚਾਰਧਾਰਕ ਲਹਿਰ ਦੀ ਉਸਾਰੀ ਸੰਭਵ ਹੋ ਸਕਦੀ ਹੈ। ਗੁਰਮਤਿ ਇਨਕਲਾਬ ਹੀ ਅਜੋਕੀਆਂ ਸਮੱਸਿਆਵਾਂ, ਦੁਨੀਆਂ 'ਚ ਸ਼ਾਂਤੀ, ਆਤਮਿਕ ਅਨੰਦ ਅਤੇ ਸਰਬੱਤ ਅਜ਼ਾਦੀ ਦਾ ਹੱਲ ਹੈ।

ਗੁਰੂ ਪੰਥ ਦੇ ਵਾਰਸਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਆਪਣੇ ਸਵੈ-ਮਾਣ ਨੂੰ ਰੂਹਾਨੀ ਸੱਚ ਦੇ ਵਿਸਮਾਦੀ ਰੰਗ ਵਿਚ ਰੰਗ ਕੇ ਗੁਰੂ ਦੀ ਪਹਿਲ ਤਾਜ਼ਗੀ ਨਾਲ ਜੁੜਨ ਦਾ ਸ਼ਰ੍ਹੇਆਮ ਐਲਾਨ ਕਰਨ। ਗੁਰਮਤਿ ਇਨਕਲਾਬ 'ਤੇ ਪਹਿਰਾ ਦੇ ਕੇ ਹੀ ਸਿੱਖ ਕੌਮ ਮਨੁੱਖੀ ਇਤਿਹਾਸ ਅਤੇ ਸੰਸਾਰੀਕਰਨ ਦੇ ਯੁੱਗ ਵਿਚ ਨਫਰਤ, ਅਡੰਬਰ, ਕਰਮਕਾਂਡ, ਜ਼ੁਲਮ ਅਤੇ ਕੂੜ ਦੀ ਪਾਲ ਤੋੜ ਕੇ ਹੀ ਸਾਰੀ ਮਨੁੱਖਤਾ ਨੂੰ ਅਮਨ, ਸ਼ਾਂਤੀ, ਸੱਚ, ਅਜ਼ਾਦੀ ਦਾ ਮਾਰਗ ਦਿਖਾਇਆ ਜਾ ਸਕੇਗਾ। ਇਹ ਸਾਡਾ ਅਤੁੱਟ ਵਿਸ਼ਵਾਸ ਹੈ।

ਮੇਰੀ ਇਹ ਪੁਸਤਕ ਗੁਰਮਤਿ ਇਨਕਲਾਬ ਮੇਰੇ ਲੰਮੇ ਸਮੇਂ ਦੇ ਜੀਵਨ ਸੰਘਰਸ਼, ਜੀਵਨ ਸਾਧਨਾ, ਗੁਰਬਾਣੀ ਦੇ ਅਧਿਐਨ ਦਾ ਨਤੀਜਾ ਹੈ। ਮੈਂ ਸਮਝਦਾ ਹਾਂ ਕਿ ਗੁਰਬਾਣੀ ਸਮੁੰਦਰ ਹੈ ਤੇ ਹਾਲੇ ਵੀ ਇਸ ਵਿਚੋਂ ਹੋਰ ਬਹੁਤ ਸਾਰੇ ਹੀਰੇ, ਮੋਤੀ, ਜਵਾਹਰਾਤ ਖੋਜਣੇ ਪੈਣਗੇ, ਲੰਮੀ ਸਾਧਨਾ ਹੋਰ ਕਰਨੀ ਪਵੇਗੀ। ਅਜੇ ਵੀ ਮੈਨੂੰ ਜਾਪਦਾ ਹੈ ਕਿ ਇਸ ਖੋਜ ਨੂੰ ਹੋਰ ਅੱਗੇ ਵਧਾਉਣ ਦੀ ਜ਼ਰੂਰਤ ਹੈ। ਜਿਨ੍ਹਾਂ ਗੁਰਮਤਿ ਵਿਸ਼ਿਆਂ ਨੂੰ ਛੂਹਿਆ ਨਹੀਂ ਗਿਆ, ਉਸ 'ਤੇ ਵੀ ਲਿਖਣ ਦੀ ਜ਼ਰੂਰਤ ਹੈ। ਇਸ ਸੰਬੰਧੀ ਮੈਨੂੰ ਸੰਗਤਾਂ ਦੇ ਸੁਝਾਅ ਦਾ ਇੰਤਜ਼ਾਰ ਰਹੇਗਾ ਤਾਂ ਜੋ ਅਗਲੇ ਐਡੀਸ਼ਨ ਵਿਚ ਇਸ ਪੁਸਤਕ ਨੂੰ ਹੋਰ ਵਧਾਇਆ ਜਾ ਸਕੇ।

ਮੈਂ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ, ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਪੰਜਾਬ ਟਾਈਮਜ਼ ਇੰਟਰਨੈਸ਼ਨਲ ਯੂ.ਕੇ., ਸ. ਗੁਰਤੇਜ ਸਿੰਘ ਆਈਏਐਸ, ਜਸਟਿਸ ਅਜੀਤ ਸਿੰਘ ਬੈਂਸ ਚੇਅਰਮੈਨ ਮਨੁੱਖੀ ਅਧਿਕਾਰ ਸੰਗਠਨ, ਸ. ਅਵਤਾਰ ਸਿੰਘ ਕਰੀਮਪੁਰੀ ਬਸਪਾ ਪ੍ਰਧਾਨ ਪੰਜਾਬ, ਜਥੇਦਾਰ ਕੁਲਦੀਪ ਸਿੰਘ ਵਡਾਲਾ ਬਾਦਲ ਅਕਾਲੀ ਦਲ, ਜਥੇਦਾਰ ਸੁਖਦੇਵ ਸਿੰਘ ਭੌਰ ਮੈਂਬਰ ਸ਼੍ਰੋਮਣੀ ਕਮੇਟੀ, ਸ. ਇਕਬਾਲ ਸਿੰਘ ਸਾਬਕਾ ਡੀਆਈਜੀ ਤੇ ਚਿੰਤਕ ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ ਦਾ ਧੰਨਵਾਦੀ ਹਾਂ, ਜਿਨ੍ਹਾਂ ਨਾਲ ਗੁਰਮਤਿ ਚੇਤਨਾ ਬਾਰੇ ਸਮੇਂ-ਸਮੇਂ ਵਿਚਾਰ ਵਟਾਂਦਰਾ ਹੁੰਦਾ ਰਿਹਾ ਅਤੇ ਇਸ ਗੁਰਮਤਿ ਸੰਵਾਦ ਦੀ ਚਿਣਗ ਸਦਕਾ ਪੁਸਤਕ ਹੋਂਦ ਵਿਚ ਆਈ।

ਇਸ ਪੁਸਤਕ ਨੂੰ ਸ਼ੁਰੂਆਤ ਕਰਵਾਉਣ ਲਈ ਪੰਥਕ ਸੰਸਥਾ ਬ੍ਰਿਟਿਸ਼ ਸਿੱਖ ਕੌਂਸਲ ਦਾ ਅੰਤਾਂ ਦਾ ਧੰਨਵਾਦੀ ਹਾਂ।

ਧੰਨਵਾਦੀ ਹਾਂ ਆਪਣੇ ਦੋਸਤਾਂ ਪਵਨ ਕੁਮਾਰ ਟੀਨੂੰ ਐਮਐਲਏ ਪੰਜਾਬ, ਪਾਲ ਸਿੰਘ

ਨੌਲੀ 'ਦੇਸ ਸੇਵਕ', ਐਸ.ਐਸ. ਬਾਵਾ ਪੱਤਰਕਾਰ, ਆਈ. ਪੀ. ਸਿੰਘ ਇੰਡੀਅਨ ਐਕਸਪ੍ਰੈੱਸ, ਪ੍ਰੋ. ਗੁਰਨਾਮ ਸਿੰਘ ਮੁਕਤਸਰ, ਪ੍ਰੋ. ਸਤਵਿੰਦਰ ਸਿੰਘ ਢਿੱਲੋਂ, ਡਾ. ਜਸਪਾਲ ਸਿੰਘ ਨਕੋਦਰ, ਅਤੇ ਸ. ਰਜਿੰਦਰ ਸਿੰਘ ਮੁਖੀ ਸ਼੍ਰੋਮਣੀ ਖਾਲਸਾ ਪੰਚਾਇਤ ਜੋ ਕਿ ਮੈਨੂੰ ਇਸ ਪੁਸਤਕ ਨੂੰ ਲਿਖਣ ਲਈ ਸਮੇਂ-ਸਮੇਂ ਸਿਰ ਸੁਝਾਅ ਦੇਂਦੇ ਰਹੇ।

*— ਬਲਵਿੰਦਰ ਪਾਲ ਸਿੰਘ (ਪ੍ਰੋ.)*



# ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਮਹੱਤਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧਰਮ ਸਾਧਨਾ ਦਾ ਇਕ ਮਹਾਨ ਗ੍ਰੰਥ ਹੈ, ਜਿਸ ਵਿਚ ਪਤਨ ਗ੍ਰਸਿਤ ਮਨੁੱਖ ਨੂੰ ਨਰੋਈ ਚੇਤਨਾ, ਸਰਬੱਤ ਦੇ ਭਲੇ ਦੀ ਦ੍ਰਿਸ਼ਟੀ ਅਤੇ ਕਲਿਆਣਕਾਰੀ ਸੇਧ ਦਿੱਤੀ ਗਈ ਹੈ। ਸਿੱਖ ਧਰਮ ਦੀ ਇਹੀ ਤਾਂ ਵਿਸ਼ੇਸ਼ਤਾ ਹੈ ਕਿ ਇਸ ਅੰਦਰ ਨਾ ਕਦੇ ਦੇਹਧਾਰੀ ਗੁਰੂ ਹੋਇਆ ਹੈ ਤੇ ਨਾ ਹੀ ਹੋਵੇਗਾ, ਕਿਉਂਕਿ ਦਸਾਂ ਗੁਰੂ ਸਾਹਿਬਾਨਾਂ ਅੰਦਰ ਜੋ ਸ਼ਬਦ ਇਲਾਹੀ ਬਾਣੀ ਦੀ ਜਾਗਦੀ ਜੋਤ ਪ੍ਰਕਾਸ਼ਮਾਨ ਸੀ, ਉਹ ਹੀ ਜੋਤ ਇਨ ਬਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਸ ਗਈ। ਇਸ ਕਾਰਣ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਨ੍ਹਾਂ ਦਾ ਆਤਮਿਕ ਸਰੂਪ ਕਿਹਾ ਜਾਂਦਾ ਹੈ।

ਅੱਜ ਸਿੱਖ ਕੌਮ ਨੇ ਜੋ ਸਿਖਿਆ ਗ੍ਰਹਿਣ ਕਰਨੀ ਹੁੰਦੀ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪ੍ਰਾਪਤ ਕਰਨੀ ਹੈ, ਕਿਉਂਕਿ ਦੇਹਧਾਰੀ ਗੁਰੂ ਕਿਸੇ ਵੇਲੇ ਵੀ ਗਲਤ ਮਾਰਗ 'ਤੇ ਚੱਲ ਸਕਦਾ ਹੈ ਤੇ ਆਪਣੀ ਸ਼ਰਨ ਵਿਚ ਆਏ ਮਨੁੱਖ ਨੂੰ ਵੀ ਭਟਕਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸਲ ਵਿਚ ਰੱਬੀ ਬਾਣੀ ਜਾਂ ਸਿੱਖਿਆ ਦਾ ਅਥਾਹ ਸਮੁੰਦਰ ਹਨ, ਜਿਸ ਵਿਚ ਥਾਂ-ਥਾਂ 'ਤੇ ਸ਼ੁਭ ਗੁਣਾਂ ਤੇ ਨੈਤਿਕ ਕੀਮਤਾਂ ਦੇ ਹੀਰੇ ਜਵਾਹਰਾਤ ਅਤੇ ਮੋਤੀ ਸਮਾਏ ਹੋਏ ਹਨ। ਹਰੇਕ ਸਿੱਖ ਨੂੰ ਇਸ ਅਥਾਹ ਸਮੁੰਦਰ ਦੀ ਸ਼ਰਨ ਲੈਣੀ ਜ਼ਰੂਰੀ ਹੈ। ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਨੂੰ ਗੁਰੂ ਦਾ ਦਰਜ਼ਾ ਦੇਂਦੇ ਹੋਏ ਆਖਦੇ ਹਨ ;

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੯੮੨)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਬਾਣੀ ਲਿਖੀ ਜਾਂ ਲਿਖਵਾਈ ਅਤੇ ਗੁਰਗੱਦੀ ਦੇ ਨਾਲ ਹੀ ਆਪਣੀ ਲਿਖੀ ਬਾਣੀ ਸਿੱਖਾਂ ਦੇ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ। ਇਸ ਦਾ ਸਬੂਤ ਪਹਿਲੇ ਅਤੇ ਦੂਜੇ ਸਤਿਗੁਰੂਆਂ ਦੀ ਰਲਦੀ ਮਿਲਦੀ ਬਾਣੀ ਅਤੇ ਤੁਕਾਂ ਤੇ ਸ਼ਬਦਾਵਲੀ ਦੇ ਮੇਲ ਤੋਂ ਮਿਲ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਜਿਨ੍ਹਾਂ ਗੁਰੂ ਸਾਹਿਬਾਨਾਂ ਦੀ ਬਾਣੀ ਮੌਜੂਦ ਹੈ, ਉਨ੍ਹਾਂ ਨੇ ਵੀ (ਗੁਰੂ) 'ਨਾਨਕ' ਨਾਮ ਦੀ ਵਰਤੋਂ ਕੀਤੀ ਹੈ। ਇਹ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਜੋਤ ਤੇ ਜੁਗਤੀ ਕਰਕੇ ਇਕਮਿਕ ਤੇ ਸ਼ਬਦ ਦਾ ਹੀ ਸਰੂਪ ਹਨ। ਜਿਵੇਂ ;

*ਇਕਾ ਬਾਣੀ ਇਕੁ ਗੁਰੁ*

*ਇਕੋ ਸਬਦੁ ਵੀਚਾਰਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੬੪੬)

ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪੋਥੀ ਦੇ ਰੂਪ ਵਿਚ ਸਾਂਭਣ ਤੇ ਪਾਸ ਰੱਖਣ ਦੀ ਦਲੀਲ ਭਾਈ ਗੁਰਦਾਸ ਜੀ ਇਉਂ ਦੇਂਦੇ ਹਨ ;

*ਕਾਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥*

ਇਸ ਫੁਰਮਾਨ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਜਦੋਂ ਮੱਕੇ ਗਏ ਸਨ ਤਾਂ ਉਹ ਆਪਣੇ ਨਾਲ ਆਪਣੀ ਲਿਖੀ ਬਾਣੀ ਵਾਲੀ ਪੋਥੀ ਵੀ ਨਾਲ ਲੈ ਕੇ ਗਏ ਸਨ।

ਜਿਥੋਂ ਤੱਕ ਭਗਤ ਸਾਹਿਬਾਨਾਂ ਦੀ ਬਾਣੀ ਨੂੰ ਇਕੱਠਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਨ ਦਾ ਸੁਆਲ ਹੈ, ਉਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਸੱਚੇ ਸੌਦੇ ਦੌਰਾਨ ਇਕੱਤਰ ਕੀਤੀ ਸੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਪਿਤਾ ਮਹਿਤਾ ਕਾਲੂ ਕੋਲੋਂ 20 ਰੁਪਏ ਲੈ ਕੇ ਸੱਚਾ ਸੌਦਾ ਇਹ ਨਹੀਂ ਸੀ ਕੀਤਾ ਕਿ ਵਿਹਲੜ ਸਾਧਾਂ ਨੂੰ ਭੋਜਨ ਛਕਾ ਦਿੱਤਾ ਜਾਵੇ। ਇਹ ਸੱਚਾ ਸੌਦਾ ਚੰਗੇ ਵਿਚਾਰਾਂ ਦਾ ਸੌਦਾ ਸੀ, ਬ੍ਰਾਹਮਣਵਾਦੀ ਕਰਮਕਾਂਡਾਂ ਅਤੇ ਜ਼ੁਲਮਾਂ ਵਿਚ ਫਸੇ ਸਮਾਜ ਨੂੰ ਅਜ਼ਾਦ ਕਰਾਉਣ ਦਾ ਸੌਦਾ ਸੀ।

ਇਸ ਸੌਦੇ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਬ੍ਰਾਹਮਣਵਾਦ ਦੇ ਸਤਾਏ ਮਹਾਂਪੁਰਖ ਸੰਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਧੰਨਾ ਜੀ, ਭਗਤ ਸੈਨ ਜੀ ਮਿਲੇ ਸਨ। ਇਹ ਸੱਚਾ ਸੌਦਾ ਅਰਥਾਤ ਵਿਚਾਰਾਂ ਦੇ ਸੌਦੇ ਦੀ ਲਹਿਰ ਸੀ, ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਧਾਰਨ ਕਰਕੇ ਸਮਾਜ ਵਿਚ ਇਨਕਲਾਬ ਪੈਦਾ ਕੀਤਾ, ਬਿਪਰਨਵਾਦੀ ਕਰਮਕਾਂਡਾਂ ਨੂੰ ਚੈਲਿੰਜ ਕੀਤਾ ਅਤੇ ਸੱਚ ਤੇ ਮਨੁੱਖੀ ਅਧਿਕਾਰਾਂ ਦੀ ਲਹਿਰ ਉਸਾਰੀ ਜੋ ਕਿ ਸਿੱਖ ਕੌਮ ਦੇ ਰੂਪ ਵਿਚ ਹੁਣ ਤੱਕ ਜਾਰੀ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਸੰਤਾਂ, ਗੁਰੂਆਂ ਦੀ ਵਿਚਾਰਧਾਰਾ ਨੂੰ ਪਿੱਠ ਦੇ ਰਹੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਆਪਣੀ ਬਾਣੀ ਪੋਥੀ ਦੇ ਰੂਪ ਵਿਚ ਸੰਭਾਲੀ, ਸਗੋਂ ਉਦਾਸੀਆਂ ਸਮੇਂ ਸੱਚੇ ਮਹਾਂਪੁਰਖਾਂ ਦੀ ਉਹ ਬਾਣੀ ਵੀ ਇਕੱਤਰ ਕੀਤੀ ਜੋ ਉਨ੍ਹਾਂ ਦੇ ਵਿਚਾਰਾਂ ਨਾਲ ਮੇਲ ਖਾਂਦੀ ਸੀ।

ਇਹ ਗੁਰਬਾਣੀ ਦੀ ਦਾਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਭਾਲੀ। ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਨੂੰ ਪੋਥੀਆਂ ਦੇ ਰੂਪ ਵਿਚ ਲਿਖਵਾਇਆ, ਪੋਥੀਆਂ ਵਿਚ ਭਗਤਾਂ ਦੀ ਸਾਰੀ ਬਾਣੀ ਮੌਜੂਦ ਨਹੀਂ ਸੀ, ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਮੁੱਚੀ ਬਾਣੀ ਆਪਣੇ ਵਸੀਲਿਆਂ ਰਾਹੀਂ ਇਕੱਤਰ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਉਨ੍ਹਾਂ ਦੀ ਵੱਡ ਅਕਾਰੀ ਬਾਣੀ 2218 ਸ਼ਬਦ ਦੇ ਨਾਲ ਪਹਿਲੇ ਦੋਹਾਂ ਸਤਿਗੁਰਾਂ ਦੀ ਆਪਣੀ ਬਾਣੀ ਵੀ ਸੀ, ਜੋ ਵੱਖ-ਵੱਖ ਮਹਲਿਆਂ ਦੇ ਸਿਰਲੇਖ ਹੇਠ ਅੰਕਿਤ ਹੋਈ।



## ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੀ ਲੋੜ ਕਿਉਂ ਪਈ

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਮਨੁੱਖਤਾ ਨੂੰ ਅਜਿਹੀ ਦੇਣ ਹੈ, ਜਿਸ 'ਤੇ ਜਿੰਨਾ ਵੀ ਨਾਜ਼ ਕੀਤਾ ਜਾਵੇ ਥੋੜ੍ਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਣਥੱਕ ਮਿਹਨਤ ਅਤੇ ਕਠਿਨ ਸਾਧਨਾਂ ਦਾ ਸਿੱਟਾ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਇਸ ਪਾਵਨ ਕਾਰਜ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਇਕਾਂਤ ਥਾਂ (ਜਿਥੇ ਰਾਮਸਰ ਹੈ) ਵਿਖੇ 1601 ਈਸਵੀ ਵਿਚ ਆਰੰਭ ਕਰਕੇ 1604 ਈਸਵੀ ਵਿਚ ਸੰਪੂਰਨ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਕਰਨ ਦੇ ਦੋ ਮਨੋਰਥ ਸਨ। ਪਹਿਲਾ ਗੁਰੂਆਂ, ਭਗਤਾਂ ਆਦਿ ਦੀਆਂ ਰਚਨਾਵਾਂ ਨੂੰ ਇਕ ਥਾਂ ਇਕੱਤਰ ਕਰਕੇ ਸੰਭਾਲਣਾ ਸੀ, ਕਿਉਂਕਿ ਗੁਰੂ ਘਰ ਦੇ ਵਿਰੋਧੀਆਂ ਅਤੇ ਬਿਪਰਨ ਸੋਚ ਦੇ ਧਾਰਨੀਆਂ ਦੇ ਇਸ਼ਾਰੇ 'ਤੇ ਮੇਹਰਬਾਨ (ਪ੍ਰਿਥੀਚੰਦ ਦਾ ਪੁੱਤਰ) ਨੇ ਕਈ ਸਲੋਕ ਆਪਣੇ ਬਣਾ ਕੇ ਨਾਨਕ ਨਾਮ ਨਾਲ ਲਿਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਗੁਰਬਾਣੀ ਵਿਚ ਮਿਲਾਵਟ ਸ਼ੁਰੂ ਕਰ ਦਿੱਤੀ ਸੀ। ਇਕ ਪੁਰਾਤਨ ਇਤਿਹਾਸਕਾਰ ਕੇਸਰ ਸਿੰਘ ਛਿਬਰ ਬਾਣੀ ਸੰਕਲਨ ਦੀ ਲੋੜ ਬਾਰੇ ਜ਼ਿਕਰ ਕਰਦਾ ਹੋਇਆ ਆਖਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ ਪ੍ਰਿਥੀਚੰਦ ਗੁਰਗੱਦੀ ਪ੍ਰਾਪਤ ਕਰਨ ਦੀ ਬੜੀ ਇੱਛਾ ਰੱਖਦੇ ਸਨ, ਪਰ ਉਸ ਵਿਚ ਕੁਝ ਖਾਮੀਆਂ ਅਤੇ ਔਗੁਣ ਹੋਣ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀਚੰਦ ਦੀ ਥਾਂ ਛੋਟੇ ਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਦੇ ਦਿੱਤੀ। ਪ੍ਰਿਥੀਚੰਦ ਈਰਖਾ ਕਰਨ ਲੱਗ ਪਿਆ। ਇਸ ਜਜ਼ਬੇ ਅਧੀਨ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਨੇਕਾਂ ਕਸ਼ਟ ਪਹੁੰਚਾਏ ਅਤੇ ਯੋਗ-ਅਯੋਗ ਢੰਗ ਨਾਲ ਆਪ ਗੁਰੂ ਬਣਨ ਦੀ ਕੋਸ਼ਿਸ਼ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ, ਪ੍ਰਿਥੀਚੰਦ ਦੇ ਅਯੋਗ ਆਚਰਨ ਨੂੰ ਵੇਖ ਕੇ ਸਹਿਣ ਤਾਂ ਕਰਦੇ ਰਹਿੰਦੇ ਸਨ, ਪਰ ਨੀਚਤਾ ਦੇ ਕੰਮਾਂ ਕਰਕੇ ਉਨ੍ਹਾਂ ਨੂੰ ਮੀਣਾ ਕਹਿੰਦੇ ਸਨ। ਬੀਕਾਨੇਰ ਅਤੇ ਬਾਂਗਰ ਦੀ ਇਕ 'ਜ਼ੁਰਮ ਪੇਸ਼ਾ' ਜਾਤ ਦੇ ਲੋਕ ਮੀਣਾ ਕਹਾਉਂਦੇ ਹਨ।

ਗੁਰੂ ਸਾਹਿਬ ਵਲੋਂ ਉਪਰੋਕਤ ਸ਼ਬਦ ਦੀ ਵਰਤੋਂ ਦੇ ਕਾਰਨ ਪ੍ਰਿਥੀਚੰਦ ਅਤੇ ਉਸ ਦੇ ਸਾਥੀ ਮੀਣੇ ਅਖਵਾਉਣ ਲੱਗ ਪਏ। ਪ੍ਰਿਥੀਚੰਦ ਦਾ ਪੁੱਤਰ ਮਿਹਰਵਾਨ ਕਵਿਤਾ ਲਿਖਣ ਲੱਗ ਪਿਆ। ਅਨੇਕ ਸਲੋਕਾਂ ਦੀ ਰਚਨਾ ਕਰਦਾ ਹੋਇਆ ਅੰਤ ਵਿਚ ਨਾਨਕ ਦਾ ਨਾਮ ਲਿਖ ਦਿੰਦਾ ਸੀ। ਇਸ ਤਰ੍ਹਾਂ ਉਹ ਲੋਕ ਆਪਣੀ ਬਾਣੀ ਦਾ ਪ੍ਰਕਾਸ਼ ਕਰਕੇ ਆਪ ਗੁਰਗੱਦੀ ਦੇ ਮਾਲਕ ਬਣਨਾ ਚਾਹੁੰਦੇ ਸਨ। ਉਦੋਂ ਕਿਸੇ ਨੇ ਇਕ ਦਿਨ ਗੁਰੂ ਸਾਹਿਬ ਦੇ ਸਾਹਮਣੇ ਇਕ ਸ਼ਬਦ ਦਾ ਪਾਠ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਸ ਵਿਚ ਮਿਲਾਵਟ ਜਾਪੀ। ਉਨ੍ਹਾਂ ਨੇ ਸਾਰੀ ਹਾਲਤ ਨੂੰ ਸਮਝ ਕੇ ਗੁਰੂਆਂ ਦੀ ਪ੍ਰਮਾਣੀਕ ਬਾਣੀ ਨੂੰ ਚੁਣ ਚੁਣ ਕੇ ਵੱਖ ਕਰ ਲੈਣ ਦਾ ਇਰਾਦਾ ਕਰ ਲਿਆ। ਇਸ ਲਈ ਉਨ੍ਹਾਂ ਨੇ ਭਾਈ ਗੁਰਦਾਸ ਦੀ ਸਹਾਇਤਾ ਨਾਲ ਬਾਣੀ ਨੂੰ ਸ਼ੁਧ ਕੀਤਾ, ਰਲੇ ਮਿਲੇ 'ਸ਼ਬਦਾਂ' ਦੀ ਸੋਧ ਅਤੇ ਅਪ੍ਰਮਾਣੀਕ ਸ਼ਬਦਾਂ/ਸਲੋਕਾਂ ਨੂੰ ਬਾਣੀ ਵਿਚੋਂ ਕੱਢਣ ਲੱਗ ਪਏ। ਭਾਈ ਗੁਰਦਾਸ ਜੀ ਉਨ੍ਹਾਂ ਲਈ ਲਿਖਾਰੀ ਬਣੇ। ਜਿਵੇਂ ;

*ਮੇਹਰਵਾਨ ਪੁੱਤ ਪ੍ਰਿਥੀਏ ਦਾ ਕਵੀਸਰੀ ਕਰੇ।*
*ਪਾਰਸੀ ਹਿੰਦਵੀ ਸਹਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।*
*ਤਿੰਨ ਭੀ ਬਾਣੀ ਬਹੁਤ ਬਣਾਈ।*
*ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।*
*ਡੂਮ ਲਗੇ ਸ਼ਬਦ ਮੀਣੀਆਂ ਦੇ ਗਾਵਨ।*
*ਦੂਆ ਦਰਬਾਰ ਗੁਰਿਆਈ ਦਾ ਲਗੇ ਬਣਾਵਣ।*
*ਮੀਣੀਆਂ ਭੀ ਇਕ ਪੁਸਤਕ ਗਰੰਥ ਬਨਾਇਆ।*
*ਚਹੁੰ ਪਾਤਸ਼ਾਹੀਆਂ ਦੇ ਸ਼ਬਦ ਬਾਣੀ ਵਿਚ ਲਿਖਵਾਇਆ।*
*ਏਥੇ ਸ਼ਬਦ ਕੀਰਤਨ ਕਰਨ ਵਿਚ ਰਬਾਬੀ।*
*ਡੂਮ ਉਨਾਂ ਲਏ ਰਖ।*
*ਏਥੇ ਕਿਸੇ ਸਿਖ ਸ਼ਬਦ ਮੇਹਰਬਾਨ ਦਾ ਪੜ੍ਹਿਆ।*
*ਓਹ ਸ਼ਬਦ ਅਵਾਜ਼ ਕੰਨ ਗੁਰ ਅਰਜਨ ਦੇ ਪੜ੍ਹਿਆ।*
*ਬਚਨ ਕੀਤਾ ਭਾਈ ਗੁਰਦਾਸ ਗੁਰ ਕੀ ਬਾਣੀ ਜੁਦਾ ਕਰੀਏ।*
*ਮੀਣੇ ਪਾਣ ਲਗੇ ਨੇ ਰਲਾ ਸੋ ਨਿਆਰੀ ਕਰ ਧਰੀਏ।*
*ਸੋ ਸਾਹਿਬ ਅੱਗੇ ਹੀ ਬਾਣੀ ਉਚਾਰ ਕਰਤੇ ਸੇ ਭਏ।*
*ਸੋ ਬਾਣੀ ਗੁਰਦਾਸ ਸਬ ਇਕਤ੍ਰ ਕਰ ਲਏ।*

(ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀ ਨਾਮਾ)

ਇਸ ਘਟਨਾ ਅਤੇ ਮੀਣਿਆਂ ਦੀ ਸ਼ਰਾਰਤ ਤੋਂ ਪਹਿਲਾਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਝਦਾਰ ਲਿਖਾਰੀਆਂ ਸੰਤ ਰਾਮ, ਹਰੀਆ, ਸੁਖਾ ਅਤੇ ਮਨਸਾ ਰਾਮ ਆਦਿ ਨੂੰ ਆਪਣੀ ਰਚੀ ਹੋਈ ਬਾਣੀ ਲਿਖਵਾਇਆ ਕਰਦੇ ਸਨ। ਇਸ ਦਾ ਸਬੂਤ ਵੀ ਭਾਈ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀ ਨਾਮਾ ਦੇ ਗ੍ਰੰਥ ਤੋਂ ਹੀ ਮਿਲਦਾ ਹੈ ;

*ਸਾਹਿਬ ਲਗੇ ਉਚਾਰਨ, ਰਸਨਾ ਤੇ ਸ਼ਬਦ ਬਾਣੀ।*
*ਚਾਰ ਲਿਖਾਰੀ ਤੀਰ ਆਪਣੇ ਠਹਿਰਾਏ।*
*ਲਿਖਦੇ ਜਾਣ, ਸਾਹਿਬ ਜੋ ਕੁਝ ਰਸਨੀ ਅਲਾਏ।*
*ਭਾਈ ਸੰਤ ਰਾਮ ਤੇ ਹਰੀਆ, ਸੁਖਾ ਮਨਸਾਰਾਮ।*
*ਲਿਖਦੇ ਜਾਣ, ਸਾਹਿਬ ਜੋ ਕਰਨ ਬਖਾਣ।*

ਇਸ ਲਈ ਬਾਣੀ ਸੰਕਲਨ ਕਰਨ ਸਮੇਂ ਗੁਰੂ ਜੀ ਨੇ ਆਪਣੀ ਰਚੀ ਬਾਣੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤਾ। ਹੁਣ ਦੂਜਾ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਗੁਰੂਆਂ ਦੀ ਬਾਣੀ ਨੂੰ ਸੁਰੱਖਿਅਤ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਲਾਜ਼ਮੀ ਸੀ ਤਾਂ ਇਸ ਵਿਚ ਭਗਤਾਂ ਅਤੇ ਭੱਟਾਂ ਦੀ ਬਾਣੀ ਕਿਉਂ ਸ਼ਾਮਲ ਕੀਤੀ ਗਈ ? ਜਿਥੋਂ ਤੱਕ ਭਗਤਾਂ ਅਤੇ ਭੱਟਾਂ ਦੀ ਬਾਣੀ ਦਾ ਸੰਬੰਧ ਹੈ, ਇਸ ਦਾ ਕਾਰਣ ਇਹੀ ਸਮਝ ਆਉਂਦਾ ਹੈ ਕਿ ਭਗਤ ਤੇ ਭੱਟਾਂ ਦੀ ਵਿਚਾਰਧਾਰਾ ਗੁਰੂਆਂ ਤੋਂ ਵੱਖਰੀ ਨਹੀਂ ਸੀ।



ਇਨ੍ਹਾਂ ਦੀ ਬਾਣੀ ਦਾ ਮੂਲ ਉਦੇਸ਼ ਗੁਰੂਆਂ ਵਾਂਗ ਕਰਮਕਾਂਡੀ ਤੇ ਜਾਤਪਾਤੀ ਢਾਂਚੇ ਤੋਂ ਸਮਾਜ ਨੂੰ ਨਿਜਾਤ ਦਿਵਾ ਕੇ ਸੱਚੇ ਸੁੱਚੇ ਅਤੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਕਰਨਾ ਸੀ ਤੇ ਮਨੁੱਖੀ ਅਧਿਕਾਰਾਂ 'ਤੇ ਪਹਿਰਾ ਦੇਣਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਦੂਜਾ ਮਹੱਤਵ ਭਾਰਤੀ ਸਭਿਆਚਾਰ, ਸਾਹਿਤ, ਕਲਾ, ਇਤਿਹਾਸ, ਮਿਥਿਹਾਸ ਅਤੇ ਅਧਿਆਤਮਕਤਾ ਨੂੰ ਚਿਰ ਸਥਾਈ ਰਖਦਿਆਂ ਹੋਇਆਂ ਵੱਧ ਤੋਂ ਵੱਧ ਜਨ ਸਾਧਾਰਨ ਤੱਕ ਪਹੁੰਚਾਣਾ ਸੀ ਅਤੇ ਧਰਮ, ਕਿਰਤ, ਸੱਚ ਤੋਂ ਦੂਰ ਹੋ ਚੁੱਕੀ ਮਾਨਵਤਾ ਨੂੰ ਸਹੀ ਸੇਧ ਪ੍ਰਦਾਨ ਕਰਨਾ ਸੀ।

## ਗੁਰੂ ਸਾਹਿਬ ਨੇ ਬਾਣੀ ਕਿਵੇਂ ਇਕੱਤਰ ਕੀਤੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਿਥੀਚੰਦ ਦੇ ਪਰਿਵਾਰ ਵਲੋਂ ਗੁਰੂ ਨਾਨਕ ਨਾਮ 'ਤੇ ਬਾਣੀ ਰਚਨ ਦੀਆਂ ਸਾਜ਼ਿਸ਼ਾਂ ਨੂੰ ਖਤਮ ਕਰਨ ਲਈ ਵੱਖ-ਵੱਖ ਥਾਵਾਂ 'ਤੇ ਸਿੱਖਾਂ ਨੂੰ ਸੁਨੇਹੇ ਭੇਜੇ ਕਿ ਗੁਰੂਆਂ, ਭਗਤਾਂ ਦੀ ਬਾਣੀ ਇਕੱਠੀ ਕਰਕੇ ਹਾਜ਼ਰ ਹੋਣ। ਇਸ 'ਤੇ ਜਲਾਲਪੁਰਾ, ਪਰਮਨਾ ਹਸਨ ਅਬਦਾਲ ਦਾ ਇਕ ਸਿੱਖ ਭਾਈ ਬਖਤਾ ਇਕ ਵੱਡੇ ਆਕਾਰ ਦਾ ਗ੍ਰੰਥ ਲੈ ਆਇਆ, ਜਿਸ ਵਿਚ ਨਾ ਕੇਵਲ ਪਹਿਲੇ ਚਾਰ ਗੁਰੂਆਂ ਦੀ ਬਾਣੀ ਹੀ ਦਿੱਤੀ ਗਈ ਸੀ, ਸਗੋਂ ਬਹੁਤ ਸਾਰੇ ਸੰਤਾਂ-ਭਗਤਾਂ ਦੀਆਂ ਰਚਨਾਵਾਂ ਵੀ ਸ਼ਾਮਲ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਗ੍ਰੰਥ ਵਿਚੋਂ ਬਾਣੀਆਂ ਦੀ ਪਰਖ ਕਰਕੇ ਜੋ ਢੁਕਵੀਆਂ ਪ੍ਰਤੀਤ ਹੋਈਆਂ, ਉਨ੍ਹਾਂ ਨੂੰ ਵੱਖਰਾ ਲਿਖ ਲਿਆ ਅਤੇ ਗ੍ਰੰਥ ਭਾਈ ਬਖਤਾ ਨੂੰ ਵਾਪਸ ਕਰ ਦਿੱਤਾ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ 'ਚ ਲਿਖਦੇ ਹਨ ਕਿ ਇਹ ਗ੍ਰੰਥ ਭਾਈ ਬਖਤਾ ਦੀ ਸੰਤਾਨ ਪਾਸ ਹੁਣ ਵੀ ਹੈ, ਬਹੁਤ ਭਾਰੀ ਬੀੜ ਹੈ, ਇਕ ਆਦਮੀ ਮੁਸ਼ਕਲ ਨਾਲ ਹੀ ਇਸ ਨੂੰ ਚੁੱਕ ਸਕਦਾ ਹੈ। ਮੈਂ ਇਹ ਬੀੜ ਵੇਖੀ ਹੈ, ਪ੍ਰੰਤੂ ਅੱਖਰ ਭੇਟ ਕਰਕੇ ਪੜ੍ਹ ਨਹੀਂ ਸਕਿਆ। ਇਕ ਹੋਰ ਖੋਜ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਤਿੰਨ ਗੁਰੂਆਂ ਅਤੇ ਭਗਤਾਂ ਦੀ ਬਾਣੀ ਬਾਬਾ ਮੋਹਨ ਦਾਸ ਸਪੁੱਤਰ ਸ੍ਰੀ ਗੁਰੂ ਅਮਰਦਾਸ ਜੀ ਤੀਜੀ ਪਾਤਸ਼ਾਹੀ ਤੋਂ ਪ੍ਰਾਪਤ ਕੀਤੀ।

ਇਸ ਤੱਥ ਦੀ ਹਾਮੀ ਪ੍ਰਸਿੱਧ ਇਤਿਹਾਸਕਾਰ ਐਮ.ਏ. ਮੈਕਾਲਿਫ ਨੇ ਆਪਣੀ ਪੁਸਤਕ ਸਿੱਖ ਰਿਲੀਜਨ ਭਾਗ ਤਿੰਨ, ਪੰਨਾ 55-64 ਵਿਚ ਭਰੀ ਹੈ। ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ ਤਵਾਰੀਖ ਗੁਰੂ ਖਾਲਸਾ ਵਿਚ ਇਸ ਮੱਤ ਦੀ ਪ੍ਰੋੜਤਾ ਵੀ ਕੀਤੀ ਹੈ। ਐਮ.ਏ. ਮੈਕਾਲਿਫ ਆਪਣੀ ਪੁਸਤਕ ਸਿੱਖ ਰਿਲੀਜਨ ਭਾਗ ਤਿੰਨ ਪੰਨਾ 55-64 ਵਿਚ ਲਿਖਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਸੰਤਾਂ ਮਹਾਤਮਾਵਾਂ ਦੇ ਉਸ ਵੇਲੇ ਦੇ ਮੌਜੂਦ ਚੇਲਿਆਂ ਨੂੰ ਬੁਲਾ ਭੇਜਿਆ। ਉਨ੍ਹਾਂ ਲੋਕਾਂ ਨੇ ਆਪਣੇ ਪਾਸ ਸੰਗ੍ਰਹਿ ਕੀਤੀਆਂ ਗਈਆਂ ਬਾਣੀਆਂ ਦਾ ਪਾਠ ਗੁਰੂ ਜੀ ਦੇ ਸਾਹਮਣੇ ਕੀਤਾ। ਉਦੋਂ ਉਸ ਬਾਣੀ ਵਿਚੋਂ ਗੁਰੂ ਜੀ ਨੇ ਗੁਰੂ ਪਰੰਪਰਾ ਦੇ ਦ੍ਰਿਸ਼ਟੀਕੋਣ ਨਾਲ ਸਮਾਨਤਾ ਰੱਖਣ ਵਾਲੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਨ ਦਿੱਤਾ ਅਤੇ ਹੋਰਨਾਂ ਮਹਾਤਮਾਵਾਂ ਦੀ ਬਾਣੀ ਨੂੰ ਛੱਡ ਦਿੱਤਾ। ਛੱਡੇ ਗਏ ਕਵੀਆਂ

ਤੇ ਭਗਤਾਂ ਵਿਚ ਛੱਜੂ, ਪੀਲੂ, ਕਾਨਾ, ਸ਼ਾਹ ਹੁਸੈਨ ਆਦਿ ਮਹਾਤਮਾਵਾਂ ਦੇ ਨਾਂ ਆਉਂਦੇ ਹਨ। ਬਾਣੀ ਸੰਗ੍ਰਹਿ ਕਰਨ ਸਮੇਂ ਗੁਰੂ ਜੀ ਨੇ ਕੇਵਲ ਵਿਚਾਰਧਾਰਾ ਦੀ ਸਮਾਨਤਾ ਉਤੇ ਹੀ ਜ਼ੋਰ ਦਿੱਤਾ, ਜਾਤ, ਖਾਨਦਾਨ, ਸਮੇਂ ਜਾਂ ਥਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ।

ਤਵਾਰੀਖ ਗੁਰੂ ਖਾਲਸਾ ਦਾ ਲੇਖਕ ਗਿਆਨੀ ਗਿਆਨ ਸਿੰਘ ਆਖਦਾ ਹੈ ਕਿ ਬਾਬਾ ਮੋਹਨ ਵਾਲੀਆਂ ਦੋਵੇਂ ਪੋਥੀਆਂ ਮੈਂ ਵੇਖੀਆਂ ਹਨ – ਇਕ ਅੰਮ੍ਰਿਤਸਰ ਕਟੜਾ ਮਹਾਂ ਸਿੰਘ ਵਿਚ ਇਕ ਬੁੱਢੀ ਦੇ ਕੋਲ ਹੈ (ਹੋ ਸਕਦਾ ਹੈ ਕਿ ਹੁਣ ਇਹ ਉਸ ਬੁੱਢੀ ਦੀ ਔਲਾਦ ਕੋਲ ਹੋਵੇ)। ਦੂਜੀ ਗੋਇੰਦਵਾਲ ਵਾਲੇ ਬਾਬਾ ਬੁੱਧ ਸਿੰਘ – ਚੇਤ ਸਿੰਘ ਦੇ ਕੋਲ ਹੈ। ਇਨ੍ਹਾਂ ਦੇ ਅੱਖਰ ਏਨੇ ਘਸ ਗਏ ਹਨ ਕਿ ਛੇਤੀ ਤੋਂ ਛੇਤੀ ਪੜ੍ਹੇ ਨਹੀਂ ਜਾ ਸਕਦੇ, ਮੈਂ ਕੇਵਲ ਅਭਿਆਸ ਕਰਕੇ ਹੀ ਪੜ੍ਹ ਸਕਿਆ ਸੀ। ਆਰੰਭਕ ਸ਼ਬਦ ਇਸ ਤਰ੍ਹਾਂ ਹਨ – 'ਬਾਬਾ ਨਾਨਕ ਬੇਦੀ ਪਾਤਸ਼ਾਹ ਦੀਨ ਦੁਨੀ ਦਾ ਟਿਕਾ ਸਤਿਗੁਰੂ – ਇਨ੍ਹਾਂ ਪੋਥੀਆਂ ਵਿਚ ਕਬੀਰ, ਤਿਰਲੋਚਨ, ਰਵੀਦਾਸ ਆਦਿ ਦੀ ਬਾਣੀ ਵੀ ਹੈ, ਮਹਲਿਆਂ ਦੀ ਗਿਣਤੀ ਅੱਖਰਾਂ ਅਤੇ ਅੰਕਾਂ ਵਿਚ ਦਿੱਤੀ ਗਈ ਹੈ। ਇਨ੍ਹਾਂ ਪੋਥੀਆਂ ਵਿਚ ਬਾਈ ਵਾਰਾਂ ਵਿਚੋਂ ਕੋਈ ਵਾਰ ਨਹੀਂ ਮਿਲਦੀ। ਕੁਲ ਬਾਣੀ ਵੀ ਮੌਜੂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਹੁਤ ਘੱਟ ਹੈ।

ਇਸ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਤੋਂ ਬਾਣੀ ਹੁਕਮਨਾਮਿਆਂ ਰਾਹੀਂ ਪ੍ਰਾਪਤ ਕੀਤੀ। ਭਾਈ ਬਖਤਾ ਦੇ ਗ੍ਰੰਥ ਅਤੇ ਬਾਬਾ ਮੋਹਨ ਦੀਆਂ ਪੋਥੀਆਂ ਤੋਂ ਪੂਰੀ ਸਹਾਇਤਾ ਲਈ। ਅਜਿਹਾ ਕਰਕੇ ਗੁਰੂ ਸਾਹਿਬ ਨੇ ਪ੍ਰਿਥੀਚੰਦ ਦੀ ਗੁਰੂ ਘਰ ਵਿਰੋਧੀ ਸਾਜ਼ਿਸ਼ ਨੂੰ ਅਸਫਲ ਬਣਾ ਦਿੱਤਾ। ਭਗਤ ਬਾਣੀ ਵੱਖ-ਵੱਖ ਪੰਥਾਂ, ਮੱਤ-ਮਤਾਂਤਰਾਂ ਦੀ ਪਰੰਪਰਾ ਵਿਚ ਮੌਜੂਦਾ ਸੰਤਾਂ ਤੋਂ ਪ੍ਰਾਪਤ ਹੋਈ ਅਤੇ ਸੋਧ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ।

## ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ-ਭਗਤਾਂ ਦੀ ਬਾਣੀ ਦਾ ਵੇਰਵਾ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪੰਜ ਗੁਰੂਆਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ, 16 ਭਗਤਾਂ ਅਤੇ 20 ਭੱਟਾਂ ਦੀ ਬਾਣੀ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤੀ ਗਈ ਜੋ ਕਿ ਸਮੁੱਚੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੀ ਪ੍ਰਤੀਨਿਧਤਾ ਕਰਦੇ ਸਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ;

| ਨਾਮ ਭਗਤ | ਸਥਾਨ ਤੇ ਪ੍ਰਾਂਤ ਜਿਸ ਨਾਲ ਸੰਬੰਧਤ ਹੈ | ਬਾਣੀ ਵੇਰਵਾ |
|---|---|---|
| 1. ਸੰਤ ਜੈ ਦੇਵ ਜੀ | ਕੰਦੂਲੀ ਜ਼ਿਲ੍ਹਾ, ਬੀਰ ਭੂਮ (ਬੰਗਾਲ) | 2 ਸ਼ਬਦ |
| 2. ਬਾਬਾ ਸ਼ੇਖ ਫਰੀਦ ਜੀ | ਖੋਤਵਾਲ ਜ਼ਿਲ੍ਹਾ ਮੁਲਤਾਨ (ਪਾਕਿਸਤਾਨ) | 4 ਸ਼ਬਦ 130 ਸਲੋਕ |
| 3. ਸੰਤ ਤਰਲੋਚਨ ਜੀ | ਬਾਰਸੀ ਜ਼ਿਲ੍ਹਾ ਸ਼ੋਲਾਪੁਰ (ਬੰਬਈ) | 4 ਸ਼ਬਦ |
| 4. ਸੰਤ ਨਾਮਦੇਵ ਜੀ | ਨਰਸੀ ਬਮਨੀ ਜ਼ਿਲ੍ਹਾ ਸਤਾਰਾ (ਮਹਾਂਰਾਸ਼ਟਰ) | 60 ਸ਼ਬਦ |
| 5. ਸੰਤ ਰਾਮਾਨੰਦ ਜੀ | ਪ੍ਰਯਾਗ (ਉੱਤਰ ਪ੍ਰਦੇਸ਼) | 1 ਸ਼ਬਦ |
| 6. ਸੰਤ ਸਧਨਾ ਜੀ | ਸਿੰਧ (ਪਾਕਿਸਤਾਨ) | 1 ਸ਼ਬਦ |
| 7. ਸੰਤ ਬੇਨੀ ਜੀ | ਬਿਹਾਰ | 3 ਸ਼ਬਦ |
| 8. ਸੰਤ ਰਵੀਦਾਸ ਜੀ | ਬਨਾਰਸ (ਉਤਰ ਪ੍ਰਦੇਸ਼) | 41 ਸ਼ਬਦ |
| 9. ਸੰਤ ਕਬੀਰ ਜੀ | ਬਨਾਰਸ (ਉਤਰ ਪ੍ਰਦੇਸ਼) | 292 ਸ਼ਬਦ, 249 ਸਲੋਕ |
| 10. ਸੰਤ ਧੰਨਾ ਜੀ | ਧੁਆਨ (ਰਾਜਿਸਥਾਨ) | 4 ਸ਼ਬਦ |
| 11. ਸੰਤ ਪੀਪਾ ਜੀ | ਗਗਰੌਨ ਗੜ੍ਹ (ਗੁਜਰਾਤ) | 1 ਸ਼ਬਦ |
| 12. ਸੰਤ ਸੈਣ ਜੀ | ਰੀਵਾਂ ਰਿਆਸਤ | 1 ਸ਼ਬਦ |
| 13. ਸੰਤ ਪਰਮਾਨੰਦ ਜੀ | ਬਾਰਸੀ ਜ਼ਿਲ੍ਹਾ ਸ਼ੋਲਾਪੁਰ (ਬੰਬਈ) | 1 ਸ਼ਬਦ |
| 14. ਸੰਤ ਸੂਰਦਾਸ ਜੀ | ਸ਼ੀਂਹੀ (ਦਿੱਲੀ) | 2 ਪੰਕਤੀਆਂ |
| 15. ਸੰਤ ਭੀਖਨ ਜੀ | ਕਾਕੋਰੀ ਜ਼ਿਲ੍ਹਾ ਲਖਨਊ (ਉਤਰ ਪ੍ਰਦੇਸ਼) | 2 ਸ਼ਬਦ |
| 16. ਸੁੰਦਰ ਜੀ | ਗੋਇੰਦਵਾਲ (ਪੰਜਾਬ) | 1 ਸੱਦ |

## ਗੁਰੂਆਂ ਦੀ ਬਾਣੀ ਦਾ ਵੇਰਵਾ

1. ਸ੍ਰੀ ਗੁਰੂ ਨਾਨਕ ਦੇਵ ਜੀ 974 ਸ਼ਬਦ ਤੇ ਸਲੋਕ
2. ਸ੍ਰੀ ਗੁਰੂ ਅੰਗਦ ਦੇਵ ਜੀ 62 ਸ਼ਬਦ ਤੇ ਸਲੋਕ
3. ਸ੍ਰੀ ਗੁਰੂ ਅਮਰਦਾਸ ਜੀ 907 ਸ਼ਬਦ ਤੇ ਸਲੋਕ
4. ਸ੍ਰੀ ਗੁਰੂ ਰਾਮਦਾਸ ਜੀ 679 ਸ਼ਬਦ ਤੇ ਸਲੋਕ
5. ਸ੍ਰੀ ਗੁਰੂ ਅਰਜਨ ਦੇਵ ਜੀ 2218 ਸ਼ਬਦ ਤੇ ਸਲੋਕ
6. ਸ੍ਰੀ ਗੁਰੂ ਤੇਗ ਬਹਾਦਰ ਜੀ 115 ਸ਼ਬਦ ਤੇ ਸਲੋਕ
7. ਸ੍ਰੀ ਗੁਰੂ ਗੋਬਿੰਦ ਸਿੰਘ ਜੀ 1 ਸਲੋਕ

## ਭੱਟਾਂ ਤੇ ਡੂਮਾਂ ਦੀ ਬਾਣੀ ਦਾ ਵੇਰਵਾ

| | |
|---|---|
| 1. ਕੱਲਹ | 49 (46 ਸਵੱਈਏ ਤੇ ਤਿੰਨ ਸੋਰਠੇ) |
| 2. ਕਲਸਹਾਰ | 4 ਸਵੱਈਏ |
| 3. ਟੱਲ੍ਹ | 1 ਸਵੱਈਆ |
| 4. ਜਾਲਪ | 4 ਸਵੱਈਏ |
| 5. ਜਲਹ | 1 ਸਵੱਈਆ |
| 6. ਕੀਰਤ | 8 ਸਵੱਈਏ |
| 7. ਸੱਲ | 3 ਸਵੱਈਏ |
| 8. ਭੱਲ | 1 ਸਵੱਈਆ |
| 9. ਨੱਲ | 6 ਸਵੱਈਏ |
| 10. ਸੇਵਕ | 10 ਸਵੱਈਏ |

11. ਦਾਸ — 14 ਸਵੱਈਏ
12. ਜਲ੍ਹਣ — 1 ਸਵੱਈਆ
13. ਗਯੰਦ — 5 ਸਵੱਈਏ
14. ਮਥੁਰਾ — 10 ਸਵੱਈਏ 4 ਝੂਲਨੇ
15. ਭੀਖਾ — 2 ਸਵੱਈਏ
16. ਬੱਲ — 5 ਸਵੱਈਏ
17. ਹਰਬੰਸ — 2 ਸਵੱਈਏ
18. ਮਰਦਾਨਾ — 3 ਸਲੋਕ
19. ਸੱਤਾ
20. ਬਲਵੰਡਾ

1 ਵਾਰ (4 ਪਉੜੀਆਂ)

## ਰਾਗ ਬਧ ਅਤੇ ਰਾਗ ਮੁਕਤਿ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਧੇਰੇ ਕਰਕੇ ਰਾਗ ਬੱਧ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਭੂ ਕੀਰਤੀ ਕਰਨ, ਗੁਣ ਗਾਉਣ ਅਤੇ ਕੀਰਤਨ ਭਗਤੀ ਕਰਨ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਇਸ ਨੂੰ ਵਾਹਿਗੁਰੂ ਦੀ ਉਸਤਤ ਕਰਨ ਦਾ ਮਾਧਿਅਮ ਬਣਾਇਆ ਗਿਆ ਹੈ। ਇਸ ਸਾਰੀ ਬਾਣੀ ਨੂੰ 31 ਰਾਗਾਂ ਵਿਚ ਵੰਡਿਆ ਹੋਇਆ ਹੈ, ਜੋ ਭਾਰਤੀ ਸਭਿਆਚਾਰ ਤੇ ਸੰਗੀਤ ਨਾਲ ਸੰਬੰਧ ਰੱਖਦੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ; ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਿਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ। ਇਨ੍ਹਾਂ ਰਾਗਾਂ ਤੋਂ ਮੁਕਤ ਕੁਝ ਵਿਸ਼ੇਸ਼ ਬਾਣੀਆਂ ਇਸ ਤਰ੍ਹਾਂ ਹਨ ; ਜਪੁਜੀ, ਸੋਦਰ, ਸੋਹਿਲਾ (ਆਦਿ ਵਿਚ), ਸਲੋਕ ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਸਵੱਈਏ, ਸਲੋਕ ਵਾਰਾਂ ਤੋਂ ਵਧੀਕ, ਮੁੰਦਾਵਲੀ ਤੇ ਰਾਗਮਾਲਾ (ਅੰਤ ਵਿਚ)।

ਸੋ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਧੇਰੇ ਕਰਕੇ ਰਾਗ ਬੱਧ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਭੂ ਦੀ ਉਸਤਤ ਕਰਨ, ਗੁਣ ਗਾਉਣ ਅਥਵਾ ਕੀਰਤਨ ਭਗਤੀ ਉਤੇ ਵੱਡਾ ਬਲ ਦਿੱਤਾ ਹੈ ਅਤੇ ਇਸ ਨੂੰ ਪ੍ਰਭੂ ਭਗਤੀ ਦਾ ਮਾਧਿਅਮ ਬਣਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 14 ਰਾਗਾਂ, ਸੰਤ ਕਬੀਰ ਜੀ ਨੇ 13 ਰਾਗਾਂ, ਸੰਤ ਰਵਿਦਾਸ ਜੀ ਨੇ 16, ਬਾਬਾ ਨਾਮਦੇਵ ਜੀ ਨੇ 18 ਰਾਗਾਂ ਬਾਕੀ ਭਗਤਾਂ ਨੇ ਥੋੜੇ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ। ਰਾਗ ਜੈਜਾਵੰਤੀ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਸੰਬੰਧੀ ਪਹਿਲਾਂ ਉਸੇ ਹੱਥ ਲਿਖਤ ਬੀੜ ਦੀ ਜਾਣਕਾਰੀ ਦੇਣੀ ਬਣਦੀ ਹੈ, ਜਿਹੜੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਦੁਆਰਾ ਸ੍ਰੀ ਰਾਮਸਰ ਅੰਮ੍ਰਿਤਸਰ ਦੇ ਅਸਥਾਨ ਉਤੇ ਸੰਪਾਦਨ ਕੀਤੀ। ਇਹ ਕਾਰਜ ਭਾਈ ਗੁਰਦਾਸ ਜੀ ਦੇ ਸਹਿਯੋਗ ਨਾਲ ਭਾਦੋਂ ਵਦੀ ਏਕਮ ਸੰਮਤ 1661 ਨੂੰ ਸੰਪੂਰਨ ਹੋ ਕੇ ਭਾਦੋਂ ਸੁਦੀ ਏਕਮ (ਸੰਮਤ 1661) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਹੋਇਆ। ਇਹ ਬੀੜ ਇਸ ਸਮੇਂ ਸ੍ਰੀ ਕਰਤਾਰਪੁਰ (ਜਲੰਧਰ) ਵਿਚ ਸੋਢੀਆਂ ਕੋਲ ਮੌਜੂਦ ਹੈ। ਇਸ ਬੀੜ ਵਿਚ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਨਹੀਂ ਹੈ, ਕਿਉਂਕਿ ਇਹ ਬੀੜ ਧੀਰਮਲੀਆਂ ਦੇ ਕਬਜ਼ੇ ਵਿਚ ਸੀ ਜੋ ਕਿ ਗੁਰੂ ਘਰ ਦੇ ਵਿਰੋਧੀ ਸਨ ਅਤੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਨਹੀਂ ਹੋਣ ਦਿੱਤੀ। ਇਕ ਹੱਥ ਲਿਖਤ ਬੀੜ ਭਾਈ ਹਰਿਦਾਸ ਜੀ ਵਾਲੀ ਹੈ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਸਨ। ਇਸ ਬੀੜ ਵਿਚ ਰਿਵਾਜ ਅਨੁਸਾਰ ਅੰਕ ਪੰਨਿਆਂ ਵਿਚ ਨਹੀਂ, ਪਤਰਿਆਂ ਵਿਚ ਹੈ। ਦੋਹਾਂ ਪੰਨਿਆਂ ਨੂੰ ਰਲਾ ਕੇ ਇਕ 'ਪਤਿ' ਬਣਦਾ ਹੈ। ਇਸ ਪਾਵਨ ਬੀੜ ਵਿਚ ਜਿਥੇ ਲਿਖੇ ਸਾਰੇ ਮੰਗਲਾਚਰਨ ਸਪੱਸ਼ਟ ਉਪਰ ਜਾਂ ਖੱਬੇ ਪਾਸੇ ਪਹਿਲਾਂ ਅਤੇ ਰਾਗਾਂ ਦੇ ਸਿਰਲੇਖ ਹੇਠਾਂ ਜਾਂ ਪਿਛੇ ਹਨ, ਉਥੇ ਸੁਖਮਨੀ ਦੇ ਮੰਗਲ ਤੇ ਸਿਰਲੇਖ ਦੀ ਸ਼ੁਧ ਤਰਤੀਬ ਇਉਂ ਅੰਕਿਤ ਹੈ ;

*ੴ ਸਤਿਗੁਰ ਪ੍ਰਸਾਦਿ*

*ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥*

ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਬਕਾਇਦਾ ਦਰਜ ਹੈ। ਸਿਵਾਏ ਜੈਜਾਵੰਤੀ ਦੇ ਜੋ ਪ੍ਰਚਲਤ ਤਰਤੀਬ ਅਨੁਸਾਰ ਪ੍ਰਭਾਤੀ ਤੋਂ ਪਿਛੋਂ ਨਹੀਂ, ਸਗੋਂ ਜੈਤਾਸਰੀ ਦੇ ਬਾਅਦ ਲਿਖੀ ਗਈ ਹੈ। ਇਹ ਬੀੜ ਸੰਮਤ 1732 ਤੋਂ ਬਾਅਦ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸੰਪੂਰਨ ਹੋਈ। ਇਸ ਬੀੜ ਵਿਚ ਮੂਲ ਮੰਤਰ ਭਾਸ਼ਾ ਮੰਗਲਾਚਰਨ ਇਕ ਬਝਵੇਂ ਨੇਮ ਅਨੁਸਾਰ ਅਥਵਾ ਹਰ ਥਾਂ ਵਿਚ ਅੰਕਿਤ ਹਨ ਅਤੇ ਰਾਗਾਂ ਦੇ ਸਿਰਲੇਖ ਬਾਅਦ ਵਿਚ। ਸੰਮਤ 1739 ਵਾਲੀ ਦਮਦਮੀ ਸਰੂਪ ਬੀੜ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਨੰਬਰ 97 ਉੱਤੇ ਦਰਜ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹਰੇਕ ਰਾਗ ਵਿਚ ਥਾਂ ਸਿਰ ਮੌਜੂਦ ਹੈ ਅਤੇ ਰਾਗ ਜੈਜਾਵੰਤੀ, ਰਾਗ ਪ੍ਰਭਾਤੀ ਤੋਂ ਬਾਅਦ ਇਕੱਤੀਵਾਂ ਰਾਗ ਹੈ। ਇਸ ਬੀੜ ਵਿਚ ਕੋਈ ਵਾਧੂ ਬਾਣੀ ਨਹੀਂ ਅਤੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੱਕ ਜੋਤੀ ਜੋਤਿ ਸਮਾਉਣ ਦੇ ਚਲਿਤਰ ਹਨ। ਸੰਮਤ 1748 ਵਾਲੀ ਸਿੱਖ ਰੈਫਰੈਂਸ ਲਾਇਬਰੇਰੀ ਦੇ ਨੰਬਰ 14 ਉੱਤੇ ਦਰਜ ਹੈ। ਇਸ ਪਾਵਨ ਬੀੜ ਵਿਚ ਨੌਂਵੇਂ ਮਹੱਲੇ ਦੀ ਬਾਣੀ ਥਾਂ ਸਿਰ ਅੰਕਿਤ ਹੈ। ਇਸ ਵਿਚ ਕੋਈ ਵਾਧੂ ਬਾਣੀ ਅੰਕਿਤ ਨਹੀਂ ਹੈ। ਭਾਈ ਬੰਨੋ ਵਾਲੀ ਬੀੜ ਸੰਮਤ 1661 ਵਿਚ ਭਾਈ ਬੰਨੋ ਜੀ ਨੇ ਲਿਖੀ। ਇਤਿਹਾਸ ਵਿਚ ਜਿਕਰ ਮਿਲਦਾ ਹੈ ਕਿ ਜਦੋਂ ਅੰਮ੍ਰਿਤਸਰ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਖੋ ਵੱਖਰੇ ਸੋਮਿਆਂ ਭਗਤਾਂ, ਭੱਟਾਂ, ਗੁਰੂਆਂ ਦੀ ਬਾਣੀ ਸੰਪਾਦਿਤ ਕਰਵਾਈ

ਤਾਂ ਉਨ੍ਹਾਂ ਦਿਨਾਂ ਵਿਚ ਮਾਂਗਟ ਦਾ ਇਕ ਗੁਰਸਿੱਖ ਭਾਈ ਬੰਨੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਗੁਰੂ ਜੀ ਨੇ ਤਿਆਰ ਕੀਤੀ ਗਈ ਬੀੜ ਉਤੇ ਜਿਲਦ ਬਨਾਉਣ ਦਾ ਕੰਮ ਉਸ ਦੇ ਹਵਾਲੇ ਕਰ ਦਿੱਤਾ। ਇਸ ਸਮੇਂ ਤੱਕ ਹੋ ਚੁੱਕੇ ਉਤਾਰਿਆਂ ਵਿਚੋਂ ਸੰਮਤ ਵਾਲੀਆਂ, ਕੁਝ ਕੁ ਇਹ ਬੀੜਾਂ ਨੋਟ ਕਰਨਯੋਗ ਹਨ ; ਭਾਈ 'ਬੂੜੇ' ਸੰਧੂ ਵਾਲੀ ਬੀੜ, ਭਾਈ ਹਰਿਦਾਸ ਜੀ ਵਾਲੀ ਬੀੜ, ਪਿੰਡੀ ਲਾਲ (ਗੁਜਰਾਤ) ਵਾਲੀ ਬੀੜ, ਸੰਮਤ 1735 ਵਾਲੀ ਬੀੜ, ਸੰਮਤ 1742 ਵਾਲੀ ਬੀੜ, ਪਾਖਰ ਮਲ ਢਿੱਲੋਂ ਵਾਲੀ ਬੀੜ, ਸੰਮਤ 1746 ਵਾਲੀ ਬੀੜ, ਸੰਮਤ 1759 ਵਾਲੀ ਬੀੜ, ਸੰਮਤ 1661 ਵਾਲੀ ਬੀੜ, ਸੰਮਤ 1667 ਵਾਲੀ ਬੀੜ।

ਸੈਂਕੜੇ ਲਿਖਤੀ ਬੀੜਾਂ ਪ੍ਰਾਪਤ ਹਨ, ਜਿਨ੍ਹਾਂ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਥਾਂ ਸਿਰ ਮੌਜੂਦ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਦਸਵੇਂ ਪਾਤਸ਼ਾਹ ਨੇ ਨੌਵੇਂ ਸਤਿਗੁਰੂ ਜੀ ਦੀ ਬਾਣੀ ਸ੍ਰੀ ਦਮਦਮਾ (ਸਾਬੋ ਕੀ ਤਲਵੰਡੀ) ਦੇ ਅਸਥਾਨ ਉੱਤੇ ਪੁੱਜਣ ਤੋਂ ਕਿਤੇ ਪਹਿਲਾਂ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਛੇਤੀ ਹੀ ਪਿਛੋਂ ਸ੍ਰੀ ਆਦਿ ਗ੍ਰੰਥ ਬੀੜ ਵਿਚ ਅੰਕਿਤ ਕੀਤਾ। ਸੰਮਤ 1762 ਤੋਂ ਪਹਿਲਾਂ ਦੀਆਂ ਅਨੇਕ ਲਿਖਤੀ ਬੀੜਾਂ ਇਸ ਦਾ ਸਬੂਤ ਹਨ। ਇਨ੍ਹਾਂ ਪਾਵਨ ਬੀੜਾਂ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਦਿੱਤੀ ਸੀ।

ਗੁਰਬਾਣੀ ਵਿਚ ਪ੍ਰਧਾਨ ਭਾਸ਼ਾ ਪੁਰਾਣੀ ਪੰਜਾਬੀ ਹੈ, ਜਿਸ ਨੂੰ ਸਾਧ ਭਾਖਾ ਕਿਹਾ ਜਾਂਦਾ ਹੈ। ਇਸ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਣਗਿਣਤ ਸ਼ਬਦ ਪ੍ਰਕਿਰਤ, ਹਿੰਦੀ, ਸੰਸਕ੍ਰਿਤ ਅਤੇ ਭਾਰਤ ਦੀਆਂ ਪ੍ਰਾਂਤਿਕ ਬੋਲੀਆਂ ਦੇ ਮਿਲ ਜਾਂਦੇ ਹਨ। ਵਿਦੇਸ਼ੀ ਬੋਲੀਆਂ ਵਿਚ ਅਰਬੀ ਅਤੇ ਫਾਰਸੀ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਹਿੰਦੂ ਧਰਮ ਵਿਚ ਜੋ ਪੁਰਾਣਾ ਵਹਿਮ ਸੀ ਕਿ ਰੱਬ ਦਾ ਗਿਆਨ ਸੰਸਕ੍ਰਿਤ, ਅਰਬੀ, ਫਾਰਸੀ 'ਚ ਮਿਲ ਸਕਦਾ ਹੈ, ਉਸ ਨੂੰ ਗੁਰੂ ਸਾਹਿਬਾਨਾਂ ਨੇ ਪ੍ਰਵਾਨ ਨਹੀਂ ਕੀਤਾ। ਇਹ ਗੱਲ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਜਿਸ ਬਾਣੀ ਦਾ ਉਪਦੇਸ਼ ਗੁਰੂ ਸਾਹਿਬਾਨਾਂ ਨੇ ਸਾਰੇ ਸੰਸਾਰ ਨੂੰ ਦਿੱਤਾ, ਜਿਸ ਵਿਚ ਬੋਲੀਆਂ ਦੀ ਕੋਈ ਪਾਬੰਦੀ ਨਹੀਂ ਲਗਾਈ ਗਈ, ਉਹ ਬਾਣੀ ਪੰਜਾਬੀ ਜਾਂ ਇਕ ਦੋ ਹੋਰ ਬੋਲੀਆਂ ਵਿਚ ਮਿਲਦੀ ਹੈ। ਭਾਵੇਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਵਾਦ ਅੰਗਰੇਜ਼ੀ ਵਿਚ ਹੋਣ ਲੱਗ ਪਏ ਹਨ, ਪਰ ਇਹ ਦੁਨੀਆਂ ਦੀਆਂ ਸਭ ਭਾਸ਼ਾਵਾਂ ਵਿਚ ਹੋਣੇ ਚਾਹੀਦੇ ਹਨ ਤੇ ਬਾਣੀ ਦਾ ਮੂਲ ਕਾਇਮ ਰਖਿਆ ਜਾਣਾ ਚਾਹੀਦਾ ਹੈ ਤਾਂ ਹੀ ਸਿੱਖੀ ਵਿਕਾਸ ਕਰ ਸਕੇਗੀ।

* * *



# ਗੁਰਬਾਣੀ ਅਤੇ ਰੂਹਾਨੀ ਇਨਕਲਾਬ

ਆਦਿ ਕਾਲ ਤੋਂ ਮਨੁੱਖ ਰੂਹਾਨੀ ਅਨੰਦ ਦੀ ਭਾਲ ਲਈ ਭਟਕਦਾ ਰਿਹਾ ਹੈ ਤਾਂ ਜੋ ਉਹ ਜ਼ਿੰਦਗੀ ਦਾ ਅਸਲੀ ਅਨੰਦ ਮਾਣ ਸਕੇ। ਇਸ ਦੀ ਭਟਕਨ ਵਿਚ ਉਹ ਸਦਾ ਖੋਜ ਕਰਦਾ ਰਿਹਾ ਹੈ। ਧਰਤੀ ਮਨੁੱਖ ਲਈ ਧਰਮ ਅਤੇ ਅਨੰਦ ਕਮਾਉਣ ਦੀ ਥਾਂ ਹੈ ਅਤੇ ਕਰਮ ਭੂਮੀ ਹੈ, ਜਿਸ ਤੋਂ ਮਨੁੱਖ ਉਪਜਿਆ ਹੈ, ਉਸ ਨੂੰ ਪਛਾਣਨਾ ਮਨੁੱਖ ਦਾ ਆਦਰਸ਼ ਹੈ। ਗੁਰਬਾਣੀ ਵਿਚ ਧਰਮ ਤੇ ਸਦਾਚਾਰ ਆਪਸ ਵਿਚ ਜੁੜੇ ਹੋਏ ਹਨ ਤੇ ਇਨ੍ਹਾਂ ਨੂੰ ਆਪਸ ਵਿਚ ਨਿਖੇੜਿਆ ਨਹੀਂ ਜਾ ਸਕਦਾ ਹੈ। ਰੂਹਾਨੀ ਇਨਕਲਾਬ ਲਈ ਮਨੁੱਖ ਨੂੰ ਸਦਾਚਾਰਕ ਗੁਣਾਂ ਨੂੰ ਅਪਨਾਉਣਾ ਅਤਿਅੰਤ ਜ਼ਰੂਰੀ ਹੈ। ਅਧਿਆਤਮਕ ਮਾਰਗ 'ਤੇ ਚੱਲਣ ਲਈ ਸਦਾਚਾਰਕ ਪੂਰਨਤਾ ਗ੍ਰਹਿਣ ਕਰਨਾ ਰੂਹਾਨੀ ਇਨਕਲਾਬ ਲਈ ਪਹਿਲੀ ਜ਼ਰੂਰਤ ਹੈ। ਰੂਹਾਨੀ ਇਨਕਲਾਬ ਦਾ ਭਾਵ ਹੈ ਕਿ ਨਿੱਜੀ ਚਰਿੱਤਰ ਦਾ ਨਿਰਮਾਣ ਕੀਤਾ ਜਾਵੇ। ਇਸ ਮਨੋਰਥ ਲਈ ਨੇਕੀ ਤੇ ਸੱਚ ਚਰਿਤਰ ਦੀ ਸਵੱਛਤਾ ਤੇ ਸਚਿਆਰਤਾ ਆਦਿ ਗੁਣ ਪੈਦਾ ਕਰਨੇ ਜ਼ਰੂਰੀ ਹੁੰਦੇ ਹਨ। ਜੇਕਰ ਮਨੁੱਖ ਇਨ੍ਹਾਂ ਗੁਣਾਂ ਨਾਲ ਭਰਪੂਰ ਹੋਵੇਗਾ ਤਾਂ ਸਮਾਜ ਨੂੰ ਸਹੀ ਸੇਧ ਮਿਲ ਸਕੇਗੀ ਤੇ ਰਾਜਨੀਤੀ ਵੀ ਸਹੀ ਦਿਸ਼ਾ ਵੱਲ ਜਾ ਸਕੇਗੀ। ਇਸ ਲਈ ਸਦਾਚਾਰੀ ਮਨੁੱਖ ਹੀ ਸਮਾਜ ਸੁਧਾਰਕ ਜਾਂ ਕ੍ਰਾਂਤੀਕਾਰੀ ਵੀ ਹੋ ਸਕਦਾ ਹੈ ਤੇ ਉਚ ਕੋਟੀ ਦਾ ਵਿਦਵਾਨ ਹੋ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜੇਕਰ ਮਨੁੱਖ ਸੇਧਵਾਨ ਹੋ ਜਾਵੇ, ਅਨੈਤਿਕ ਗੁਣਾਂ ਤੋਂ ਜੇਤੂ ਹੋ ਕੇ ਆਤਮਾ ਨੂੰ ਪਛਾਣ ਲਵੇ ਅਤੇ ਅਕਾਲ ਪੁਰਖ ਨਾਲ ਇਕਮਿਕ ਹੋ ਜਾਵੇ ਤਾਂ ਉਹ ਰੂਹਾਨੀ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ ;

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ॥*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ*

*ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*
*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥*
*ਸਾਚੈ ਸੁਨਣੈ ਨੋ ਪਠਾਏ*
*ਸਰੀਰਿ ਲਾਏ ਸੁਣਹੁ ਸਤਿ ਬਾਣੀ॥*
*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ*
*ਰਸਨਾ ਰਸਿ ਸਮਾਣੀ॥*
*ਸਚੁ ਅਲਖ ਵਿਡਾਣੀ ਤਾ ਕੀ*
*ਗਤਿ ਕਹੀ ਨ ਜਾਏ॥*
*ਕਹੈ ਨਾਨਕੁ ਅੰਮ੍ਰਿਤੁ ਨਾਮੁ ਸੁਣਹੁ*
*ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੨)

ਗੁਰਬਾਣੀ ਮਨੁੱਖ ਨੂੰ ਆਪਣਾ ਮੂਲ ਪਛਾਣਨ ਦਾ ਸੱਦਾ ਦੇਂਦੀ ਹੋਈ ਰੂਹਾਨੀ ਇਨਕਲਾਬ ਨਾਲ ਜੋੜਦੀ ਹੈ, ਜਿਸ ਦਾ ਆਧਾਰ ਸ਼ਰਧਾ ਵਿਸ਼ਵਾਸ, ਬਿਬੇਕ, ਬੁਧਿ ਦੁਆਰਾ ਪ੍ਰਕਾਸ਼ਿਤ ਨਿਰਮਲ ਤੇ ਆਤਮਿਕ ਵਿਹਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਇਨਕਲਾਬ ਮਨੁੱਖ ਨੂੰ ਆਦਰਸ਼ਕ ਕਦਰਾਂ-ਕੀਮਤਾਂ ਨੂੰ ਅਪਨਾਉਣ, ਸਦੀਵੀ ਸੱਚ ਨੂੰ ਜਾਨਣ, ਬੁਝਣ ਦਾ ਸੱਦਾ ਦੇਂਦਾ ਹੈ। ਗੁਰਮਤਿ ਅਨੁਸਾਰ ਮਨੁੱਖ ਅਕਾਲ ਪੁਰਖ ਦੀ ਰਚਨਾ ਹੈ, ਉਸ ਨਾਲ ਮੇਲ ਹੀ ਮਨੁੱਖ ਦਾ ਮਨੋਰਥ ਹੈ ਅਤੇ ਉਸ ਦੇ ਨਾਲ ਹੀ ਮਨੁੱਖ ਨੇ ਨਿਭਣਾ ਹੈ ;

*ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥*
*ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ॥*
*ਤਾ ਸੁਖ ਲਹਹਿ ਮਹਲੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੭)

ਗੁਰਬਾਣੀ ਇਹ ਮਨ ਕੇ ਚੱਲਦੀ ਹੈ ਕਿ ਮਨੁੱਖੀ ਹੋਂਦ ਥੋੜ ਚਿਰੀ ਹੈ, ਜੋ ਇਸ ਸੰਸਾਰ ਵਿਚ ਜਨਮਿਆ, ਉਸ ਨੇ ਖਤਮ ਹੋ ਜਾਣਾ ਹੈ, ਮੁੜ ਕੇ ਦੂਸਰਾ ਜਨਮ ਨਹੀਂ ਹੋਣਾ। ਇਸੇ ਜਨਮ 'ਚ ਰੂਹਾਨੀ ਦੌਲਤ ਕਮਾਉਣੀ ਪੈਣੀ ਹੈ। ਇਹ ਤਾਂ ਹੀ ਕਮਾਈ ਜਾ ਸਕੇਗੀ ਜੇਕਰ ਇਸ ਸੰਸਾਰ 'ਚ ਨਿਰਲੇਪ ਰਹਿ ਕੇ ਗੁਰਬਾਣੀ ਦੇ ਦੱਸੇ ਮਾਰਗ ਅਨੁਸਾਰ ਚਲਿਆ ਜਾਵੇ ;

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੪੧)

ਗੁਰਬਾਣੀ ਅਨੁਸਾਰ ਸਰੀਰ ਅਕਾਲ ਪੁਰਖ ਦਾ ਮੰਦਰ ਹੈ। ਇਸ ਮੰਦਰ ਵਿਚੋਂ ਪ੍ਰਭੂ ਨੂੰ ਲੱਭ ਕੇ ਜੀਵਾਤਮਾ ਨੇ ਆਪਣੀ ਵਚਨਬੱਧਤਾ ਨੂੰ ਪੂਰਿਆਂ ਕਰਨਾ ਹੈ। ਇਸ ਪੱਖ ਤੋਂ ਇਸ



ਸਰੀਰ ਨਾਲ ਪਿਆਰ, ਇਸ ਦੀ ਦੇਖ ਰੇਖ ਜ਼ਰੂਰੀ ਹੈ, ਪਰ ਪਦਾਰਥਕ ਵਸਤਾਂ ਦੇ ਲੋਭ 'ਚ ਨਹੀਂ ਡਿਗਨਾ, ਜਿਸ ਨਾਲ ਮਨੁੱਖ ਅਕਾਲ ਪੁਰਖ ਤੋਂ ਵਿਛੜ ਜਾਵੇ ;

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੬੫)

ਇਸ ਸਲੋਕ ਵਿਚ ਸਾਧ ਸ਼ਬਦ ਚਿੱਟ ਕਪੜੇ, ਭਗਵੇਂ ਕਪੜੇ ਵਾਲੇ ਸਾਧਾਂ ਲਈ ਨਹੀਂ ਆਇਆ, ਉਨ੍ਹਾਂ ਲੋਕਾਂ ਲਈ ਆਇਆ ਹੈ ਜਿਨ੍ਹਾਂ ਨੇ ਮਨ ਸਾਧਿਆ ਹੋਇਆ ਹੈ। ਕਬੀਰ ਜੀ ਅਨੁਸਾਰ ਸਰੀਰ ਦੀ ਹੋਂਦ ਥੋੜ ਚਿਰੀ ਹੈ, ਇਸ ਲਈ ਇਸ ਨੂੰ ਚੰਗੇ ਰਸਤੇ 'ਤੇ ਪਾਉਣਾ ਚਾਹੀਦਾ ਹੈ। ਚੰਗੇ ਮਨੁੱਖਾਂ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ।

ਗੁਰੂ ਸਾਹਿਬਾਨ ਮਨੁੱਖ ਨੂੰ ਧਰਤੀ, ਸਮਾਜ, ਪਰਿਵਾਰ ਦਾ ਉਪਯੋਗੀ ਮੈਂਬਰ ਬਣਨ ਲਈ ਪ੍ਰੇਰਦੇ ਹਨ। ਗੁਰੂਆਂ ਦੀ ਸਿਖਿਆ ਅਨੁਸਾਰ ਮਨੁੱਖ ਦਾ ਨਿਸ਼ਾਨਾ ਆਪ ਵੀ ਸਫਲ ਹੋਣਾ ਤੇ ਦੂਸਰਿਆਂ ਨੂੰ ਵੀ ਸਫਲ ਕਰਨਾ ਹੈ। ਗੁਰਬਾਣੀ ਦੀ ਵਿਚਾਰਧਾਰਾ ਵਿਅਕਤੀਗਤ ਨਹੀਂ, ਸਰਬ ਕਲਿਆਣ ਲਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ, ਜਪੁਜੀ ਸਾਹਿਬ ਵਿਚ ਮਨੁੱਖ ਨੂੰ ਸਿਖਿਆ ਦੇਂਦੇ ਹੋਏ ਆਖਦੇ ਹਨ ;

*ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥*
*ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩)

ਗੁਰਬਾਣੀ ਦੇ ਸੰਦੇਸ਼ ਅਨੁਸਾਰ ਅਕਾਲ ਪੁਰਖ ਨੂੰ ਪ੍ਰਾਪਤ ਕਰਨ ਲਈ ਆਤਮਿਕ ਸਿਮਰਤੀ ਜ਼ਰੂਰੀ ਹੈ। ਜੇਕਰ ਮਨੁੱਖ ਪਦਾਰਥਕ ਰੁਚੀ ਵਿਚ ਗ੍ਰਸਿਆ ਜਾਵੇਗਾ ਤਾਂ ਉਹ ਆਪਣੇ ਆਤਮਿਕ ਮਾਰਗ ਤੋਂ ਟੁੱਟ ਜਾਵੇਗਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਇਸ ਸੰਸਾਰ 'ਚ ਇਕੱਲਾ ਆਇਆ ਹੈ ਅਤੇ ਉਸ ਨੇ ਇਕੱਲਾ ਹੀ ਤੇ ਖਾਲੀ ਹੱਥ ਵਾਪਸ ਜਾਣਾ ਹੈ। ਇਹ ਠੀਕ ਹੈ ਕਿ ਉਸ ਦੀ ਪਰਿਵਾਰਕ ਜ਼ਿੰਮੇਵਾਰੀ ਵੀ ਹੈ। ਗੁਰੂ ਸਾਹਿਬ ਇਸ ਪਰਿਵਾਰਕ ਜ਼ਿੰਮੇਵਾਰੀ ਨੂੰ ਰੱਦ ਨਹੀਂ ਕਰਦੇ ਅਤੇ ਨਾ ਹੀ ਇਹ ਆਖਦੇ ਹਨ ਕਿ ਉਹ ਘਰ ਦੀ ਜ਼ਿੰਮੇਵਾਰੀ ਨੂੰ ਤਿਆਗ ਕੇ ਸਾਧ ਹੋ ਜਾਵੇ ਅਤੇ ਜੰਗਲਾਂ ਦਾ ਆਸਰਾ ਲਵੇ। ਗੁਰੂ ਸਾਹਿਬ ਮਨੁੱਖ ਨੂੰ ਚੇਤਨ ਕਰਦੇ ਹਨ ਕਿ ਉਹ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਵੇ, ਪਰ ਸੰਸਾਰਕ ਰੁਚੀਆਂ 'ਚ ਖਚਿਤ ਹੋ ਕੇ ਆਪਣੇ ਮੂਲ ਨੂੰ ਨਾ ਭੁਲ ਜਾਵੇ ਅਤੇ ਰੂਹਾਨੀਅਤ ਨਾਲੋਂ ਨਾ ਟੁੱਟ ਜਾਵੇ ;

*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੧੮)

ਗੁਰਬਾਣੀ ਵਿਚ ਦੱਸੀ ਇਹ ਆਤਮ ਸਿਮਰਤੀ ਹੀ ਮਨੁੱਖ ਨੂੰ ਸੰਸਾਰਕ ਦੁੱਖਾਂ ਤੋਂ ਨਿਰਲੇਪ ਕਰਦੀ ਹੈ। ਆਤਮ ਸਿਮਰਤੀ ਲਈ ਮਨੁੱਖ ਨੂੰ ਸਮਾਜ, ਸੇਵਾ, ਦਇਆ, ਸੱਚ ਦੇ ਮਾਰਗ 'ਤੇ ਤੁਰਨਾ ਪਵੇਗਾ, ਆਪਣੇ ਆਪ ਨੂੰ ਮਾਇਆ ਅਤੇ ਅਨਿਆਂ ਤੋਂ ਦੂਰ ਰੱਖਣਾ ਪਵੇਗਾ। ਇਹ ਆਤਮਿਕ ਸਿਮਰਤੀ ਹੀ ਮਨੁੱਖ ਨੂੰ ਦ੍ਰਿੜ ਮਨੁੱਖ ਬਣਾਉਂਦੀ ਹੈ, ਮਨ 'ਤੇ ਵਿਜੈ ਪਾਉਣ ਦੇ ਸਮਰੱਥ ਬਣਾਉਂਦੀ ਹੈ। ਅਹੰਕਾਰ ਮਨੁੱਖ ਦਾ ਆਪਣਾ ਦੋਸ਼ ਹੈ ਤੇ ਦਇਆ ਭਾਵ, ਨਿਮਰਤਾ ਮਨੁੱਖ ਦੇ ਆਪਣੇ ਗੁਣ ਹਨ। ਇਹ ਗੁਣ ਹੀ ਮਨੁੱਖ ਦੀ ਆਤਮਾ ਨੂੰ ਜਾਗ੍ਰਿਤ ਕਰਦੇ ਹਨ। ਇਹ ਅਵਸਥਾ ਮਨੁੱਖ ਦੀ ਸਾਧਨਾ ਲਈ ਅਤਿਅੰਤ ਜ਼ਰੂਰੀ ਹੈ ;

*ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੭੨)

ਸਰੀਰਕ ਇੰਦਰੀਆਂ 'ਤੇ ਕੁੰਡਾ ਰੱਖਣ ਲਈ ਨਾਮ ਸਿਮਰਨਾ ਅਤਿਅੰਤ ਜ਼ਰੂਰੀ ਹੈ। ਸਰੀਰ ਦੇ ਸ਼ਕਤੀ ਕੇਂਦਰ ਮਨੁੱਖ ਦੇ ਸਾਧਨਾ, ਅਭਿਆਸ ਦੁਆਰਾ ਜਾਗ੍ਰਿਤ ਤੇ ਕਾਰਜਸ਼ੀਲ ਹੁੰਦੇ ਹਨ। ਸਰੀਰ ਦੀ ਸਮੁੱਚੀ ਕ੍ਰਿਆ ਦਿਮਾਗ ਰਾਹੀਂ ਚਲਦੀ ਹੈ, ਕਿਉਂਕਿ ਇਹ ਸੋਚ ਸ਼ਕਤੀ ਦਾ ਕੇਂਦਰ ਹੈ। ਇਸ ਲਈ ਦਿਮਾਗ ਨੂੰ ਸੰਤੁਲਿਤ ਪਹੁੰਚ ਨਾਲ ਜੋੜਨ ਲਈ ਨਾਮ ਸਾਧਨਾ ਅਤਿਅੰਤ ਜ਼ਰੂਰੀ ਹੈ। ਬਚਨ ਤੇ ਕਰਮ ਇੰਦਰੇ ਮਨ ਤੇ ਦਿਮਾਗ ਦੇ ਨਿਰਦੇਸ਼ ਵਿਚ ਮਨੁੱਖੀ ਸ਼ਕਤੀ ਨੂੰ ਤਬਾਹ ਕਰਦੇ ਹਨ। ਇਸ ਲਈ ਮਨ ਦੀ ਸਾਧਨਾ ਲਈ ਨਾਮ ਸਿਮਰਨ ਜ਼ਰੂਰੀ ਹੈ ਤਾਂ ਜੋ ਮਨੁੱਖੀ ਮਨ ਟਿਕਾਅ ਵਿਚ ਰਹੇ ;

*ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥*
*ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭)

ਮਨੁੱਖ ਦਾ ਜੀਵਨ ਅਖਾੜਾ ਹੈ ਤੇ ਉਸ ਨੂੰ ਆਪਣੇ ਮਨ ਅੰਦਰਲੀਆਂ ਅਨੈਤਿਕ ਕੀਮਤਾਂ ਨਾਲ ਯੁਧ 'ਚ ਜੇਤੂ ਹੋਣਾ ਪਵੇਗਾ। ਇਹ ਅਨੈਤਿਕ ਕੀਮਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ ਜੋ ਕਿ ਮਨੁੱਖ ਨੂੰ ਗੁਲਾਮ ਬਣਾਉਂਦੇ ਹਨ ਤੇ ਗੁਰਬਾਣੀ ਦੇ ਰੂਹਾਨੀ ਇਨਕਲਾਬ ਨਾਲੋਂ ਤੋੜ ਕੇ ਪ੍ਰਭੂ ਦੇ ਮਾਰਗ ਅਤੇ ਜੀਵਨ ਅਸਲੇ ਤੋਂ ਭਟਕਾਉਂਦੇ ਹਨ। ਜੋ ਇਨ੍ਹਾਂ 'ਤੇ ਕਾਬੂ ਪਾ ਲੈਂਦੇ ਹਨ, ਉਹ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ ;

*ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥*
*ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੦੩)

ਗੁਰਬਾਣੀ ਅਨੁਸਾਰ ਮਨ ਦਾ ਉਲਾਰ ਹੋ ਜਾਣਾ ਮਨੁੱਖ ਨੂੰ ਸੰਸਾਰਕ ਭਉਜਲ ਵਿਚ ਫਸਾ ਦੇਂਦਾ ਹੈ। ਇਸ ਲਈ ਮਨ ਤੇ ਇੰਦਰੀਆਂ ਦੀ ਸ਼ਕਤੀ ਦਾ ਸਹੀ ਪਾਸੇ ਉਪਯੋਗ ਕਰਨਾ ਅਤੇ ਸਹੀ ਦਿਸ਼ਾ ਦੇਣੀ ਜ਼ਰੂਰੀ ਹੈ। ਮਨ ਹੀ ਮਨੁੱਖ ਦੀ ਨੈਤਿਕ ਸਖਸ਼ੀਅਤ ਦਾ ਮੂਲ



ਆਧਾਰ ਹੈ ਅਤੇ ਮਨ ਹੀ ਅਨੈਤਿਕ ਵਿਕਾਰ ਵੱਲ ਲੈ ਜਾਂਦਾ ਹੈ ;

*ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੩੨)

ਇਸ ਤਰ੍ਹਾਂ ਮਨ 'ਤੇ ਕਾਬੂ ਪਾਉਣ ਨਾਲ ਹੀ ਮਨੁੱਖੀ ਵਿਹਾਰ 'ਚ ਸਦਗੁਣਾਂ ਦਾ ਵਿਕਾਸ ਹੁੰਦਾ ਹੈ। ਮਨੁੱਖੀ ਜੀਵਨ ਵਿਚੋਂ ਕੁ ਪ੍ਰਭਾਵ ਰੋਗ, ਦਲਿਦਰ, ਈਰਖਾ, ਦੁੱਖ, ਭ੍ਰਿਸ਼ਟਾਚਾਰ ਦਾ ਖਾਤਮਾ ਹੁੰਦਾ ਹੈ। ਪਰਹਿੱਤ, ਅਹਿੰਸਾ, ਧੀਰਜ, ਸੀਲ, ਸੰਜਮ, ਦਇਆ ਦਾ ਸਬਕ ਸਿਖਦਾ ਹੈ। ਸ਼ੁਧ ਮਨ ਤੇ ਤਨ ਵਿਚੋਂ ਸ਼ੁਧ ਸ਼ਕਤੀ ਦਾ ਪ੍ਰਗਟਾਵਾ ਹੁੰਦਾ ਹੈ। ਸ਼ੁਧ ਮਨ ਤੇ ਤਨ ਲਈ ਗੁਰਬਾਣੀ ਵਿਚ ਵਚਨ ਉਪਰ ਕੰਟਰੋਲ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਗੱਲ ਸੱਚ ਹੈ ਕਿ ਜਿਹੋ ਜਿਹੀ ਮਨੁੱਖ ਦੀ ਭਾਵਨਾ ਹੋਵੇਗੀ, ਉਹੋ ਜਿਹੇ ਉਸ ਦੇ ਵਚਨ ਹੋਣਗੇ। ਜਿਨ੍ਹਾਂ ਦੇ ਇੰਦਰੇ ਪਦਾਰਥਕ ਸੁਆਦ ਤੇ ਮੋਹ 'ਚ ਖਚਿਤ ਹਨ, ਉਨ੍ਹਾਂ ਦੀ ਭਾਵਨਾ ਸਵਾਰਥ ਨਾਲ ਗੜੁਚ ਹੋਵੇਗੀ। ਪੈਸੇ ਦੀ ਹਵਸ ਉਸ ਦੇ ਦਿਲ ਦਿਮਾਗ 'ਤੇ ਲਗਾਮ ਪਾ ਦੇਵੇਗੀ। ਉਹ ਤਨੋਂ, ਮਨੋਂ ਇਸ ਦੇ ਅਧੀਨ ਹੋ ਜਾਵੇਗਾ। ਉਸ ਦੀ ਜ਼ਿੰਦਗੀ, ਉਸ ਦੇ ਜੀਉਣ, ਉਸ ਦੀ ਕਰਨੀ, ਸੋਚਣੀ ਦਾ ਮਨੋਰਥ ਹੀ ਦੌਲਤ ਹਾਸਲ ਕਰਨਾ ਹੋ ਜਾਵੇਗਾ। ਖੁਦਗਰਜ਼ ਤੇ ਲਾਲਚੀ ਹੋਏ ਬਗੈਰ ਦੌਲਤ ਇਕੱਠੀ ਨਹੀਂ ਹੁੰਦੀ। ਮਨੁੱਖ ਖੁਦਗਰਜ਼ੀ ਤੇ ਲਾਲਚ ਦਾ ਪੁਤਲਾ ਬਣ ਜਾਵੇਗਾ। ਕਠੋਰ ਤੇ ਨਿਰਦਈ ਹੋਣ ਤੋਂ ਬਗੈਰ ਉਸ ਵਾਸਤੇ ਹੋਰ ਰਾਹ ਨਹੀਂ ਰਹਿ ਜਾਵੇਗਾ। ਖੁਦਗਰਜ਼ੀ ਤੇ ਲਾਲਚ ਉਸ ਦੇ ਹਿਰਦੇ ਨੂੰ ਨਿਰਦਈ ਬਣਾ ਦੇਣਗੇ ਅਤੇ ਉਹ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗਾ, ਕਿਉਂਕਿ ਅਜਿਹੇ ਮਨੁੱਖ ਅੰਦਰ ਹਮਦਰਦੀ, ਰਹਿਮ ਤੇ ਇਨਸਾਨੀ ਪਿਆਰ ਵਾਸਤੇ ਕੋਈ ਥਾਂ ਨਹੀਂ ਹੋਵੇਗੀ। ਮਾਇਆ ਦਾ ਮੋਹ ਮਨੁੱਖ ਦੇ ਹਿਰਦੇ ਅੰਦਰੋਂ ਆਪਣੇ ਵਿਰੋਧੀ ਹਰ ਖਿਆਲ, ਹਰ ਜਜ਼ਬੇ, ਹਰ ਖਾਹਿਸ਼ ਨੂੰ ਖੁਸ਼ਕ ਕਰ ਦੇਂਦਾ ਹੈ, ਸਿਰਫ ਆਪਣੇ ਪਰਿਵਾਰਕ ਹਿੱਤਾਂ ਦਾ ਹੀ ਮੋਹ ਹੀ ਉਪਜਣ ਦੇਂਦਾ ਹੈ। ਗੁਰਬਾਣੀ ਇਸ ਮਾਨਸਿਕਤਾ ਦੀ ਆਲੋਚਨਾ ਕਰਦੀ ਹੋਈ ਆਖਦੀ ਹੈ ;

*ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਰੋਲ ਘਚੋਲਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੧੩)

ਵਚਨ ਦਾ ਸ਼ੁਭ ਸਾਰਥਕ ਤੇ ਉਪਯੋਗੀ ਹੋਣਾ ਮਨੁੱਖ ਲਈ ਬਹੁਤ ਜ਼ਰੂਰੀ ਹੈ। ਵਚਨ ਨਾਲ ਸਰੀਰ ਸਵਾਸ, ਧੁਨੀ, ਸੰਕਲਪ ਸ਼ਕਤੀ, ਮਾਨਸਿਕ ਸ਼ਕਤੀ ਤੇ ਭਾਵਨਾ ਦਾ ਯੋਗ ਹੁੰਦਾ ਹੈ। ਬੋਲ ਨਾਲ ਵੱਡੀ ਸ਼ਕਤੀ ਜੁੜੀ ਹੈ, ਇਸ ਲਈ ਬੋਲ ਸਾਰਥਕ ਹੋਣਾ ਚਾਹੀਦਾ। ਮਾੜੇ ਬੋਲ ਸਰੀਰਕ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ ;

*ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥*
*ਝੂਰਿ ਮਰੈ ਦੇਖੈ ਪਰਮਾਦੁ ॥*
*ਜਨਮਿ ਮੂਏ ਨਹੀ ਜੀਵਣ ਆਸਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩੩)

ਗੁਰਬਾਣੀ ਵਿਚ ਰਸਨਾ, ਨੇਤਰਾਂ ਤੇ ਸ੍ਰਵਣ ਸੰਵੇਦਨਾਵਾਂ ਨੂੰ ਸੰਜਮ ਵਿਚ ਰੱਖਣ ਦੀ ਪ੍ਰੇਰਣਾ ਦਿੱਤੀ ਹੈ, ਅਨਰਸ ਨੂੰ ਤਿਆਗ ਕੇ ਹਰਿ ਰਸ ਵਿਚ ਜੁੜਨ ਲਈ ਸੁਚੇਤ ਕੀਤਾ ਹੈ ;

*ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੧)

ਸੋਚ ਨੂੰ ਸਾਧਨ ਤੋਂ ਬਿਨਾਂ ਮਨ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਮਨੁੱਖੀ ਸੋਝੀ ਹੀ ਸੱਚ ਤੱਥ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਵੇਖਣਾ ਚੇਤਨਾ ਦਾ ਮੂਲ ਸੁਭਾ ਹੈ ਤੇ ਦੇਖੇ ਹੋਏ 'ਤੇ ਸੋਚਨਾ ਮਨੁੱਖੀ ਬੁੱਧੀ ਦਾ ਕਾਰਜ ਹੈ। ਇਸ ਲਈ ਬੁੱਧੀ ਨੂੰ ਤੀਖਣ ਕਰਨਾ ਅਤਿਅੰਤ ਜ਼ਰੂਰੀ ਹੈ। ਡੂੰਘੀ ਤੇ ਸਥਿਰ ਸੋਚ ਮਨੁੱਖੀ ਸਖਸ਼ੀਅਤ ਨੂੰ ਉਸਾਰੂ ਬਣਾਉਂਦੀ ਹੈ। ਇਹੋ ਜਿਹੀ ਨਿਰਮਲ ਬੁੱਧੀ ਹੀ ਮਨੁੱਖੀ ਮਨ ਨੂੰ ਸਹੀ ਪਾਸੇ ਵੱਲ ਤੋਰ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਿਆਨ ਜਾਂ ਸੋਝੀ ਦੀ ਉਤਮਤਾ ਤੇ ਇਸ ਦੀ ਪ੍ਰਾਪਤੀ ਉਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗਿਆਨ ਆਤਮਾ, ਮਨ ਤੇ ਸਰੀਰ ਤਿੰਨਾਂ ਨੂੰ ਪ੍ਰਕਾਸ਼ਤ ਕਰਦਾ ਹੈ ;

*ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੦)

ਗਿਆਨ ਕੇਵਲ ਜੀਵਨ ਨੂੰ ਪ੍ਰਕਾਸ਼ਤ ਨਹੀਂ ਕਰਦਾ, ਸਗੋਂ ਸਾਧਕ ਨੂੰ ਦੈਵੀ ਪ੍ਰਸੰਨਤਾ ਵੀ ਪ੍ਰਦਾਨ ਕਰਦਾ ਹੈ। ਗਿਆਨ ਦੀ ਖੋਜ ਵਿਚ ਰੁਝਿਆ ਮਨ ਅਦੁੱਤੀ ਖੁਸ਼ੀ ਦਾ ਅਨੁਭਵ ਕਰਦਾ ਹੈ। ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਦੇ ਪ੍ਰਕਾਸ਼ ਦੀਆਂ ਲਹਿਰਾਂ ਨਾਲ ਰੋਸ਼ਨ ਖੰਡ ਦਾ ਵਰਣਨ ਕੀਤਾ ਹੈ, ਜਿਥੇ ਪ੍ਰਚੰਡ ਗਿਆਨ ਤੇ ਦੈਵੀ ਸੰਗੀਤ ਦੁਆਰਾ ਪ੍ਰਾਪਤ ਪ੍ਰਸੰਨਤਾ ਦੇ ਅਨੰਤ ਸੋਮੇ ਵਗ ਰਹੇ ਹਨ ;

*ਗਿਆਨ ਖੰਡ ਮਹਿ ਗਿਆਨੁ ਪਰਚੰਡੁ॥*
*ਤਿਥੈ ਨਾਦ ਬਿਨੋਦ ਕੋਡ ਅਨੰਦੁ॥*

(ਜਪੁਜੀ ਸਾਹਿਬ)

ਗਿਆਨ ਦਾ ਭੰਡਾਰ ਇਕੱਠਾ ਕਰ ਲੈਣਾ ਅਸਲੀ ਵਿਦਿਆ ਨਹੀਂ। ਗਿਆਨ ਦਾ ਅਨੁਭਵ ਜ਼ਰੂਰੀ ਹੈ। ਕੋਰਾ ਗਿਆਨ ਇਕੱਠਾ ਕਰਨਾ ਤੇ ਉਸ ਨੂੰ ਜੀਵਨ ਵਿਚ ਨਾ ਨਿਭਾਉਣਾ ਪਖੰਡ ਹੈ। ਗੁਰੂ ਸਾਹਿਬ ਅਨੁਸਾਰ ਅਸਲ 'ਚ ਗਿਆਨਵਾਨ ਹੀ ਉਹ ਹੈ ਜੋ ਸੂਝਵਾਨ, ਅਚਾਰਵਾਨ ਤੇ ਵਿਚਾਰਵਾਨ ਹੈ ;

*ਜਗਿ ਗਿਆਨੀ ਵਿਰਲਾ ਆਚਾਰੀ॥*
*ਜਗਿ ਪੰਡਿਤੁ ਵਿਰਲਾ ਵੀਚਾਰੀ॥*
*ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੧੩)

ਅੱਜ ਹਰੇਕ ਮਨੁੱਖ ਦਾ ਗਿਆਨ ਨਿੱਜੀ ਸੋਚ ਤੱਕ ਸੀਮਤ ਹੈ, ਉਸ ਨੂੰ ਮਨੁੱਖਤਾ ਦੀ



ਚਿੰਤਾ ਨਹੀਂ ਹੈ। ਇਹੀ ਅੱਜ ਦੇ ਸੰਸਾਰੀਕਰਨ ਯੁਗ ਦਾ ਸਦਾਚਾਰ ਤੇ ਸਭਿਆਚਾਰ ਹੈ। ਇਸ ਯੁਗ ਵਿਚ ਮਨੁੱਖ ਆਪਣੇ ਰਿਸ਼ਤੇਦਾਰਾਂ ਤੋਂ ਸਿਵਾਏ ਕਿਸੇ ਦੂਸਰੇ ਲਈ ਫਿਕਰਮੰਦ ਹੋਣਾ, ਮਦਦ ਕਰਨਾ ਆਪਣੇ ਜੀਵਨ ਵਿਹਾਰ 'ਚੋਂ ਗੁਆ ਚੁੱਕਿਆ ਹੈ। ਦਿਖਾਵਾ, ਸਵਾਰਥੀਪੁਣਾ ਉਸ ਦੀ ਸੋਚ 'ਤੇ ਹਾਵੀ ਹੋ ਚੁੱਕਿਆ ਹੈ। ਅਜੋਕੇ ਅਮੀਰ ਮਨੁੱਖ ਨੇ ਆਪਣੀਆਂ ਵੱਡੀਆਂ ਕਨਾਲਾਂ ਦੇ ਰਕਬੇ ਵਿਚ ਫੈਲੀਆਂ ਕੋਠੀਆਂ ਵਿਚ ਆਪਣੇ ਆਪ ਨੂੰ ਬੰਦ ਕਰ ਲਿਆ ਹੈ ਤੇ ਉਸ ਵਿਚੋਂ ਉਹ ਮਨ ਦੀ ਖੁਸ਼ੀ ਨੂੰ ਲੱਭਣ ਦਾ ਯਤਨ ਕਰ ਰਿਹਾ ਹੈ, ਜੋ ਕਿਸੇ ਪ੍ਰਕਾਰ ਸੰਭਵ ਨਹੀਂ। ਅਜੋਕਾ ਮਨੁੱਖ ਮਨ ਦੀ ਖੁਸ਼ੀ ਖਾਣ ਪੀਣ ਤੇ ਨੱਚਣ ਟੱਪਣ ਦੇ ਜਸ਼ਨਾਂ ਵਿਚੋਂ ਵੀ ਲੱਭ ਰਿਹਾ ਦਿਸਦਾ ਹੈ। ਪਰ ਇਸ ਵਿਚ ਉਸ ਨੂੰ ਹਾਸਲ ਹੋਣ ਵਾਲੀ ਖੁਸ਼ੀ ਕੁਝ ਪਲਾਂ ਦੀ ਹੁੰਦੀ ਹੈ, ਸਥਿਰ ਨਹੀਂ ਹੁੰਦੀ। ਇਵੇਂ ਹੀ ਫੈਸ਼ਨਾਂ ਦੇ ਹੜ ਵਿਚ, ਸੈਕਸ ਤੇ ਨਸ਼ਿਆਂ ਦੇ ਵਹਿਣ ਵਿਚ ਵਹਿ ਰਹੀ ਸਾਡੀ ਨਵੀਂ ਪੀੜ੍ਹੀ ਵੀ ਆਪਣੀਆਂ, ਕੁਝ ਸਾਡੀਆਂ ਨਿਗਰਾਨ ਪੀੜ੍ਹੀਆਂ ਦੀਆਂ ਗਲਤੀਆਂ ਕਰਕੇ ਮਨ ਦੀ ਬਹੁਤ ਥੋੜ ਚਿਰੀ ਝੂਠੀ ਖੁਸ਼ੀ ਕਾਰਣ ਕੁਰਾਹੇ ਤੇ ਬਰਬਾਦੀ ਦੇ ਰਾਹੇ ਪੈ ਚੁੱਕੀ ਹੈ। ਇਹੋ ਜਿਹੀ ਸਭਿਅਤਾ ਵਿਚ ਮਨੁੱਖ ਆਪਣੀ ਅਣਖ, ਰੂਹਾਨੀਅਤ, ਮਨੁੱਖੀ ਅਧਿਕਾਰ ਆਪਣੇ ਜੀਵਨ ਵਿਚੋਂ ਗੁਆ ਚੁਕਿਆ ਹੈ ਤੇ ਉਸ ਵਿਚ ਕਿਸੇ ਵੀ ਤਰ੍ਹਾਂ ਦੇ ਇਖਲਾਕੀ ਗੁਣ ਨਹੀਂ ਬਚੇ। ਅਜਿਹੇ ਯੁਗ ਦੇ ਸਭਿਆਚਾਰ ਨੂੰ ਅਪਨਾ ਕੇ ਇਨਕਲਾਬੀ ਤਬਦੀਲੀ ਦੀ ਭਾਲ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਅਸੀਂ ਭਿਆਨਕ ਤਬਾਹੀ ਦੇ ਕੰਢੇ 'ਤੇ ਖਲੋਤੇ ਹਾਂ, ਮਾਇਆ ਖਾਤਰ ਆਪਣੀ ਔਲਾਦ ਨੂੰ ਗੁਆ ਬੈਠੇ ਹਾਂ। ਖੁਸ਼ੀਆਂ, ਖੇੜੇ ਸਾਡੀ ਜ਼ਿੰਦਗੀ 'ਚ ਗਾਇਬ ਹੋ ਗਏ ਹਨ। ਅਜਿਹੀਆਂ ਖੁਸ਼ੀਆਂ ਤਾਂ ਡਾਕਟਰ ਤੇ ਮਨੋਵਿਗਿਆਨੀ ਵੀ ਨਹੀਂ ਮੋੜ ਕੇ ਲਿਆ ਸਕਦੇ। ਦੂਸਰੇ ਨੂੰ ਲਤਾੜ ਕੇ ਅੱਗੇ ਲੰਘਣਾ, ਝੂਠ, ਕਪਟ ਤੋਲਣਾ ਸਾਡੀ ਜ਼ਿੰਦਗੀ ਦਾ ਨਿਸ਼ਾਨਾ ਬਣ ਗਿਆ ਹੈ। ਧਰਮ ਦਾ ਬੁਰਕਾ ਪਾ ਕੇ ਕੁਕਰਮ ਕਰਨ ਵਾਲੀ ਅਖੌਤੀ ਪੁਜਾਰੀ ਜਮਾਤ ਦਾ ਕਿਰਦਾਰ ਵੀ ਇਸੇ ਸੰਸਾਰੀਕਰਨ ਦੇ ਸਭਿਆਚਾਰ ਦੀ ਉਪਜ ਹੈ। ਮਨ ਦੀ ਖੁਸ਼ੀ ਲਈ ਲੋਕਾਂ ਨਾਲ ਮੇਲ ਜੋਲ, ਮਨੁੱਖੀ ਅਧਿਕਾਰਾਂ ਲਈ ਜੂਝਣਾ, ਵੰਡ ਛੱਕਣਾ-ਛਕਾਉਣਾ, ਆਪਸੀ ਭਾਈਚਾਰਾ, ਮਿਲਵਰਤਨ ਕਾਫੀ ਸਹਾਈ ਹੋ ਸਕਦੇ ਹਨ। ਗੁਰਬਾਣੀ ਵਿਚ ਵਿਚਾਰ ਗੋਸ਼ਟ, ਸੰਗਤ, ਕੀਰਤਨ ਅਤੇ ਲੰਗਰ, ਵੰਡ ਛੱਕਣ ਦਾ ਸਿਧਾਂਤ, ਕਿਰਤ ਕਰਨਾ ਆਦਿ ਸੰਕਲਪ ਰੂਹਾਨੀ ਇਨਕਲਾਬ ਦੀਆਂ ਜਾਮਨ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ;

*ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ॥*
*ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੨੮)

ਸਦੀਵੀ ਖੁਸ਼ੀ, ਰੂਹਾਨੀ ਅਨੰਦ ਪਦਾਰਥਕ ਵਸਤਾਂ ਦੀ ਪ੍ਰਾਪਤੀ ਤੇ ਖਚਿਤ ਹੋਣ 'ਚ ਨਹੀਂ ਮਿਲ ਸਕਦਾ। ਜੇਕਰ ਅਜੋਕਾ ਮਨੁੱਖ ਵੰਡ ਛੱਕਣ ਦੇ ਅਸੂਲ, ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਲਈ ਤਤਪਰ ਰਹੇ ਤਾਂ ਉਸ ਦੀਆਂ ਘੱਟੋ ਘੱਟ ਅੱਧੀਆਂ ਸਮੱਸਿਆਵਾਂ ਖਤਮ ਹੋ ਸਕਦੀਆਂ ਹਨ ਤੇ ਉਸ ਦੇ ਮਨ ਦੀ ਖੁਸ਼ੀ ਉਸ ਨੂੰ ਹਾਸਲ ਹੋ ਸਕਦੀ ਹੈ। ਲੋਭ, ਲਾਲਚ,

ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਅਜੋਕਾ ਮਨੁੱਖ ਸੰਪਤੀ, ਧਨ ਤੇ ਹੋਰ ਮਾਇਕ ਪਦਾਰਥਾਂ ਨੂੰ ਆਪਣਿਆਂ ਜਾਂ ਬੇਗਾਨਿਆਂ ਤੋਂ ਖੋਹ ਕੇ ਹਥਿਆਉਣਾ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਗੁਰਮਤਿ ਸਿਧਾਂਤ ਦੀ ਪੂਰੀ ਅਵੱਗਿਆ ਕਰਦਾ ਹੋਇਆ ਆਪਣੀ ਖੁਸ਼ੀ ਵੀ ਬਰਬਾਦ ਕਰ ਰਿਹਾ ਹੈ ਤੇ ਆਪਣੇ ਨਾਲ ਸੰਬੰਧਿਤ ਅਨੇਕਾਂ ਵਿਅਕਤੀਆਂ ਜਾਂ ਧਿਰਾਂ ਦੀ ਵੀ। ਇਹ ਸਮਝ ਲੈਣਾ ਜ਼ਰੂਰੀ ਹੈ ਕਿ ਧਰਮੀ ਸਦਵਾਉਣ ਵਾਲੇ ਜਿਨ੍ਹਾਂ ਭੇਖੀਆਂ ਨੂੰ ਮਨੁੱਖਤਾ ਦੀ ਚਿੰਤਾ ਨਹੀਂ, ਸਮਾਜ ਵਿਚ ਹੁੰਦੇ ਜਬਰ, ਜ਼ੁਲਮ ਤੇ ਅਨਿਆਂ ਨੂੰ ਦੇਖ ਕੇ ਜੋ ਚੁੱਪੀ ਧਾਰਨ ਕਰੀ ਰੱਖਦੇ ਹਨ, ਉਹ ਰੂਹਾਨੀ ਧਾਰਮਿਕ ਨਹੀਂ ਹੋ ਸਕਦੇ। ਸਮਾਜ ਵਿਚ ਰੂਹਾਨੀ ਇਨਕਲਾਬ ਤੇ ਸਦੀਵੀ ਖੁਸ਼ੀਆਂ ਤਾਂ ਹੀ ਪ੍ਰਾਪਤ ਹੋ ਸਕਣਗੀਆਂ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਗੁਰਮਤਿ ਦੀਆਂ ਸਿਖਿਆਵਾਂ ਅਨੁਸਾਰ ਜ਼ਿੰਦਗੀ ਨੂੰ ਢਾਲਿਆ ਜਾਵੇ। ਗੁਰਮਤਿ ਵਿਚਾਰਧਾਰਾ ਦਾ ਅਗਾਜ਼ ਵੀ ਐਸੇ ਰੂਹਾਨੀ ਇਨਕਲਾਬ ਦਾ ਸੁਨੇਹਾ ਸਾਰੀ ਮਨੁੱਖਤਾ ਤੱਕ ਪਹੁੰਚਾਉਣ ਲਈ ਹੋਇਆ ਸੀ। ਸੋ ਇਸ ਸੱਚੀ ਸੁੱਚੀ ਵਿਚਾਰਧਾਰਾ ਦੇ ਸੁਹਿਰਦ ਵਾਰਸਾਂ ਦਾ ਫਰਜ਼ ਬਣਦਾ ਹੈ ਕਿ ਉਹ ਆਲਸ ਨੂੰ ਤਿਆਗ ਕੇ ਗੁਰੂ ਸਾਹਿਬਾਨ ਵਲੋਂ ਸੌਂਪੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਅੱਗੇ ਆਉਣ ਅਤੇ ਗੁਰਮਤਿ ਵਿਚਾਰਧਾਰਾ ਨੂੰ ਅਧਰਮੀ ਠੇਕੇਦਾਰਾਂ ਤੋਂ ਮੁਕਤ ਕਰਵਾ ਕੇ ਠੋਸ ਅਤੇ ਸਾਰਥਕ ਤਬਦੀਲੀ ਦਾ ਬਾਨਣੂ ਬੰਨਣ। ਚਿੰਤਾਗ੍ਰਸਤ ਮਾਨਸਿਕਤਾ ਨੂੰ ਸਹੀ ਦਿਸ਼ਾ ਦੇ ਕੇ ਗੁਰਮਤਿ ਅਨੁਸਾਰ ਕਲਿਆਣਕਾਰੀ ਕਾਰਜਾਂ ਵੱਲ ਲਾਉਣਾ ਵੱਡਾ ਧਾਰਮਿਕ ਕਾਰਜ ਤੇ ਪੰਥ ਪ੍ਰਸਤੀ ਹੈ।

* * *



# ਅਜੋਕਾ ਵਿਸ਼ਵ ਤੇ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

ਅੱਜ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਤਾਂ ਸਾਡੇ ਸਾਹਮਣੇ ਇਹ ਸੁਆਲ ਚੈਲਿੰਜ ਵਜੋਂ ਖੜ੍ਹਾ ਹੈ ਕਿ ਸਿੱਖ ਧਰਮ ਆਪਣੇ ਆਪ ਨੂੰ ਸਮੇਂ ਦੇ ਹਾਣ ਦਾ ਬਣਾ ਸਕੇਗਾ ਅਤੇ ਅਜੋਕੇ ਵਿਸ਼ਵ ਦੀ ਉਸਾਰੀ ਵਿਚ ਅਜਿਹੀ ਭੂਮਿਕਾ ਨਿਭਾ ਸਕੇਗਾ, ਜਿਸ ਨਾਲ ਸਮੁੱਚਾ ਵਿਸ਼ਵ ਉਸ 'ਤੇ ਮਾਣ ਕਰ ਸਕੇ ? ਮਸਲਾ ਇਸ ਭਾਸ਼ਣ ਬਿਰਤੀ ਨਾਲ ਜੁੜ ਕੇ ਖਤਮ ਨਹੀਂ ਹੋ ਜਾਣਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬੱਤ ਦੇ ਭਲੇ ਦਾ ਮਾਡਲ ਹਨ, ਸਿੱਖ ਕੌਮ ਦਾ ਇਤਿਹਾਸ ਸੁਨਹਿਰੀ ਇਤਿਹਾਸ ਹੈ, ਜੋ ਇਸ ਕੌਮ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੇਗਾ, ਉਹ ਆਪਣੀ ਹੋਂਦ ਗੁਆ ਬੈਠੇਗਾ, ਕਿਉਂਕਿ ਸਿੱਖ ਕੌਮ ਮਾਰਸ਼ਲ ਕੌਮ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਸਿੱਖਾਂ ਨੂੰ ਆਪਣੀਆਂ ਕਮਜ਼ੋਰੀਆਂ ਦੂਰ ਕਰਕੇ ਆਪਸੀ ਵਾਦ ਵਿਵਾਦ ਮਿਟਾ ਕੇ ਅਤੇ ਗੁਰਬਾਣੀ ਦੇ ਇਸ ਆਸ਼ੇ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' (ਪੰਨਾ 1185) ਨੂੰ ਸੱਚੇ ਮਨੋਂ ਆਪਣੇ ਹਿਰਦੇ ਵਿਚ ਵਸਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਤਰਜ਼ੇ ਜ਼ਿੰਦਗੀ ਤੇ ਅਮਲ ਕਰਕੇ ਵਿਸ਼ਵ ਦੇ ਲੋਕਾਂ ਸਾਹਮਣੇ ਇਕ ਉਤਮ ਜੀਵਨ ਵਾਲਾ ਮਾਡਲ ਬਣਨਾ ਚਾਹੀਦਾ ਹੈ ਤਾਂ ਜੋ ਵਿਸ਼ਵ ਦੇ ਲੋਕ ਆਪਣੇ ਆਪ ਇਸ ਧਰਮ ਵੱਲ ਖਿੱਚੇ ਆਉਣ। ਮੈਂ ਉਨ੍ਹਾਂ ਸਿੱਖ ਵਿਦਵਾਨਾਂ ਦੇ ਇਸ ਕਥਨ ਨਾਲ ਬਿਲਕੁਲ ਸਹਿਮਤ ਨਹੀਂ ਕਿ "ਸਿੱਖ ਧਰਮ ਵਿਸ਼ਵ ਦੇ ਛੋਟੇ ਧਰਮਾਂ ਵਿਚ ਹੋਣ ਕਰਕੇ ਸਿੱਖਾਂ ਦੇ ਵਿਸਤਾਰ ਦੀ ਸੰਭਾਵਨਾ ਨਹੀਂ, ਪਰ ਉਹ ਆਪਣੇ ਵਿਚ ਗੁਣ ਪੈਦਾ ਕਰਕੇ ਅਤੇ ਗਿਆਨ ਵਿਗਿਆਨ, ਸਾਹਿਤ ਕਲਾ ਦੇ ਖੇਤਰਾਂ ਵਿਚ ਉਸਾਰੂ ਕਾਰਜ ਕਰਕੇ ਆਪਣੀ ਪਛਾਣ ਸਥਾਪਤ ਕਰ ਸਕਦੇ ਹਨ।"

ਮੈਂ ਇਸ ਵਿਚਾਰ ਦਾ ਧਾਰਨੀ ਹਾਂ ਕਿ ਜੇਕਰ ਸਿੱਖ ਕੌਮ ਗੁਰਬਾਣੀ ਦੀ ਤਰਜ਼ੇ ਜ਼ਿੰਦਗੀ ਅਪਨਾ ਕੇ ਜਾਤ-ਪਾਤ ਵਿਰੁੱਧ ਤਕੜੀ ਲਹਿਰ ਚਲਾ ਕੇ ਨਾਮਦੇਵ ਪੰਥੀਆਂ, ਕਬੀਰ ਪੰਥੀਆਂ, ਰਵਿਦਾਸੀਆਂ ਆਦਿ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਦੇ ਸਮਰੱਥ ਹੋ ਜਾਵੇ ਤਾਂ ਸਿੱਖ ਧਰਮ ਭਾਰਤ ਵਿਚ ਬਹੁਜਨ ਸਮਾਜ ਦਾ ਧਰਮ ਬਣ ਕੇ ਵਿਸ਼ਵ ਦੇ ਲੋਕਾਂ ਨੂੰ ਵੀ ਆਪਣੇ ਵੱਲ ਕੇਂਦਰਿਤ ਕਰ ਸਕੇਗਾ।

ਅਜੋਕਾ ਯੁਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ। ਅਜੋਕੀ ਟੈਕਨਲੋਜੀ, ਯੁਗ ਦੀਆਂ ਪ੍ਰਾਪਤੀਆਂ ਦੀ ਛਾਣਬੀਣ ਨਾਲ ਸਹਿਜੇ ਹੀ ਲਗਾਇਆ ਜਾ ਸਕਦਾ ਹੈ,

ਪਿਛਲੇ ਦਸ ਕੁ ਸਾਲਾਂ ਦੌਰਾਨ ਵਿਗਿਆਨ ਅਤੇ ਤਕਨਾਲੋਜੀ ਨੇ ਸਾਡੀ ਕੌਮ, ਦੇਸ, ਵਿਸ਼ਵ ਅਤੇ ਸਮਾਜ ਦੀ ਨੁਹਾਰ ਬਦਲ ਦਿੱਤੀ ਹੈ ਅਤੇ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਇਸ ਆਉਣ ਵਾਲੇ ਯੁਗ ਵਿਚ ਧਰਮ ਆਪਣੀ ਪਛਾਣ ਕਿਵੇਂ ਕਾਇਮ ਰੱਖੇ। ਕੱਟੜਤਾ ਅਤੇ ਸੰਕੀਰਨਤਾ ਧਾਰਨ ਕਰਕੇ ਕੋਈ ਵੀ ਧਰਮ ਇਸ ਯੁਗ ਵਿਚ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦਾ। ਇਸ ਨਵੇਂ ਯੁਗ ਦੇ ਚੈਲਿੰਜ ਨੂੰ ਕਬੂਲ ਕਰਦਿਆਂ ਰੂਸ ਦੇ ਮਾਰਕਸਵਾਦੀਆਂ ਨੇ ਵੀ ਆਪਣੀ ਪਛਾਣ ਨੂੰ ਇਸਾਈ ਧਰਮ ਨਾਲ ਜੋੜਿਆ ਹੈ। ਜੇਕਰ ਉਹ ਅਜਿਹੀ ਪਹੁੰਚ ਨਾ ਅਪਨਾਉਂਦੇ ਤਾਂ ਇਤਿਹਾਸ ਦੇ ਪੰਨਿਆਂ ਵਿਚ ਨਿਰਹੋਂਦ ਹੋ ਕੇ ਰਹਿ ਜਾਂਦੇ। ਸਿੱਖ ਧਰਮ ਨੂੰ ਵੀ ਆਪਣਾ ਵਜੂਦ ਕਾਇਮ ਰੱਖਣ ਲਈ ਨਵੇਂ ਪ੍ਰਚਾਰ, ਸਾਧਨ ਅਤੇ ਨੀਤੀਆਂ ਨੂੰ ਅਪਨਾਉਣ ਦੀ ਲੋੜ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੂੰਜੀਵਾਦੀ ਵਿਚਾਰਧਾਰਾ ਨੇ ਆਪਣੀ ਚਮਕ ਦਮਕ ਨਾਲ ਪੂਰੇ ਵਿਸ਼ਵ ਨੂੰ ਆਪਣੀ ਜਕੜ ਵਿਚ ਲੈ ਕੇ ਇਸ ਦੀ ਅਰਥ ਵਿਵਸਥਾ ਦਾ ਤਾਣਾ ਪੇਟਾ ਕਸ ਕੇ ਮਨੁੱਖ ਦਾ ਅਸਭਿਆਚਾਰੀਕਰਨ ਕਰ ਦਿੱਤਾ ਹੈ। ਇਸ ਨਾਲ ਮਨੁੱਖ ਦੀ ਹੋਂਦ ਪਿਆਰ, ਸਾਂਝੀਵਾਲਤਾ, ਨੈਤਿਕਤਾ, ਹਮਦਰਦੀ ਅਤੇ ਨਿਰਮਾਣਤਾ ਨਾਲੋਂ ਟੁੱਟ ਕੇ ਮਾਇਆ ਦੇ ਮੋਹ, ਖੁਦਗਰਜ਼ੀ, ਲਾਲਚ ਅਤੇ ਨਿੱਜੀ ਹਿੱਤਾਂ ’ਤੇ ਕੇਂਦਰਿਤ ਹੋ ਗਈ ਹੈ। ਗੁਰਬਾਣੀ ਵਿਚ ਠੀਕ ਆਖਿਆ ਹੈ, “ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥ (ਪੰਨਾ 1414)” ਇਹੀ ਕਾਰਣ ਹੈ ਕਿ ਮਨੁੱਖ ਆਪਣੇ ਆਪ ਨੂੰ ਬੇਗਾਨਾ ਅਤੇ ਆਪਣੇ ਮੂਲ ਨਾਲ ਵਿਯੋਗਿਆ ਮਹਿਸੂਸ ਕਰਨ ਲੱਗ ਪਿਆ ਹੈ। ਵਿਸ਼ਵ ਦੇ ਸਮੁੱਚੇ ਲੋਕ ਅਜਿਹੀ ਵਿਚਾਰਧਾਰਾ ਅਤੇ ਧਰਮ ਦੀ ਭਾਲ ਵਿਚ ਹਨ, ਜੋ ਉਨ੍ਹਾਂ ਨੂੰ ਪੂੰਜੀਵਾਦੀ ਵਿਚਾਰਧਾਰਾ ਵਲੋਂ ਦਿੱਤੀਆਂ ਸਮੱਸਿਆਵਾਂ ਤੋਂ ਬਚਾ ਕੇ ਅਨੰਦ ਦੀ ਅਵਸਥਾ ਅਤੇ ਖੇੜਿਆਂ ਵੱਲ ਲੈ ਜਾਵੇ। ਪ੍ਰਸਿੱਧ ਵਿਸ਼ਵ ਚਿੰਤਕ ਅਲਬਰਟ ਸਵੇਤਜਰ ਆਪਣੀ ਪੁਸਤਕ, “ਐਥਿਕਸ ਐਨ ਇੰਟਰੋਡੈਕਸ਼ਨ ਟੂ ਥੀਉਰੀਜ਼ ਐਂਡ ਪਰਾਬਲਮਜ਼”, ਪੰਨਾ 190 ਵਿਚ ਆਖਦਾ ਹੈ ਕਿ “ਜੇਕਰ ਸਾਡੀ ਸਭਿਅਤਾ ਇੰਦਰਿਆਵੀ (ਪੂੰਜੀਵਾਦੀ) ਸਭਿਅਤਾ ਤੋਂ ਤੋੜ ਵਿਛੋੜਾ ਨਹੀਂ ਕਰਦੀ ਤਾਂ ਉਸ ਨੂੰ ਆਪਣੇ ਅੰਤ ਤੇ ਖੁਦਕੁਸ਼ੀ ਦਾ ਸਾਹਮਣਾ ਕਰਨਾ ਪਵੇਗਾ।” ਇਸੇ ਤਰ੍ਹਾਂ ਦੇ ਵਿਚਾਰ ਵਿਸ਼ਵ ਪ੍ਰਸਿੱਧ ਵਿਦਵਾਨ ਪ੍ਰੋ. ਸਰਕਿਨ ਆਪਣੀ ਪੁਸਤਕ “ਸ਼ੋਸ਼ਿਲ ਐਂਡ ਕਲਚਰਲ ਡਿਨੇਮਿਕਸ”, ਪੰਨਾ 628 ਵਿਚ ਪੇਸ਼ ਕਰਦਾ ਹੋਇਆ ਆਖਦਾ ਹੈ ਕਿ ਜਿੰਨਾ ਚਿਰ ਵਿਸ਼ਵ ਨੂੰ ਸਦਾਚਾਰਕ ਅਤੇ ਧਰਮ ਦੀਆਂ ਰੂਹਾਨੀ ਲੀਹਾਂ ’ਤੇ ਪੂਰੀ ਤਰ੍ਹਾਂ ਤਬਦੀਲ ਨਹੀਂ ਕੀਤਾ ਜਾਂਦਾ, ਜਿੰਨਾ ਚਿਰ ਮਨੁੱਖੀ ਕਦਰਾਂ ਕੀਮਤਾਂ ਦਾ ਧਾਰਨੀ ਨਹੀਂ ਬਣਿਆ ਜਾਂਦਾ, ਓਨਾ ਚਿਰ ਤੱਕ ਵਿਸ਼ਵ ਨੂੰ ਮੁਸ਼ਕਲ ਅਤੇ ਬਦਕਿਸਮਤੀ ਤੋਂ ਛੁਟਕਾਰਾ ਨਹੀਂ ਦਿਵਾਇਆ ਜਾ ਸਕਦਾ।”

ਇਹ ਖੂਬਸੂਰਤੀ ਅਤੇ ਸੁਹਜ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਜੋ ਕਿ ਅਜੋਕੇ ਜੀਵਨ ਵਿਚ ਪ੍ਰਸੰਗਿਕ ਹੋਣ ਕਰਕੇ ਵਿਸ਼ਵ ਦੇ ਲੋਕਾਂ ਨੂੰ ਹਲਤ ਪਲਤ ਸੰਵਾਰਨ ਦਾ ਮਾਰਗ ਦਿਖਾਉਂਦੇ ਹਨ। ਇਸ ਵਿਚ ਨਿਰੰਤਰ ਤਬਦੀਲ ਹੋ ਰਹੇ



ਸਾਮਾਜਿਕ, ਆਰਥਿਕ, ਸਭਿਆਚਾਰਕ ਪ੍ਰਬੰਧ, ਵਿਕਸਤ ਹੋ ਰਹੇ ਨਵੇਂ ਮਨੁੱਖ ਦੇ ਸੰਕਲਪ, ਨਰੋਈਆਂ ਜੀਵਨ ਕੀਮਤਾਂ ਅਤੇ ਅਧਿਆਤਮਕ ਕੀਮਤਾਂ ਆਦਿ ਸੰਬੰਧੀ ਉਲੇਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੇ ਇਸ ਦੁਆਰਾ ਨਿਰਧਾਰਿਤ ਸਾਂਝੀਵਾਲਤਾ ਦਾ ਸੰਕਲਪ “ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ” (ਪੰਨਾ 611) ਦੀ ਮਹੱਤਤਾ ਇਸ ਲਈ ਵੱਧ ਜਾਂਦੀ ਹੈ, ਕਿਉਂਕਿ ਇਹ ਸਿਧਾਂਤ ਲੋਕਾਂ ਵਿਚ ਇਕ ਦੂਸਰੇ ਪ੍ਰਤੀ ਪਿਆਰ ਅਤੇ ਭਾਈਚਾਰੇ ਦੀ ਭਾਵਨਾ ਜਾਗ੍ਰਿਤ ਕਰਕੇ ਉਨ੍ਹਾਂ ਨੂੰ ਬਦਲਣ ਦਾ ਰਾਹ ਰੁਸ਼ਨਾ ਕੇ ਸਰਬੱਤ ਦੀ ਅਜ਼ਾਦੀ ਵੱਲ ਲੈ ਜਾਂਦਾ ਹੈ ਅਤੇ ਮਾਇਆਧਾਰੀ ਪ੍ਰਵਿਰਤੀ ਵਿਚ ਗ੍ਰਸੇ ਮਨਮੁਖ ਨੂੰ ਇਨਸਾਨੀਅਤ ਦਾ ਮਾਰਗ ਦਿਖਾਉਂਦਾ ਹੈ। ਜਦੋਂ ਕਿ ਪੂੰਜੀਵਾਦੀ ਸਿਧਾਂਤ ਸਮਾਜ ਵਿਚ ਖਲਾਅ ਪਾਉਣ ਦਾ ਜ਼ਿੰਮੇਵਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਮਨਲਿਖਤ ਸਲੋਕ ਇਸ ਪ੍ਰਸੰਗ ਵਿਚ ਪੂਰੀ ਤਰ੍ਹਾਂ ਢੁਕਵਾਂ ਹੈ ਕਿ ਮਾਇਆ ਨਾਗਨ ਦੀ ਤਰ੍ਹਾਂ ਹੈ ਜੋ ਕਿ ਜਗਤ ਨੂੰ ਆਪਣੀ ਲਪੇਟ ਵਿਚ ਲੈ ਕੇ ਮਨੁੱਖ ਦੀ ਜ਼ਿੰਦਗੀ ਨੂੰ ਬੇਗਾਨਾ ਬਣਾ ਰਹੀ ਹੈ ;

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੧੦)

ਅੱਜ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਹ ਅਗਵਾਈ ਲੈਣਾ ਚਾਹੁੰਦਾ ਹੈ ਕਿ ਉਹ ਇਸ ਜ਼ਿੰਦਗੀ ਵਿਚ ਕੀ ਕਰੇ ਤੇ ਕੀ ਨਾ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵਨ ਦੇ ਦੋ ਮਾਰਗਾਂ ਦਾ ਉਲੇਖ ਹੈ, ਇਕ ਨਾਮ ਦਾ ਅਤੇ ਦੂਸਰਾ ਮਾਇਆ ਦਾ। ਦੋਹਾਂ ਦਾ ਆਪਸ ਵਿਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਵਿਰੋਧ ਹੈ। ਸਮੱਸਿਆ ਇਕ ਮਾਰਗ ਅਪਨਾਉਣ ਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਮਨੁੱਖ ਨੂੰ ਸਭਿਆਚਾਰਕ, ਸਾਮਾਜਿਕ ਅਤੇ ਸਿਆਸੀ ਤੌਰ ’ਤੇ ਨਾਮ ਦੀ ਤਰਜ਼ੇ ਜ਼ਿੰਦਗੀ ਨੂੰ ਅਪਨਾਉਣ ਤੇ ਬਲ ਦਿੰਦੀ ਹੈ, ਕਿਉਂਕਿ ਮਾਇਆ ਦਾ ਰਾਹ ਝੂਠ, ਦੰਭ ਅਤੇ ਨਿੱਜੀ ਹਿੱਤਾਂ ਦੇ ਕੇਂਦਰਿਤ ਹੋਣ ਕਰਕੇ ਅਕਾਲ ਪੁਰਖ ਅਤੇ ਮਾਨਵਤਾ ਦਾ ਵਿਰੋਧੀ ਹੈ ;

*ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੧੩)

ਗੁਰਬਾਣੀ ਮਾਨਵਤਾ ’ਤੇ ਕੇਂਦਰਿਤ ਹੋ ਕੇ ਮਾਇਆ ਨੂੰ ਮਨੁੱਖੀ ਜੀਵਨ ਦਾ ਵਸੀਲਾ ਸਮਝਦੀ ਹੈ। ਉਹ ਮਾਇਆ ਨੂੰ ਨਿੱਜੀ ਹਿੱਤਾਂ ਲਈ ਵਰਤਣ ਦੀ ਥਾਂ ਮਾਨਵਤਾ ਦੇ ਕਲਿਆਣ ਲਈ ਵਰਤੋਂ ’ਤੇ ਬਲ ਦਿੰਦੀ ਹੈ। ਇਸ ਤਰ੍ਹਾਂ ਗੁਰਬਾਣੀ ਮਨੁੱਖ ਨੂੰ ਮਨਮੁਖ ਤੋਂ ਦੇਵਤਾ ਬਣਨ, ਮਾਇਆ ਦੀ ਤਰਜ਼ੇ ਜ਼ਿੰਦਗੀ ਤੋਂ ਪਾਰਗਾਮੀ ਹੋਣ ਅਤੇ ਨਾਮ ਦਾ ਜੀਵਨ ਅਪਨਾਉਣ ਲਈ ਪ੍ਰੇਰਦੀ ਹੈ। ਦੂਸਰੇ ਸ਼ਬਦਾਂ ਵਿਚ ਆਖ ਸਕਦੇ ਹਾਂ ਕਿ ਗੁਰਬਾਣੀ ਗੁਰਮੁਖ ਨੂੰ ਨਿਵਾਜ਼ਦੀ ਹੈ, ਮਨਮੁਖ ਨੂੰ ਖਬਰਦਾਰ ਕਰਦੀ ਹੈ, ਹਲੂਣਾ ਦਿੰਦੀ ਹੈ, ਜੀਵਨ ਦੀਆਂ ਉਲਝਣਾਂ ਨੂੰ ਸੁਲਝਾਉਂਦੀ ਹੈ ਅਤੇ ਸਮੱਸਿਆਵਾਂ ਨਾਲ ਜੂਝਣਾ ਸਿਖਾਉਂਦੀ ਹੈ। ਗੁਰਬਾਣੀ ਅਨੁਸਾਰ ਜੀਵਨ ਵਿਚ ਸੰਘਰਸ਼ ਕਰਕੇ ਹੀ ਕੁਝ ਪ੍ਰਾਪਤ ਹੋਣਾ ਅਤੇ ਮਨੁੱਖ ਨੇ ਵਿਜੇਤਾ ਹੋਣਾ ਹੈ।

ਵਿਜੇਤਾ ਤਾਂ ਹੋ ਸਕਦਾ ਹੈ ਜੇ ਉਹ ਮਨ ਤਨ ਨੂੰ ਸ਼ੁਧ ਰੱਖੇਗਾ ;

*ਮਨੁ ਤਨੁ ਸੁਧੁ ਜਪਤ ਹਰਿ ਨਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੯੯)

ਗੁਰਬਾਣੀ ਦੇ ਆਸ਼ੇ ਅਨੁਸਾਰ ਮਨੁੱਖ ਦਾ ਖਾਣਾ, ਪਹਿਨਣਾ, ਜਿਉਣਾ ਤੇ ਸੋਚਣਾ ਵਿਕਾਰ ਰਹਿਤ ਹੋਣਾ ਚਾਹੀਦਾ ਹੈ। ਉਨ੍ਹਾਂ ਵਸਤੂਆਂ ਨੂੰ ਤਿਆਗ ਦੇਣਾ ਚਾਹੀਦਾ ਹੈ ਜੋ ਤਨ, ਮਨ, ਬੁਧ, ਸੁਧ ਵਿਚ ਵਿਕਾਰ ਪੈਦਾ ਕਰਦੀਆਂ ਹਨ ;

*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੬)

ਵਿਸ਼ਵ ਵਿਚ ਉਦਯੋਗਿਕ ਵਿਕਾਸ ਦੀ ਰਫਤਾਰ ਹੋਰ ਤੇਜ਼ ਹੋਣ ਦੇ ਨਾਲ-ਨਾਲ ਪੈਸੇ ਦਾ ਪਾਸਾਰ ਦੇ ਇਜਾਫੇ ਵਜੋਂ ਮਲਕ ਭਾਗੋਆਂ ਅਤੇ ਕਈ ਲਾਲੋਆਂ ਵਿਚਕਾਰ ਹੋਰ ਜ਼ਿਆਦਾ ਅੰਤਰ ਦ੍ਰਿਸ਼ਟੀਗਤ ਹੋਇਆ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋਇਆ ਹੈ, ਜਿਸ ਦੇ ਪ੍ਰਤੀਕਰਮ ਵਜੋਂ ਦੁਰਾਚਾਰ, ਬੇਗਾਨਗੀ, ਨਿਰਾਸ਼ਾ, ਸੋਸ਼ਨ, ਸਭਿਆਚਾਰਕ ਰਿਸ਼ਤਿਆਂ ਅਤੇ ਸਾਂਝੇ ਪਰਿਵਾਰਾਂ ਦੀ ਟੁੱਟ ਭੱਜ ਤੇ ਗਿਰਾਵਟ, ਬੇਰੁਜ਼ਗਾਰੀ ਅਤੇ ਵਧ ਰਹੀ ਆਬਾਦੀ ਜਿਹੀਆਂ ਸਮੱਸਿਆਵਾਂ ਜਨਮ ਲੈ ਰਹੀਆਂ ਹਨ। ਮਾਰਕਸਵਾਦ ਦਾ ਆਰਥਿਕ ਸਿਧਾਂਤ ਵੀ ਅਜੋਕੇ ਯੁਗ ਵਿਚ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਨਿਸਫਲ ਹੋਇਆ ਹੈ। ਮਾਰਕਸ ਆਪਣੀ ਪੁਸਤਕ 'ਏ ਕੰਟਰੀਬਿਊਸ਼ਨ ਟੂ ਦੀ ਕਰਿਟੀਕ ਆਫ ਪੋਲਿਟੀਕਲ ਇਕਾਨਮੀ, ਪੰਨਾ 20-21 ਵਿਚ ਆਖਦਾ ਹੈ ; "ਪਦਾਰਥਕ ਜੀਵਨ ਦਾ ਪੈਦਾਵਰੀ ਢੰਗ ਸਾਮਾਜਿਕ, ਰਾਜਨੀਤਕ ਅਤੇ ਬੌਧਿਕ ਜੀਵਨ ਦੇ ਆਮ ਅਮਲ ਨੂੰ ਨਿਸ਼ਚਤ ਕਰਦਾ ਹੈ। ਇਹ ਚੇਤਨਾ ਨਹੀਂ ਜਿਹੜੀ ਮਨੁੱਖਾਂ ਦੀ ਹੋਂਦ ਨੂੰ ਨਿਸ਼ਚਿਤ ਕਰਦੀ ਹੈ, ਸਗੋਂ ਉਨ੍ਹਾਂ ਦੀ ਸਾਮਾਜਿਕ ਹੋਂਦ ਵੀ ਹੈ, ਜਿਹੜੀ ਉਨ੍ਹਾਂ ਦੀ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ।"

ਇਸ ਤਰ੍ਹਾਂ ਮਾਰਕਸ ਮਨੁੱਖੀ ਜੀਵਨ ਅਤੇ ਸਮਾਜ ਦੇ ਪਿਛੇ ਕੰਮ ਕਰਦੇ ਆਰਥਿਕ ਮੰਤਵਾਂ ਦੇ ਮਹੱਤਵ ਨੂੰ ਜ਼ੋਰ ਤਾਂ ਦਿੰਦਾ ਹੈ, ਪਰ ਜੀਵਨ ਲਈ ਹੋਰ ਕਿਸੇ ਚੀਜ਼ ਨੂੰ ਅਹਿਮੀਅਤ ਨਹੀਂ ਦਿੰਦਾ। ਨੈਤਿਕ ਅਤੇ ਰੂਹਾਨੀ ਪੱਖ ਉਸ ਵਿਚੋਂ ਮੂਲੋਂ ਗਾਇਬ ਹਨ। ਸਮਾਜ ਨੂੰ ਆਰਥਿਕ ਖੁਸ਼ਹਾਲੀ ਨਾਲ ਓਨਾ ਚਿਰ ਨਹੀਂ ਜੋੜਿਆ ਜਾ ਸਕਦਾ, ਜਿੰਨਾ ਚਿਰ ਤੱਕ ਆਰਥਿਕ ਵਸੀਲਿਆਂ 'ਤੇ ਕਾਬਜ਼ ਮਾਨਵ ਰੂਹਾਨੀ ਅਤੇ ਇਖਲਾਕੀ ਕੀਮਤਾਂ ਨਾਲ ਨਾ ਜੁੜਿਆ ਹੋਵੇ। ਸੀ.ਈ.ਐਮ. ਜੋਡ ਆਪਣੀ ਪੁਸਤਕ "ਗਾਈਡ ਟੂ ਦੀ ਫਿਲਾਸਫੀ ਆਫ ਮਾਰਲਜ਼ ਐਂਡ ਪਾਲੇਟਿਕਸ" ਪੰਨਾ 618 ਵਿਚ ਆਖਦਾ ਹੈ ਕਿ "ਮਾਰਕਸ ਇਸ ਭੁਲੇਖੇ ਦਾ ਜ਼ਿੰਮੇਵਾਰ ਹੈ ਕਿ ਆਰਥਿਕ ਹਾਲਤ ਅਤੇ ਸ਼ਕਤੀਆਂ ਇਤਿਹਾਸ ਦੀਆਂ ਗਤੀਆਂ ਅਤੇ ਮਨੁੱਖੀ ਮਨ ਦੇ ਵਿਸ਼ਵਾਸਾਂ ਨੂੰ ਨਿਸ਼ਚਤ ਕਰਦੀਆਂ ਹਨ। ਇਤਿਹਾਸ ਦੀ ਮਾਰਕਸਵਾਦੀ ਜਾਂ ਯਥਾਰਥਵਾਦੀ ਵਿਆਖਿਆ, ਅਸਲ ਵਿਚ ਮੂਰਤੀਕਰਨ ਅਤੇ ਵਿਗਿਆਨੀਕਰਨ ਦੀ ਆਦਤ ਨੂੰ ਜੀਵਨ ਉੱਤੇ ਕੁਥਾਂ ਲਾਗੂ ਕਰਨ ਦਾ ਨਤੀਜਾ ਹੈ, ਜਿਸ ਨੂੰ ਅਸੀਂ ਵਿਗਿਆਨਕ ਵਿਧੀ ਦੇ ਇਕ ਲੱਛਣ ਵਜੋਂ ਵੇਖ ਚੁੱਕੇ ਹਾਂ, ਜੇ ਅਸੀਂ ਨਿਸਚਿਤ ਕਰਨ ਵਜੋਂ ਗੱਲ ਕਰਨੀ



ਹੈ ਤਾਂ ਆਓ ਅਸੀਂ ਵੇਖੀਏ ਕਿ ਲੰਮੇ ਦੌਰ ਵਿਚ ਰੂਹਾਨੀਅਤ ਪਦਾਰਥ ਨੂੰ ਨਿਸਚਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਮਨੁੱਖ ਦੀ ਕਦਰਾਂ ਕੀਮਤਾਂ ਬਾਰੇ ਸੂਝ ਹੈ, ਉਸ ਦੇ ਸਦਾਚਾਰ ਦੇ ਨਿਯਮ ਹਨ ਅਤੇ ਗਲਤ ਤੇ ਠੀਕ ਦੇ ਸੁਭਾਅ ਬਾਰੇ ਉਸ ਦੀ ਨੀਝ ਹੈ, ਜਿਹੜੇ ਇਤਿਹਾਸ ਦੀਆਂ ਘਟਨਾਵਾਂ ਅਤੇ ਸਮਾਜ ਦੇ ਰਾਜਨੀਤਕ ਢਾਂਚੇ ਨੂੰ ਨਿਸਚਤ ਕਰਦੇ ਹਨ।"

ਇਸ ਤਰ੍ਹਾਂ ਪਦਾਰਥ ਅਤੇ ਰੂਹਾਨੀਅਤ ਦੇ ਸੁਮੇਲ ਤੋਂ ਮਾਰਕਸ ਦੀ ਫਿਲਾਸਫੀ ਊਣੀ ਹੈ, ਕਿਉਂਕਿ ਮਨੁੱਖ ਅਸਲ ਵਿਚ ਸਦਾਚਾਰਕ ਆਦਰਸ਼ਾਂ ਤੇ ਚੱਲ ਕੇ ਹੀ ਪਦਾਰਥਕ ਖੁਸ਼ੀ ਭੋਗ ਸਕਦਾ ਹੈ, ਨਾ ਕਿ ਪਦਾਰਥਕ ਹਿੱਤਾਂ ਨੂੰ ਅਪਨਾ ਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਰਥਿਕ ਸਿਧਾਂਤ ਅਜੋਕੇ ਵਿਸ਼ਵ ਲਈ ਸਹੀ ਆਰਥਿਕ ਮਾਡਲ ਹੈ, ਕਿਉਂਕਿ ਇਹ ਸਿਧਾਂਤ ਪਦਾਰਥ ਅਤੇ ਰੂਹਾਨੀਅਤ ਦਾ ਮਿਲਗੋਭਾ ਸਿਧਾਂਤ ਹੈ, ਜਿਸ ਵਿਚ ਮਾਨਵਤਾ ਦੀ ਖੁਸ਼ਹਾਲੀ ਮੌਜੂਦ ਹੈ। ਗੁਰਮਤਿ ਦਾ ਆਰਥਿਕ ਸਿਧਾਂਤ ਨਾਮ ਜਪਣ, ਕਿਰਤ ਕਰਨ, ਵੰਡ ਛਕਣ ਨਾਲ ਜੁੜਿਆ ਹੋਣ ਕਰਕੇ ਮਨੁੱਖ ਨੂੰ ਮਾਇਆ ਦੀ ਅੰਧੇਰਗਰਦੀ ਤੋਂ ਬਚਣ ਅਤੇ ਸਹਿਜ ਜੀਵਨ ਅਪਨਾਉਣ ਲਈ ਪ੍ਰੇਰਦਾ ਹੈ ;

*ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ ਮਾਇਆ ਕਉ ਲਪਟਾਨਾ॥*<br>*ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੭੧)

ਗੁਰਬਾਣੀ ਮਨੁੱਖ ਨੂੰ ਇਸ ਪਲਾਇਨਵਾਦੀ ਰੁਚੀ ਵੱਲ ਨਹੀਂ ਮੋੜਦੀ ਕਿ ਉਸ ਨੂੰ ਆਪਣੇ ਆਪ ਨੂੰ ਨਾਮ ਜਪਣ ਤੱਕ ਸੀਮਤ ਰਹਿਣਾ ਚਾਹੀਦਾ ਹੈ ਅਤੇ ਰੋਟੀ ਕਮਾਉਣ ਤੇ ਪਰਿਵਾਰ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ। ਪਰ ਇਸ ਗੱਲ ਵੱਲ ਗੁਰਬਾਣੀ ਮਨੁੱਖ ਨੂੰ ਜ਼ਰੂਰ ਕੇਂਦਰਿਤ ਕਰਦੀ ਹੈ ਕਿ ਨਾਮ ਜਪਣ ਦੇ ਨਾਲ-ਨਾਲ ਉਸ ਨੂੰ ਕਿਰਤ ਕਰਨ ਅਤੇ ਵੰਡ ਛਕਣ ਜਾਂ ਦਸਵੰਧ ਦੇ ਸਿਧਾਂਤ ਨੂੰ ਅਪਨਾਉਣ ਦੀ ਵੀ ਲੋੜ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਕਿਰਤ/ਕਮਾਈ ਅਤੇ ਕੀਰਤੀ/ ਭਗਤੀ ਦਾ ਸੁਮੇਲ ਹੈ। ਨਿੱਜੀ ਹਿੱਤਾਂ ਲਈ ਕੀਤੀ ਕਿਰਤ ਮਨੁੱਖ ਨੂੰ ਝੂਠ, ਲਾਲਚ, ਤਾਮਸ, ਦੁਸ਼ਟਤਾ, ਪਰਾਇਆ ਹੱਕ ਮਾਰਨ ਅਤੇ ਬੇਗਾਨਗੀ ਵੱਲ ਪ੍ਰੇਰਿਤ ਕਰਦੀ ਹੈ। ਇਸੇ ਧਾਰਨਾ ਨੂੰ ਅਪਨਾ ਕੇ ਪੱਛਮੀ ਦੇਸਾਂ ਦੇ ਲੋਕ ਮਾਇਆ ਦੀ ਇਕ ਪਾਸੜ ਦੌੜ ਵਿਚ ਬੇਚੈਨ ਹੋਏ ਭਟਕ ਰਹੇ ਹਨ। ਅਮਰੀਕਾ ਵਰਗੇ ਅਮੀਰ ਅਤੇ ਅਗਾਂਹ ਵਧੂ ਦੇਸ ਦੇ ਲੋਕਾਂ ਕੋਲ ਹਰ ਤਰ੍ਹਾਂ ਦੀਆਂ ਸਹੂਲਤਾਂ ਸੁਖ ਸਾਧਨ ਹੋਣ ਦੇ ਬਾਵਜੂਦ ਉਨ੍ਹਾਂ ਕੋਲ ਜੀਵਨ ਦਾ ਅਨੰਦ ਨਹੀਂ, ਉਨ੍ਹਾਂ ਦੇ ਲੋੜ ਤੋਂ ਵੱਧ ਦੌਲਤ ਕਮਾਉਣ ਦੇ ਲਈ ਸਰੀਰ ਨੂੰ ਮਸ਼ੀਨ ਬਣਾ ਲਿਆ ਹੈ। ਨਤੀਜੇ ਵਜੋਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ। ਇਕ ਅੰਦਾਜ਼ੇ ਅਨੁਸਾਰ ਹਰ ਤੀਜਾ ਅਮਰੀਕਨ ਮਾਨਸਿਕ ਰੋਗੀ ਹੈ। ਇਹ ਤਾਂ ਉਹ ਗੱਲ ਹੈ "ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥"

ਅੱਜ ਅਸਲੀ ਅਨੰਦ ਅਤੇ ਖੇੜਿਆਂ ਭਰੀ ਜ਼ਿੰਦਗੀ ਗ੍ਰਹਿਣ ਕਰਨ ਦੇ ਲਈ ਗੁਰਬਾਣੀ ਦੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਸੰਕਲਪ ਨੂੰ ਆਪ ਅਪਨਾਉਣ ਅਤੇ

ਵਿਸ਼ਵ ਵਿਚ ਪ੍ਰਸਾਰਿਤ ਕਰਨ ਦੀ ਵੀ ਲੋੜ ਹੈ, ਕਿਉਂਕਿ ਗੁਰਬਾਣੀ ਦਾ ਇਹ ਸਿਧਾਂਤ ਪੂੰਜੀਵੰਡ ਦੀ ਇਕਸਾਰਤਾ ਦਾ ਸਿਧਾਂਤ ਹੈ ਜੋ ਕਿ ਮਨੁੱਖ ਨੂੰ ਇਸ ਗੱਲ ਵੱਲ ਇਕਾਗਰ ਕਰਦਾ ਹੈ ਕਿ ਸੰਸਾਰ ਦੀ ਸਾਰੀ ਪੂੰਜੀ ਮਨੁੱਖਤਾ ਦੀ ਸਾਂਝੀ ਮਲਕੀਅਤ ਹੈ। ਦੂਸਰਾ ਧਨ, ਪਦਾਰਥ ਕੇਵਲ ਉਪਜੀਵਕਾ ਦਾ ਸਾਧਨ ਹਨ ਤੇ ਇਹ ਸਭ ਕੁਝ ਇਥੇ ਰਹਿ ਜਾਣਾ ਹੈ। ਤੀਸਰਾ ਅਮੀਰ ਅਮੀਰ ਹੋਣ ਵਿਚ ਕੋਈ ਮਨਾਹੀ ਨਹੀਂ, ਪਰ ਕਮਾਈ ਧਰਮ ਦੀ ਹੀ ਕਰਨੀ ਚਾਹੀਦੀ ਹੈ, ਅਰਥਾਤ ਪਰਾਇਆ ਹੱਕ ਮਾਰਨਾ ਗੁਨਾਹ ਹੈ। ਜਿਵੇਂ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਪੰਨਾ 141)। ਚੌਥਾ ਕਮਾਈ ਦਾ ਦਸਵਾਂ ਹਿੱਸਾ ਲੋਕ ਭਲਾਈ ਵਾਸਤੇ ਜ਼ਰੂਰ ਦੇਣਾ ਚਾਹੀਦਾ ਹੈ। ਗੁਰਬਾਣੀ ਵਿਚ ਮਨੁੱਖ ਨੂੰ ਸਾਫ ਇਸ਼ਾਰਾ ਹੈ ਕਿ ਜੇਕਰ ਉਸ ਨੇ ਜ਼ਿੰਦਗੀ ਅਨੰਦ ਭਰਪੂਰ ਜਿਉਣੀ ਹੈ ਤਾਂ ਉਸ ਨੂੰ ਆਪਣਾ ਮੂਲ ਪਛਾਣ ਕੇ ਸੰਸਾਰਕ ਪਦਾਰਥਾਂ ਦੇ ਲੋਭ ਤੋਂ ਕਿਨਾਰਾ ਕਰਕੇ ਸਹਿਜ ਜੀਵਨ ਨੂੰ ਅਪਨਾਉਣਾ ਚਾਹੀਦਾ ਹੈ ;

*ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੩੪)

ਪਰ ਦੁਖ ਦੀ ਗੱਲ ਇਹ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਇਨ੍ਹਾਂ ਸਿਧਾਂਤਾਂ ਨੂੰ ਨਾ ਆਪ ਸਮਝ ਰਹੇ ਹਾਂ ਅਤੇ ਨਾ ਹੀ ਇਹ ਸਿਧਾਂਤ ਵਿਸ਼ਵ ਦੇ ਲੋਕਾਂ ਤੱਕ ਪੁਜ ਰਿਹਾ ਹੈ। ਜੋ ਦਸਵੰਧ ਅਤੇ ਦਾਨ ਦੇ ਰਹੇ ਹਨ, ਕੇਵਲ ਇਸ ਵਿਸ਼ਵਾਸ ਨਾਲ ਕਿ ਉਸ ਬਦਲੇ ਵਿਚ ਸੈਂਕੜੇ ਗੁਣਾਂ ਧਨ ਜਾਂ ਲਾਭ ਮਿਲੇਗਾ। ਪਰ ਉਸ ਵਿਚ ਪਰਉਪਕਾਰ ਵਾਲੀ ਭਾਵਨਾ ਮੌਜੂਦ ਨਹੀਂ ਹੈ। ਜਿਸ ਸਿਧਾਂਤ ਦੇ ਅਮਲ ਅਭਿਆਸ ਨੇ ਵਿਸ਼ਵ ਵਿਚ ਠੰਡ ਵਰਤਾਉਣੀ ਹੈ, ਉਸ ਨੂੰ ਅਸੀਂ ਭੁਲਦੇ ਜਾ ਰਹੇ ਹਾਂ। ਇਹ ਸਿਧਾਂਤ ਗੁਰਮਤਿ ਵਲੋਂ ਨਕਾਰੇ ਪੁਰਾਤਨ ਦਾਨ ਪੁੰਨ ਵਿਚ ਜਜ਼ਬ ਹੁੰਦਾ ਜਾ ਰਿਹਾ ਹੈ। ਅਜੋਕੇ ਸਮੇਂ ਹਰੇਕ ਦੇਸ, ਧਰਮ ਅਤੇ ਮਨੁੱਖ ਆਪਣੀ ਸਰਦਾਰੀ ਕਾਇਮ ਕਰਨ ਦੇ ਲਈ ਮਾਨਵਘਾਤੀ ਪ੍ਰੋਗਰਾਮ ਤਹਿ ਕਰ ਰਿਹਾ ਹੈ, ਜਿਸ ਕਾਰਣ ਸਮੁੱਚੇ ਵਿਸ਼ਵ ਦਾ ਵਾਤਾਵਰਨ ਦੂਸ਼ਿਤ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਇਸ ਮਾਨਵਘਾਤੀ ਪ੍ਰੋਗਰਾਮ ਨੂੰ ਰੱਦ ਕਰਦਾ ਹੋਇਆ ਕੌਮਾਂਤਰੀ ਪੱਧਰ ਦੀ ਸਿਧਾਂਤਕ ਏਕਤਾ ਵਿਚ ਯਕੀਨ ਰੱਖਦਾ ਹੈ, ਕਿਉਂਕਿ ਇਹ ਸਿਧਾਂਤ 'ਹਲੇਮੀ ਰਾਜ' ਦੇ ਸੰਕਲਪ ਰਾਹੀਂ ਵਚਨਬੱਧ ਹੈ ਕਿ ਮਨੁੱਖ ਨੂੰ ਇਕ ਪਿਤਾ ਵਾਹਿਗੁਰੂ ਦੀ ਔਲਾਦ ਹੋਣ ਦੇ ਨਾਤੇ ਉਚ-ਨੀਚ, ਜਾਤ-ਪਾਤ, ਰੂਪ-ਰੰਗ, ਰੇਖ-ਭੇਖ, ਅਮੀਰ-ਗਰੀਬ, ਕੌਮ-ਦੇਸ, ਧਰਮ-ਸਮਾਜ ਦੇ ਭਿੰਨ ਭੇਦਾਂ ਤੋਂ ਉਪਰ ਉਠ ਕੇ ਵਿਸ਼ਵ ਦੀ ਅਖੰਡਤਾ ਅਤੇ ਸ਼ਾਂਤੀ ਵਿਚ ਯਕੀਨ ਰੱਖਣਾ ਚਾਹੀਦਾ ਹੈ।

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ*
*ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੬੦)

*ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*



(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੭੧)

ਹਲੇਮੀ ਰਾਜ ਦਾ ਸਿਧਾਂਤ ਮਨੁੱਖ ਵਿਚ ਪਈਆਂ ਵੰਡੀਆਂ, ਵੈਰ-ਵਿਰੋਧ, ਦਿਲ ਦਖਾਊ ਪ੍ਰਵਿਰਤੀਆਂ ਨੂੰ ਦੂਰ ਕਰਨ ਦਾ ਸੱਦਾ ਦੇਂਦਾ ਹੋਇਆ ਵਿਸ਼ਵ ਨੂੰ ਸਰਬੱਤ ਦੇ ਭਲੇ ਵੱਲ ਇਕਾਗਰ ਕਰਦਾ ਹੈ ;

*ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ।*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੪)

ਗੁਰਬਾਣੀ, ਰਾਜ ਨੂੰ ਜੀਵਨ ਦਾ ਧਰਮ ਉਦੇਸ਼ ਨਾ ਮੰਨ ਕੇ ਇਸ ਨੂੰ ਮਨੁੱਖ ਦੀ ਪ੍ਰਗਤੀ ਦਾ ਇਕ ਸਾਧਨ ਮੰਨਦੀ ਹੈ, ਜਿਸ ਨਾਲ ਮਨੁੱਖਤਾ ਦਾ ਭਲਾ ਅਤੇ ਵਿਕਾਸ ਹੋ ਸਕੇ। ਜੇਕਰ ਕੋਈ ਸ਼ਾਸ਼ਕ ਸਮਾਜ ਦੇ ਵਿਕਾਸ ਨੂੰ ਅੱਖੋਂ ਉਹਲੇ ਕਰਕੇ ਆਪਣੇ ਹਿੱਤ ਨੂੰ ਪ੍ਰਮੁਖ ਮੰਨਦਾ ਹੈ ਤਾਂ ਗੁਰਬਾਣੀ ਇਸ ਮਾਨਵਘਾਤੀ ਸੁਭਾਅ ਦੀ ਸਖਤ ਵਿਰੋਧਤਾ ਕਰਦੀ ਹੈ ;

*ਭੂਪਤਿ ਹੋਇ ਕੈ ਰਾਜੁ ਕਮਾਇਆ॥ ਕਰਿ ਕਰਿ ਅਨਰਥ ਵਿਹਾਝੀ ਮਾਇਆ॥*
*ਸੰਚਤ ਸੰਚਤ ਥੈਲੀ ਕੀਨ੍ਹੀ॥ ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੯੧-੩੯੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਸ਼ ਰਾਜ ਦੇ ਸਰੂਪ, ਵਸਨੀਕਾਂ ਦੇ ਕਰਤਵ, ਅਧਿਕਾਰ, ਰਾਜਨੀਤਕ ਆਦਰਸ਼ਾਂ ਦਾ ਵੀ ਉਲੇਖ ਹੈ। ਇਹ ਇਕ ਪੁਰਖੀਰਾਜ (ਮੋਨਾਰਕੀ), ਬਹੁਪੱਖੀ ਰਾਜ (ਅਰਿਸਟੋਕਰੇਸੀ), ਲੋਕਤੰਤਰੀ ਰਾਜ (ਡੈਮੋਕਰੇਸੀ) ਨੂੰ ਪ੍ਰਵਾਨ ਨਾ ਕਰਕੇ ਹਲੇਮੀ ਰਾਜ ਅਥਵਾ ਆਈਡੀਉਕਰੇਸੀ ਤੇ ਜ਼ੋਰ ਦਿੰਦੀ ਅਤੇ ਗੁਣਾਤਮਕ ਰਾਜ ਦੀ ਉਸਾਰੀ 'ਤੇ ਬਲ ਦਿੰਦੀ ਹੈ, ਜਿਸ ਵਿਚ ਹਰ ਵਿਅਕਤੀ ਅਥਵਾ ਨਾਗਰਿਕ ਅਨੰਦ ਭਰਪੂਰ ਅਤੇ ਅਜ਼ਾਦੀ ਵਾਲਾ ਜੀਵਨ ਬਤੀਤ ਕਰ ਸਕੇ ;

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ॥*
*ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੫੧)

ਗੁਰਬਾਣੀ ਦਾ ਰਾਜਨੀਤਕ ਸਿਧਾਂਤ ਬਲਸ਼ਾਲੀ ਰਾਜੇ ਅਤੇ ਵਿਅਕਤੀ ਨੂੰ ਆਪਣੇ ਅਹੰਕਾਰ ਨੂੰ ਦੂਰ ਕਰਨ ਲਈ ਅਤੇ ਹਲੇਮੀ ਭਾਵਨਾ ਅਪਨਾਉਣ ਤੇ ਬਲ ਦਿੰਦਾ ਹੋਇਆ ਕਮਜ਼ੋਰ ਰਾਜੇ ਅਤੇ ਵਿਅਕਤੀ ਨਾਲ ਹਮਦਰਦੀ ਭਰਪੂਰ ਵਿਵਹਾਰ ਕਰਨ ਲਈ ਪ੍ਰੇਰਦਾ ਹੈ ਤਾਂ ਜੋ ਮਨੁੱਖੀ ਜੀਵਨ ਖੁਸ਼ਹਾਲੀ ਵਾਲਾ ਬਣ ਸਕੇ ;

*ਜਬ ਲਗੁ ਸਿੰਘੁ ਰਹੈ ਬਨ ਮਾਹਿ॥ ਤਬ ਲਗੁ ਬਨੁ ਫੂਲੈ ਹੀ ਨਾਹਿ॥*
*ਜਬ ਹੀ ਸਿਆਰੁ ਸਿੰਘ ਕਉ ਖਾਇ॥ ਫੂਲਿ ਰਹੀ ਸਗਲੀ ਬਨਰਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੬੧)

ਇਸ ਤਰ੍ਹਾਂ ਗੁਰਬਾਣੀ ਦਾ ਰਾਜਨੀਤਕ ਉਦੇਸ਼ ਬਦੀ ਦੀਆਂ ਤਾਕਤਾਂ ਨੂੰ ਨੇਕੀ ਦੀ

ਨਿਰੰਤਰ ਸੱਤਾ ਦੇ ਅਧੀਨ ਰੱਖਣਾ ਅਤੇ ਮਾਨਵਵਾਦੀ ਅਸੂਲਾਂ ਦੇ ਆਧਾਰ ’ਤੇ ਸਰਬ ਸਾਂਝੀਵਾਲਤਾ ਦੇ ਸੰਕਲਪ ਨੂੰ ਰੂਪਮਾਨ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਿਵੇਕਲੀ ਅਤੇ ਸਿਧਾਂਤਕ ਪੱਖੋਂ ਵਿਸ਼ਵ ਦ੍ਰਿਸ਼ਟੀ ਦੀ ਲਖਾਇਕ ਹੈ ਜੋ ਕਿ ਦੇਸ ਕਾਲ ਦੀਆਂ ਸਮੂਹਿਕ ਹੱਦ ਬੰਦੀਆਂ ਨੂੰ ਪਾਰ ਕਰਕੇ ਸਾਮਾਜਿਕ, ਆਰਥਿਕ ਵਖਰੇਵਿਆਂ ਦੀਆਂ ਸਮੱਸਿਆਵਾਂ ਦਾ ਅਮਲੀ ਤੌਰ ’ਤੇ ਹੱਲ ਹੀ ਨਹੀਂ ਲੱਭਦੀ, ਸਗੋਂ ਸਮੁੱਚੀ ਮਨੁੱਖਤਾ ਨੂੰ ਇਕੋ ਪਛਾਣ ਦੇਣ ਦੇ ਸਮਰੱਥ ਹੈ। ਇਸ ਵੇਲੇ ਸੰਸਾਰ ਦੇ ਡਾਕਟਰ, ਨੇਤਾ ਅਤੇ ਚਿੰਤਕ ਮਨੁੱਖਤਾ ਦੇ ਭਵਿੱਖ ਬਾਰੇ ਚਿੰਤਤ ਹਨ। ਨਵੀਂ ਸਹੇੜੀ ਏਡਜ਼ ਦੀ ਬਿਮਾਰੀ ਨੇ ਸੰਸਾਰ ਦੇ ਮੈਡੀਕਲ ਦਿਮਾਗਾਂ ਨੂੰ ਹੈਰਾਨ ਕਰ ਦਿੱਤਾ ਹੈ। ਸਾਰੇ ਮੁਲਕਾਂ ਵਿਚ ਲੱਖਾਂ ਦੀ ਗਿਣਤੀ ਵਿਚ ਏਡਜ਼ ਦੇ ਮਰੀਜ਼ ਜ਼ਿੰਦਗੀ ਮੌਤ ਵਿਚ ਲਟਕ ਰਹੇ ਹਨ ਅਤੇ ਭਵਿੱਖ ਵਿਚ ਇਸ ਦਾ ਕੋਈ ਇਲਾਜ ਸੰਭਵ ਨਹੀਂ। ਇਸ ਦੇ ਫੈਲਣ ਦਾ ਸਭ ਤੋਂ ਵੱਡਾ ਕਾਰਨ ਹੈ ਪਰ ਇਸਤਰੀ ਪਰ ਮਰਦ ਨਾਲ ਗਮਨ (ਲਿੰਗਕ ਸੰਬੰਧ)। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲਾਂ ਹੀ ਗ੍ਰਿਹਿਸਥ ਜੀਵਨ ਤੋਂ ਬਾਹਰ ਜਾ ਕੇ ਲਿੰਗਕ ਸੰਬੰਧ ਸਥਾਪਿਤ ਕਰਨ ਨੂੰ ਸੱਪ ਨਾਲ ਯਾਰੀ ਪਾਉਣ ਦੇ ਬਰਾਬਰ ਮੰਨਿਆ ਹੈ ;

*ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੦੩)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਵਾਲੇ ਦਿਨ “ਪਰ ਨਾਰੀ ਦੀ ਸੇਜ ਭੁਲ ਸੁਪਨੇ ਹੂ ਨ ਜੈ ਯਹੁ” ਦਾ ਸਿਧਾਂਤ ਪੇਸ਼ ਕਰਕੇ ਪਰਾਈ ਇਸਤਰੀ/ ਪਰਾਏ ਮਰਦ ਨਾਲ ਲਿੰਗਕ ਸੰਬੰਧਾਂ ਦੀ ਕੁਰੀਤੀ ਨੂੰ ਬਜਰ ਕੁਰਾਇਤ ਦੇ ਕੇ ਸਾਰੀ ਸਿੱਖ ਕੌਮ ਨੂੰ ਇਸ ਭਿਆਨਕ ਕੋਹੜ ‘ਏਡਜ਼’ ਤੋਂ ਬਚਾ ਲਿਆ।

ਦੂਸਰੀ ਵੱਡੀ ਚਿੰਤਾ ਡਰਗਜ, ਨਸ਼ੇ, ਤੰਬਾਕੂ ਅਤੇ ਸ਼ਰਾਬ ਹੈ। ਅਮਰੀਕਾ ਵਰਗੇ ਦੇਸ ਵਿਚ ਕੈਂਸਰ ਅਤੇ ਹਾਰਟ ਅਟੈਕ ਦਾ ਵੱਡਾ ਕਾਰਨ ਤੰਬਾਕੂ ਅਤੇ ਸ਼ਰਾਬ ਸੇਵਨ ਨੂੰ ਦਸਿਆ ਹੈ। ਅਮਰੀਕਾ ਕਰੋੜਾਂ ਰੁਪਏ ਖਰਚ ਕਰਕੇ ਆਪਣੇ ਮੁਲਕ ਨੂੰ ਬਚਾਉਣ ਲਈ ਯਤਨਸ਼ੀਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ਾ ਮਨੁੱਖ ਨੂੰ ਨਸ਼ਿਆਂ ਤੋਂ ਨਿਰਲੇਪ ਰਹਿਣ ਲਈ ਪ੍ਰੇਰਦਾ ਹੈ;

*ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੬੦)

ਅੱਜ ਵਿਸ਼ਵ ਵਿਚ ਸਰੀਰਕ ਰੋਗਾਂ ਦੇ ਨਾਲ-ਨਾਲ ਮਾਨਸਿਕ ਰੋਗਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਇਨ੍ਹਾਂ ਰੋਗਾਂ ਤੋਂ ਮੁਕਤ ਕਰਕੇ ਆਨੰਦਮਈ ਜੀਵਨ ਬਖਸ਼ਦੀ ਹੈ ;

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਤਨ ਮਨ ਭਏ ਅਰੋਗਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੧੧)

ਉਪਰੋਕਤ ਚਰਚਾ ਦੇ ਆਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ



ਦੇ ਸਿਧਾਂਤਾਂ ਨੂੰ ਅਮਲੀ ਜੀਵਨ ਵਿਚ ਅਪਨਾ ਕੇ ਹੀ ਨਵੇਂ ਆਦਰਸ਼ਕ ਵਿਸ਼ਵ ਦੀ ਉਸਾਰੀ ਸੰਭਵ ਹੈ। ਇਸ ਲਈ ਪੰਥਕ ਜਥੇਬੰਦੀਆਂ ਨੂੰ ਸਾਂਝੇ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਤੇ ਆਧਾਰਿਤ ਅਜਿਹਾ ਮਾਡਲ ਸਿਰਜਣ ਦੀ ਲੋੜ ਹੈ ਜੋ ਕਿ ਕੌਮਾਂਤਰੀ ਪੱਧਰ ਉੱਪਰ ਹਰ ਪਹਿਲੂ ਉੱਪਰ ਲਾਗੂ ਹੋਵੇ ਅਤੇ ਮਾਨਵਤਾ ਦੀ ਭਲਾਈ ਵਿਚ ਸਹਾਈ ਹੋਵੇ। ਇਸ ਸੰਬੰਧੀ ਕੁਝ ਕੁ ਸੁਝਾਅ ਇਸ ਪ੍ਰਕਾਰ ਹਨ ;

1. ਵਿਸ਼ਵ ਦੇ ਲੋਕਾਂ ਨੂੰ ਅਸਲੀ ਅਨੰਦ ਭਰਪੂਰ ਤਰਜ਼-ਏ ਜ਼ਿੰਦਗੀ ਨਾਲ ਜੋੜਨ ਲਈ ਸਿੰਘ ਸਭਾਵਾਂ, ਵਿਦੇਸ਼ਾਂ ਵਿਚ ਵਸਦੇ ਸਿੱਖਾਂ, ਪੰਥਕ ਜਥੇਬੰਦੀਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਸਵੰਧ ਪ੍ਰਥਾ ਦੇ ਰਾਹੀਂ ਅਜਿਹਾ ਫੰਡ ਖੋਲ੍ਹਣਾ ਚਾਹੀਦਾ ਹੈ ਤਾਂ ਜੋ ਇਸ ਨਾਲ ਗੁਰਮਤਿ ਚੇਤਨਾ, ਸਿੱਖ ਇਤਿਹਾਸ ਅਤੇ ਗੁਰਬਾਣੀ ਸੰਬੰਧੀ ਪੁਸਤਕਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਕੌਮਾਂਤਰੀ ਪੱਧਰ ਤੱਕ ਪਹੁੰਚਾਉਣ ਦੇ ਲਈ ਆਧੁਨਿਕ ਢੰਗਾਂ ਦੀ ਵਰਤੋਂ ਕੀਤੀ ਜਾ ਸਕੇ। ਇਸ ਸੰਬੰਧੀ ਰਾਮਾ ਕ੍ਰਿਸ਼ਨ ਮਿਸ਼ਨ ਅਤੇ ਕਾਦਿਆਨੀ ਮਿਸ਼ਨ ਦੇ ਪ੍ਰਕਾਸ਼ਨ ਵਿਭਾਗਾਂ ਦੇ ਸਫਲ ਢੰਗ ਅਪਨਾਏ ਜਾਣ। ਆਧੁਨਿਕ ਸਮੇਂ ਵਿਚ ਸੈਟੇਲਾਈਟ, ਸੰਚਾਰ ਅਤੇ ਟੈਲੀਵਿਜ਼ਨ ਰਾਹੀਂ ਗੁਰਮਤਿ ਦੀਆਂ ਸਿਖਿਆਵਾਂ ਘਰ-ਘਰ ਪਹੁੰਚਾਉਣ ਲਈ ਵਧੀਆ ਸਾਧਨ ਹਨ। ਇਸ ਤੋਂ ਵੀ ਵੱਡੀ ਲੋੜ ਕੌਮਾਂਤਰੀ ਪੱਧਰ ਦਾ ਸਿੱਖ ਚੈਨਲ ਸਥਾਪਤ ਕਰਨ ਦੀ ਹੈ।

2. ਇਹ ਇਤਿਹਾਸਕ ਸੱਚ ਹੈ ਕਿ 1949 ਈਸਵੀ ਵਿਚ ਜਨੇਵਾ ਵਿਖੇ ਰੈਡ ਕਰਾਸ ਦਾ ਸਿਧਾਂਤ ਹੋਂਦ ਵਿਚ ਆਉਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨਈਏ ਨੂੰ ਮਲਮ ਪੱਟੀ ਦੇ ਕੇ ਸਮਾਜ ਦੀ ਸੇਵਾ ਦਾ ਸਿਧਾਂਤ ਅਮਲੀ ਤੌਰ ’ਤੇ ਪ੍ਰਚਲਿਤ ਕਰ ਦਿੱਤਾ ਸੀ। ਇਸ ਲਈ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਰੋਗੀਆਂ ਦੀ ਸੇਵਾ ਲਈ ਚੈਰੀਟੇਬਲ ਹਸਪਤਾਲ, ਬਜ਼ੁਰਗਾਂ ਲਈ ਆਸ਼ਰਮ, ਯਤੀਮਾਂ ਲਈ ਯਤੀਮਖਾਨੇ, ਗਰੀਬਾਂ ਨੂੰ ਵਿਦਿਅਕ ਦਾਨ ਦੇਣ ਲਈ ਉੱਚ ਪੱਧਰ ਦੀਆਂ ਵਿਦਿਅਕ ਸੰਸਥਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਗਰੀਬ ਲੜਕੀਆਂ ਦੇ ਵਿਆਹ ਕਰਵਾਉਣ ਲਈ ਵਿਸ਼ਵ ਪੱਧਰ ’ਤੇ ਫੈਲੇ ਛੂਤ-ਛਾਤ, ਰੰਗ-ਭੇਦ, ਧਰਮ-ਭੇਦ ਨੂੰ ਦੂਰ ਕਰਨ ਲਈ, ਵਹਿਮਾਂ ਭਰਮਾਂ ਨੂੰ ਦੂਰ ਕਰਨ ਲਈ ਪ੍ਰਬੰਧ ਕਰਨੇ ਚਾਹੀਦੇ ਹਨ।

3. ਅੱਜ ਸਿੱਖ ਧਰਮ ਨੂੰ ਵਿਸ਼ਵ ਦੇ ਸਭਿਆਚਾਰ ਵਿਚ ਆਈ ਅਧੋਗਤੀ ਦੇ ਮੁਖ ਕਾਰਣਾਂ ਦੀ ਨਿਸ਼ਾਨਦੇਹੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਤੇ ਆਧਾਰਿਤ ਸਿਸਟਮ ਤਹਿਤ ਉਨ੍ਹਾਂ ਦਾ ਹੱਲ ਖੋਜਣਾ ਚਾਹੀਦਾ ਹੈ ਅਤੇ ਭਾਸ਼ਾਵਾਂ ਦੀ ਸਾਂਝ ਨੂੰ ਸਮਝਦੇ ਹੋਏ ਵਿਸ਼ਵ ਦੇ ਲੋਕਾਂ ਨੂੰ ਸਿੱਖ ਸਭਿਆਚਾਰ ਨਾਲ ਜੋੜਨਾ ਚਾਹੀਦਾ ਹੈ।

4. ਸੰਯੁਕਤ ਰਾਸ਼ਟਰ ਸੰਸਥਾ ਯੂਰਪੀ ਤੇ ਵਿਸ਼ਵ ਭਰ ਦੇ ਦੇਸਾਂ ਵਿਚ ਸਿੱਖ ਸੂਚਨਾ ਕੇਂਦਰਾਂ ਦੀ ਸਥਾਪਨਾ ਹੋਣੀ ਚਾਹੀਦੀ ਹੈ। ਸੰਸਾਰ ਭਰ ਦੀਆਂ ਲੋਕ ਲਹਿਰਾਂ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਜੂਝ ਰਹੀਆਂ ਸੰਸਥਾਵਾਂ ਨਾਲ ਤਾਲਮੇਲ ਰੱਖਣਾ ਜ਼ਰੂਰੀ ਹੈ। ਸਰਬੱਤ ਦੇ ਭਲੇ ਤੇ ਸੰਸਾਰ ਭਰ ਦੀ ਖੁਸ਼ਹਾਲੀ ਦੇ ਪ੍ਰਸੰਗ ਵਿਚ ਸਮਾਜ ਦੇ ਭਲੇ ’ਤੇ ਆਰਥਿਕ ਬਰਾਬਰੀ

ਲਈ ਉਚੇਚੇ ਯਤਨ ਕਰਦਿਆਂ ਨਰੋਈ ਗੁਰਮਤਿ ਸੇਧ ਦਾ ਲੋਕਾਂ ਵਿਚ ਲਗਾਤਾਰ ਪ੍ਰਚਾਰ ਕਰਨਾ ਚਾਹੀਦਾ ਹੈ। ਕੌਮ ਨੂੰ ਆਪਣੇ ਫਜ਼ੂਲ ਖਰਚੇ ਘਟਾਉਣ ਦੀ ਅਤੇ ਵਿਲਾਸੀ ਜੀਵਨ ਨੂੰ ਤਿਆਗਣ ਦੀ ਅਤਿਅੰਤ ਲੋੜ ਹੈ। ਇਸ ਲਈ ਵਿਆਹ, ਸ਼ਾਦੀਆਂ, ਹੋਰ ਸਮਾਗਮਾਂ ਤੇ ਘੱਟ ਖਰਚਾ ਕਰਨ ਦੀ ਜ਼ਰੂਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮੁਖੀ ਲਿਪੀ ਵਿਚ ਹੈ, ਇਸ ਲਈ ਸਿਧਾਂਤ ਨੂੰ ਪ੍ਰਸਾਰਿਤ ਅਤੇ ਸੰਚਾਰਿਤ ਕਰਨ ਲਈ ਪੰਜਾਬੀ ਭਾਸ਼ਾ ਪੜ੍ਹਨ ਅਤੇ ਪੜ੍ਹਾਉਣ ਲਈ ਵੀ ਯਤਨ ਅਤੇ ਪਾਲਿਸੀ ਤਹਿ ਕਰਨ ਦੀ ਅਹਿਮ ਲੋੜ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪਹੁੰਚ ਵਿਧੀਆਂ ਅਪਨਾਉਣ ਨਾਲ ਸਿੱਖ ਧਰਮ ਵਿਸ਼ਵ ਦੇ ਨਵ-ਸਭਿਆਚਾਰ ਦੀ ਸਿਰਜਣਾ ਲਈ ਇਕ ਖੁਸ਼ਹਾਲ ਮਾਨਵ ਜੀਵਨ ਦਾ ਮਾਡਲ ਲੈ ਕੇ ਪੇਸ਼ ਹੋ ਸਕੇਗਾ। ਇਸ ਪਹੁੰਚ ਅਪਨਾਉਣ ਨਾਲ ਸਮੁੱਚੇ ਵਿਸ਼ਵ ਦੇ ਲੋਕ ਸਿੱਖ ਧਰਮ ਵੱਲ ਆਪ ਮੁਹਾਰੇ ਖਿੱਚੇ ਆਉਣਗੇ ਅਤੇ ਸਮੁੱਚੀ ਮਾਨਵਤਾ ਇਸ ਤੋਂ ਲਾਹਾ ਲਵੇਗੀ। ਟਾਇਨਬੀ ਨੇ ਐਵੇਂ ਨਹੀਂ ਸੀ ਕਹਿ ਦਿੱਤਾ ਕਿ "ਵਿਸ਼ਵ ਵਿਚ ਕੇਵਲ ਸਿੱਖ ਧਰਮ ਹੀ ਅਜਿਹਾ ਧਰਮ ਹੈ, ਜੋ ਸਮੁੱਚੇ ਤੌਰ 'ਤੇ ਸਥੂਲ ਤੋਂ ਹਟ ਕੇ ਸ਼ਬਦ ਨਾਲ ਜੁੜਿਆ ਹੋਇਆ ਹੈ ਅਤੇ ਭਵਿੱਖ ਵਿਚ ਸਿੱਖ ਧਰਮ ਦਾ ਇਹ ਸਿਧਾਂਤ ਸੰਸਾਰ ਦੇ ਲਈ ਚਾਨਣ ਮੁਨਾਰਾ ਸਿੱਧ ਹੋਵੇਗਾ।" ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਮਾਡਲ ਨੂੰ ਪਹਿਲਾਂ ਅਪਨਾਉਣ ਦੀ ਅਤੇ ਫਿਰ ਵਿਸ਼ਵ ਵਿਚ ਪ੍ਰਚਾਰਨ ਦੀ ਤਾਂ ਹੀ ਅਸੀਂ ਨਵੇਂ ਵਿਸ਼ਵ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕਾਂਗੇ।

* * *



# ਗੁਰਬਾਣੀ ਦਾ ਨਾਮ ਸਿਮਰਨ ਅਤੇ ਅਜ਼ਾਦ ਮਨੁੱਖ

ਨਾਮ ਸਿਮਰਨ ਗੁਰਬਾਣੀ ਦਾ ਕੇਂਦਰੀ ਸਿਧਾਂਤ ਹੈ। ਸਮੁੱਚੀ ਗੁਰਬਾਣੀ ਨਾਮ ਜਪਣ, ਨਾਮ ਸਮਝਣ ਉਪਰ ਬਲ ਦੇਂਦੀ। ਗੁਰਬਾਣੀ ਅਨੁਸਾਰ ਜੇਕਰ ਮਨੁੱਖ ਨੇ ਜੀਵਨ ਮੁਕਤ ਹੋਣਾ ਹੈ ਤਾਂ ਉਸ ਨੂੰ ਨਾਮ ਸਿਮਰਨ ਕਰਨਾ ਪਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਨਾਮ ਹਨ ਅਤੇ ਉਨ੍ਹਾਂ ਵਿਚ ਦਰਜ ਸਮੁੱਚੀ ਬਾਣੀ ਅਨੁਸਾਰ ਜੀਵਨ ਬਤੀਤ ਕਰਨਾ ਨਾਮ ਦੇ ਰਾਹੇ ਪੈਣਾ ਹੈ। ਕਹਿਣ ਤੋਂ ਭਾਵ ਸਿਰਫ ਨਾਮ ਜਪਣਾ ਹੀ ਨਹੀਂ, ਸਗੋਂ ਉਸ ਨਾਮ ਨੂੰ ਸਮੁੱਚੀ ਜ਼ਿੰਦਗੀ ਵਿਚ ਅਪਨਾਉਣਾ ਹੈ ਅਤੇ ਅਜ਼ਾਦ ਮਨੁੱਖ ਅਰਥਾਤ ਗੁਰਮੁਖ ਹੋ ਨਿਬੜਨਾ ਹੈ। ਗੁਰਬਾਣੀ ਨਾਮ ਦਾ ਇਨਕਲਾਬ ਹੈ, ਸ਼ਕਤੀ ਹੈ ਜੋ ਕਿ ਮਾਇਆ ਦੇ ਜੂਲੇ ਹੇਠ ਨਪੀੜੀ ਮਨੁੱਖਤਾ ਨੂੰ ਅਜ਼ਾਦ ਮਨੁੱਖ ਬਣਨ ਦਾ ਬਲ ਬਖਸ਼ਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ;

*ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ॥*
*ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮ ਲਿਵ ਲਾਏ ਰਾਮ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੭੧)

ਅਰਥਾਤ ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਕਰਨ ਦੇ ਲਈ ਨਾਮ ਦੇ ਲੜ ਲੱਗਣਾ ਪਵੇਗਾ ਅਤੇ ਇਹ ਨਾਮ ਸੱਚੀ ਸੰਗਤ ਨਾਲ ਮੇਲ ਕਰਕੇ ਹਾਸਲ ਹੋ ਸਕਦਾ ਹੈ।

ਭਾਰਤ ਵਿਚ ਦੋ ਹੀ ਵੱਡੀਆਂ ਇਨਕਲਾਬੀ ਲਹਿਰਾਂ ਹੋਈਆਂ ਹਨ, ਜਿਨ੍ਹਾਂ ਨੇ ਅਜ਼ਾਦ ਮਨੁੱਖ ਦੇ ਸੰਕਲਪ ਨੂੰ ਸਿਰਜਿਆ ਹੈ। ਇਕ ਬੁੱਧ ਲਹਿਰ (600 ਈਸਵੀ ਪੂਰਨ ਤੋਂ 200 ਈਸਵੀ) ਅਤੇ ਦੂਜੀ ਸਿੱਖ ਲਹਿਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੱਚੇ ਸੌਦੇ ਤੋਂ ਸ਼ੁਰੂ ਹੋਈ, ਜਿਸ ਦੌਰਾਨ ਬ੍ਰਾਹਮਣਵਾਦ ਦੇ ਸਤਾਏ ਭਗਤਾਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਇਆ। ਬੁੱਧ ਲਹਿਰ ਤੋਂ ਪਹਿਲਾਂ ਬ੍ਰਾਹਮਣਵਾਦ ਦਾ ਬੋਲਬਾਲਾ ਸੀ, ਕਰਮਕਾਂਡ, ਜਾਤ-ਪਾਤ, ਛੂਤ-ਛਾਤ, ਊਚ-ਨੀਚ ਦੀਆਂ ਜੰਜ਼ੀਰਾਂ ਵਿਚ ਸਮਾਜ ਜਕੜਿਆ ਹੋਇਆ ਸੀ। ਮਹਾਰਾਜਾ ਅਸ਼ੋਕ ਦੇ ਸਮੇਂ ਬੁੱਧ ਧਰਮ ਰਾਜ ਦਾ ਧਰਮ ਬਣ ਗਿਆ, ਪਰ ਇਸ ਦੇ ਨਾਲ ਹੀ ਇਹ ਕ੍ਰਾਂਤੀ ਨਿਘਾਰ ਦੇ ਰਾਹੇ ਪੈ ਗਈ। ਤਪ ਤੋਂ ਰਾਜ ਤੇ ਰਾਜ ਤੋਂ ਨਰਕ ਵਾਲਾ ਚੱਕਰ ਇਸ ਲਹਿਰ ਨੂੰ ਭੁਗਤਣਾ ਪਿਆ। ਤਦ 200 ਈਸਵੀ ਤੋਂ ਬਾਅਦ ਬ੍ਰਾਹਮਣਵਾਦ ਨੇ ਮੁੜ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਦੌਰਾਨ ਬ੍ਰਾਹਮਣਵਾਦ ਦੀ ਮੁੜ ਉਸਾਰੀ ਲਈ

ਸ਼ਾਸਤਰ ਤੇ ਸੂਤਰ ਰੱਚੇ ਗਏ ਅਤੇ ਦੂਸਰੇ ਪਾਸੇ ਬ੍ਰਾਹਮਣਵਾਦ ਨੇ ਬੋਧੀਆਂ ਨੂੰ ਆਪਣੀ ਕਰਮਕਾਂਡੀ ਵਿਚਾਰਧਾਰਾ ਨਾਲ ਜੋੜਨ ਲਈ ਮਹਾਤਮਾ ਬੁੱਧ ਨੂੰ ਵਿਸ਼ਨੂੰ ਦੇ ਅਵਤਾਰ ਦੇ ਰੂਪ ਵਿਚ ਪੇਸ਼ ਕਰ ਦਿੱਤਾ। ਜਿਨ੍ਹਾਂ ਬੋਧੀਆਂ ਨੇ ਇਸ ਨੀਤੀ ਦਾ ਵਿਰੋਧ ਕੀਤਾ, ਉਨ੍ਹਾਂ ਨੂੰ ਬੇਕਿਰਕੀ ਨਾਲ ਖਤਮ ਕਰ ਦਿੱਤਾ। ਇਸ ਤਰ੍ਹਾਂ ਬ੍ਰਾਹਮਣਵਾਦ ਨੂੰ ਬੁੱਧ ਧਰਮ ਦੇ ਅਸਲੀ ਸਰੂਪ ਨੂੰ ਖਤਮ ਕਰਦਿਆਂ ਹੀ ਪੰਜ ਸੌ ਸਾਲ ਲੱਗੇ। ਸਤਵੀਂ ਸਦੀ ਦਾ ਰਾਜਾ ਹਰਸ਼ ਵਰਧਨ ਆਖਰੀ ਉਮਰ ਵਿਚ ਬੋਧੀ ਬਣ ਗਿਆ ਸੀ। ਪਰ ਇਸ ਸਮੇਂ ਬੁੱਧ ਧਰਮ ਵਿਨਾਸ਼ ਦੇ ਰਾਹੇ ਪੈ ਗਿਆ ਸੀ। ਅੱਠਵੀਂ ਸਦੀ ਦੇ ਬ੍ਰਾਹਮਣਵਾਦੀ ਸੰਸਥਾਪਕ ਸ਼ੰਕਰਾਚਾਰੀਆ ਨੇ ਭਾਰਤ ਵਿਚ ਬੁੱਧ ਧਰਮ ਨੂੰ ਸ਼ਾਸਤਰਾਂ ਤੇ ਸ਼ਸਤਰਾਂ ਨਾਲ ਖਤਮ ਕਰ ਦਿੱਤਾ, ਉਨ੍ਹਾਂ ਨੇ ਬੋਧੀਆਂ ਦੇ ਗ੍ਰੰਥ ਅਤੇ ਮੱਠ ਤੱਕ ਸਾੜ ਦਿੱਤੇ।

ਇਸ ਨਵ ਬ੍ਰਾਹਮਣਵਾਦ ਨੂੰ ਭਗਤਾਂ, ਗੁਰੂਆਂ ਨੇ ਚੈਲਿੰਜ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਕਰਕੇ ਅਜ਼ਾਦ ਮਨੁੱਖ ਅਤੇ ਜੀਵਨ ਮੁਕਤੀ ਦਾ ਸੰਕਲਪ ਸਿਰਜਿਆ। ਗੁਰੂਆਂ ਦਾ ਨਿਸ਼ਾਨਾ ਕੇਵਲ ਮਨੁੱਖ ਨੂੰ ਜਾਤ-ਪਾਤ, ਵਹਿਮ-ਭਰਮ ਤੇ ਆਤਮਿਕ ਗਿਲਾਨੀ ਵਿਚੋਂ ਮੁਕਤ ਕਰਨਾ ਨਹੀਂ ਸੀ, ਸਗੋਂ ਢੱਠੇ ਹੋਏ ਲੋਕਾਂ ਤੇ ਪਛੜੀ ਹੋਈ ਕਿਸਾਨੀ ਵਿਚੋਂ ਗੁਰੂਆਂ ਨੇ ਅਜਿਹੇ ਸਵੈਮਾਣ ਵਾਲੇ ਮਨੁੱਖਾਂ ਦੀ ਸਿਰਜਣਾ ਕਰਨੀ ਸੀ ਜੋ ਅਕਾਲ ਪੁਰਖ ਅਤੇ ਸਰਬੱਤ ਅਜ਼ਾਦੀ ਵਿਚ ਵਿਸ਼ਵਾਸ ਰੱਖਦੇ ਹੋਣ, ਸੱਚ, ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜੂਝ ਮਰਨ ਲਈ ਤਿਆਰ ਰਹਿਣ। ਜੇਕਰ ਲੋੜ ਪਵੇ ਤਾਂ ਸਰਬੱਤ ਹਿੱਤਾਂ, ਸੱਚ ਦੀ ਰਖਿਆ ਅਤੇ ਮਨੁੱਖੀ ਅਜ਼ਾਦੀ ਲਈ ਜਾਨ ਵਾਰਨ ਤੋਂ ਗੁਰੇਜ਼ ਨਾ ਕਰਨ। ਭਾਈ ਗੁਰਦਾਸ ਜੀ ਸਿੱਖਾਂ ਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਦੇ ਹੋਏ ਆਖਦੇ ਹਨ 'ਚੜ੍ਹਿਆ ਸੋਧਨ ਧਰਤ ਲੋਕਾਈ' ਇਸ ਦਾ ਅਰਥ ਹੈ ਕਿ ਸਤਿਗੁਰੂ ਨਾਨਕ ਸਾਹਿਬ ਨੇ ਕਰਮਕਾਂਡਾਂ, ਦੁਰਾਚਾਰ, ਜ਼ੁਲਮ, ਧੱਕੇਸ਼ਾਹੀ ਦੇ ਵਿਰੁੱਧ ਅਵਾਜ਼ ਉਠਾ ਕੇ ਜੀਵਨ ਮੁੱਲਾਂ ਦੀ ਰੱਖਿਆ ਕੀਤੀ ਅਤੇ ਅਨੰਦਮਈ ਜੀਵਨ ਦੀ ਸੰਭਾਵਨਾ ਬਣਾਈ। ਗੁਰੂ ਜੀ ਦਾ ਨਿਸ਼ਾਨਾ ਨਾਮ ਨਾਲ ਰੱਤੇ ਅਜ਼ਾਦ ਮਨੁੱਖ ਨੂੰ ਸਮਾਜ ਸਾਹਮਣੇ ਮਾਡਲ ਰੂਪ ਵਿਚ ਪੇਸ਼ ਕਰਨਾ ਸੀ ਤਾਂ ਜੋ ਸਮਾਜ ਕਰਮਕਾਂਡਾਂ, ਝੂਠ, ਹਰੇਕ ਤਰ੍ਹਾਂ ਦੇ ਸ਼ੋਸ਼ਣ ਤੇ ਜ਼ੁਲਮ ਤੋਂ ਮੁਕਤ ਹੋ ਸਕੇ। ਨਾ ਕੋ ਹਿੰਦੂ ਨਾ ਮੁਸਲਮਾਨ ਵਾਲੀ ਸਾਖੀ ਦਾ ਸੁਨੇਹਾ ਇਹੀ ਹੈ ਕਿ ਗੁਰੂ ਜੀ ਦੇ ਸਮੇਂ ਧਰਮ ਨਾਮ ਦੀ ਚੀਜ਼ ਨਾ ਹਿੰਦੂਆਂ ਵਿਚ ਰਹਿ ਗਈ ਸੀ ਤੇ ਨਾ ਹੀ ਮੁਸਲਮਾਨ ਧਰਮ ਨੂੰ ਸਹੀ ਅਰਥਾਂ 'ਚ ਸਮਝ ਰਹੇ ਸਨ ਅਤੇ ਗੁਰੂ ਜੀ ਨੇ ਨਵੇਂ ਧਰਮ ਦੀ ਨੀਂਹ ਰੱਖ ਕੇ ਅਜ਼ਾਦ ਮਨੁੱਖ ਦੀ ਸਿਰਜਣਾ ਕੀਤੀ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ, ਗੋਸ਼ਟਾਂ ਰਾਹੀਂ ਹਰੇਕ ਧਰਮ ਦੇ ਮਨੁੱਖ, ਜ਼ਾਲਮ ਰਾਜੇ, ਠੱਗ, ਚੋਰ, ਫਕੀਰ ਨਾਲ ਸੰਵਾਦ ਰਚਾਇਆ ਅਤੇ ਅਜ਼ਾਦ ਮਨੁੱਖ ਦੇ ਸੰਕਲਪ ਨਾਲ ਜੋੜਿਆ ਜੋ ਕਿ ਸਿੱਧਾ ਅਕਾਲ ਪੁਰਖ ਨਾਲ ਜੁੜਿਆ ਹੋਵੇ। ਉਨ੍ਹਾਂ ਨੇ ਆਪਣੇ ਸ਼ੁਭ ਵਿਚਾਰਾਂ ਰਾਹੀਂ ਬ੍ਰਹਮ, ਬ੍ਰਹਿਮੰਡ ਤੋਂ ਲੈ ਕੇ ਜੀਵਾਤਮਾ, ਸਮਾਜ, ਰਾਜਨੀਤੀ, ਧਰਮ ਤੇ ਸਦਾਚਾਰਕ ਜੀਵਨ ਤੱਕ ਹਰੇਕ ਵਿਸ਼ੇ ਬਾਰੇ ਦ੍ਰਿੜ ਕਰਾਇਆ ਤੇ ਪੁਰਾਤਨ ਚਲੇ



ਆ ਰਹੇ ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਨੂੰ ਰੱਦ ਕਰ ਦਿੱਤਾ। ਮਨੁੱਖ ਨੂੰ ਹਦਾਇਤ ਦਿੱਤੀ ਕਿ ਉਹ ਆਪਾ ਚੀਨਣ ਲਈ ਨਾਮ ਮਾਰਗ ਉਪਰ ਚਲੇ ;

*ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ॥*
*ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੦੯-੧੦)

ਗੁਰਬਾਣੀ ਦਾ ਨਾਮ ਵੇਦਾਂਤ ਵਰਗਾ ਨਹੀਂ ਕਿ ਨਾਮ ਜਪ ਲਿਆ, ਪੰਡਤਾਂ ਨੂੰ ਦਾਨ ਕਰ ਦਿੱਤਾ, ਤੀਰਥ ਯਾਤਰਾ ਕਰ ਲਈ, ਕਹਾਣੀ ਮੁਕ ਗਈ। ਜੇਕਰ ਅਜਿਹਾ ਹੁੰਦਾ ਤਾਂ ਗੁਰੂ ਨੂੰ ਨਵੇਂ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਨਵੇਂ ਧਰਮ ਸਿੱਖ ਧਰਮ ਨੂੰ ਸਿਰਜਣ ਦੀ ਲੋੜ ਨਹੀਂ ਸੀ, ਉਹ ਪੁਰਾਤਨ ਹਿੰਦੂ ਧਰਮ ਦੀ ਰਚਨਾ ਨੂੰ ਸੁਧਾਰ ਕੇ ਇਸੇ ਵੈਦਿਕ ਧਰਮ ਨੂੰ ਅਗਾਂਹ ਵਿਕਸਤ ਕਰ ਦਿੰਦੇ। ਪਰ ਗੁਰੂ ਦਾ ਨਿਸ਼ਾਨਾ ਮਨੁੱਖਤਾ ਦਾ ਵਿਗਿਆਨਕ ਧਰਮ ਸਿਰਜਣਾ ਸੀ ਜੋ ਕਿ ਕਰਮਕਾਂਡਾਂ, ਜਾਤਪਾਤੀ ਸਿਸਟਮ ਤੋਂ ਰਹਿਤ ਹੋਵੇ, ਮਾਨਵਵਾਦੀ ਹੋਵੇ ਅਤੇ ਜਿਸ ਦਾ ਮੂਲ ਆਧਾਰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਹੋਵੇ। ਇਸ ਤਰ੍ਹਾਂ ਗੁਰਬਾਣੀ ਦਾ ਨਾਮ ਸਿਰਫ ਜਪਣ ਤੱਕ ਸੀਮਤ ਨਹੀਂ, ਸਗੋਂ ਨਾਮ ਜਪਣ ਦੇ ਨਾਲ-ਨਾਲ ਜੀਵਨ ਦਾ ਪਲ-ਪਲ ਗੁਰੂ ਦੀਆਂ ਸਿਖਿਆਵਾਂ ਅਨੁਸਾਰ ਢਾਲਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਰ-ਵਾਰ ਮਨੁੱਖ ਨੂੰ ਨਾਮ ਜਪਣ ਦੀ ਇਸ ਲਈ ਪ੍ਰੇਰਣਾ ਦਿੱਤੀ ਹੈ ਕਿ ਉਹ ਗੁਰੂ ਨੂੰ ਹਮੇਸ਼ਾਂ ਚੇਤਾ ਰਖੇ, ਆਪਣੀ ਯਾਦ 'ਚੋਂ ਗੁਰੂ ਦੀ ਸਿਖਿਆ ਨੂੰ ਨਾ ਵਿਸਾਰੇ, ਸਗੋਂ ਉਸ ਉਪਰ ਦ੍ਰਿੜ੍ਹਤਾ ਨਾਲ ਪਹਿਰਾ ਦੇ ਕੇ ਆਪਣਾ ਜੀਵਨ ਸਫਲਾ ਕਰੇ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਨਾਮ 'ਚ ਰੰਗਿਆ ਸਤਿਗੁਰੂ ਕਲਜੁਗ ਜਹਾਜ਼ ਨੂੰ ਤਾਰਨ ਦੇ ਸਮਰੱਥ ਹੈ, ਗੁਰਮੁਖ ਅਰਥਾਤ ਗੁਰੂ ਨਾਮ ਨਾਲ ਬੱਝਿਆ ਮਨੁੱਖ ਹੀ ਪਾਰ ਹੋ ਸਕਦਾ ਹੈ, ਕਿਉਂਕਿ ਉਹ ਸੱਚਾ ਹੁੰਦਾ ਹੈ ;

*ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥*
*ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੫੨)

ਗੁਰਬਾਣੀ ਪਦਾਰਥਵਾਦੀ ਸਰਦਾਰੀ, ਨਿਜ਼ਾਮ, ਹਕੂਮਤ, ਸਮਾਜ ਨੂੰ ਮੁੱਢੋਂ ਹੀ ਰੱਦ ਕਰਦੀ ਹੈ ਅਤੇ ਇਸ ਵਿਰੁੱਧ ਇਨਕਲਾਬ ਕਰਨ ਲਈ ਪ੍ਰੇਰਦੀ ਹੈ, ਕਿਉਂਕਿ ਗੁਰੂ ਨੂੰ ਨਾ-ਬਰਾਬਰੀ, ਜ਼ੁਲਮ ਸ਼ੋਸ਼ਣ ਪਸੰਦ ਨਹੀਂ, ਨਿਆਂ, ਅਜ਼ਾਦੀ, ਸੱਚ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਪਸੰਦ ਹੈ। ਗੁਰਬਾਣੀ ਅਨੁਸਾਰ ਜਿਥੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਹੋਣਗੇ, ਉਥੇ ਜਨਤਾ ਵੀ 'ਅੰਨ੍ਹੀ', ਸਿਧਾਂਤਾਂ ਤੋਂ ਵਿਹੂਣੀ ਅਤੇ ਸੱਚ ਤੋਂ ਦੂਰ ਹੋਵੇਗੀ। ਜਿਥੇ ਜਨਤਾ ਜਾਗੀ ਹੋਵੇਗੀ, ਨਾਮ ਨਾਲ ਰੱਤੀ ਹੋਵੇਗੀ, ਉਥੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਪੈਦਾ ਹੋਣ ਦਾ ਸਵਾਲ ਹੀ ਨਹੀਂ ਹੋ ਸਕਦਾ, ਕਿਉਂਕਿ ਅਜਿਹੇ ਸਮਾਜ ਵਿਚ ਸੱਚ ਤੇ ਨਿਆਂ ਨਾਲ ਜੁੜਿਆ ਰਾਜਾ ਹੀ ਹੋ ਸਕਦਾ ਹੈ ;

*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥*

*ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੮੮)

ਅੱਜ ਸਿੱਖ ਕੌਮ ਦੀ ਹਾਲਤ ਵੀ ਅਜਿਹੀ ਹੈ ਕਿ ਉਸ ਨੇ ਨਾਮ ਦੀ ਜ਼ਿੰਦਗੀ ਨੂੰ ਤਿਆਗ ਕੇ ਮਾਇਆ ਦੀ ਜ਼ਿੰਦਗੀ ਅਪਨਾ ਲਈ ਹੈ। ਇਸੇ ਲਈ ਸਿੱਖ ਕੌਮ ਵਿਚ ਗੁਰੂ ਦੀਆਂ ਸਿਖਿਆਵਾਂ ਨੂੰ ਸਮਰਪਿਤ ਆਗੂ ਨਹੀਂ ਮਿਲ ਰਹੇ। ਸਿੱਖ ਕੌਮ ਵਿਚ ਅਜਿਹੇ ਆਗੂਆਂ ਦੀ ਭਰਮਾਰ ਹੈ ਜੋ ਕਿ ਪੰਥ ਨਾਲ ਗੁਰਮਤਿ ਸਿਧਾਂਤਾਂ 'ਤੇ ਪਹਿਰੇ ਦੇਣ ਲਈ ਵਾਅਦੇ ਕਰਦੇ ਹਨ, ਅਰਦਾਸਾਂ ਕਰਦੇ ਹਨ, ਮਾਇਆ ਤੇ ਸੱਤਾ ਦੀ ਹਵਸ ਲਈ ਸਿਧਾਂਤਾਂ ਨੂੰ ਤਿਆਗ ਦੇਂਦੇ ਹਨ, ਕੌਮ ਦੀਆਂ ਮੰਗਾਂ ਨੂੰ ਭੁਲਾ ਦਿੰਦੇ ਹਨ ਅਤੇ ਸਿਧਾਂਤਹੀਣੇ ਸਮਝੌਤੇ ਕਰਕੇ ਪੰਥ ਨਾਲ ਦਗਾ ਕਰ ਜਾਂਦੇ ਹਨ। ਅਜਿਹਾ ਇਸ ਲਈ ਕਿ ਇਸ ਲੀਡਰਸ਼ਿਪ ਦੀ ਮਾਨਸਿਕਤਾ ਗੁਰਮਤਿ, ਨਾਮ ਦੀ ਥਾਂ ਮਾਇਆਧਾਰੀ ਸਿਸਟਮ ਨਾਲ ਬੱਝੀ ਹੁੰਦੀ ਹੈ ਅਤੇ ਜਿਹੜੀ ਸੰਗਤ ਅਜਿਹੇ ਲੀਡਰਾਂ ਦਾ ਸਮਰਥਨ ਕਰਦੀ ਹੈ, ਉਹ ਗੁਰੂ ਦੀ ਥਾਂ ਇਨ੍ਹਾਂ ਨੂੰ ਹੀ ਆਪਣਾ ਸਭ ਕੁਝ ਮੰਨ ਲੈਂਦੀ ਹੈ ਤੇ ਗੁਰੂ ਉਪਰ ਇਨ੍ਹਾਂ ਦਾ ਵਿਸ਼ਵਾਸ ਟੁੱਟ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਬਿਰਤੀ ਜੁ ਮਾਇਆ ਤੇ ਸੱਤਾ ਦੇ ਲੋਭ ਨਾਲ ਜੁੜੀ ਹੁੰਦੀ ਹੈ। ਇਹੀ ਸਿੱਖ ਕੌਮ ਦੀ ਦੁਖਾਂਤਕ ਕਹਾਣੀ ਹੈ, ਨਿਘਾਰ ਦੀ ਨਿਸ਼ਾਨੀ ਹੈ।

ਪਰ ਗੁਰਬਾਣੀ ਨੂੰ ਨਾ ਅਜਿਹਾ ਸਮਾਜ ਪ੍ਰਵਾਨ ਹੈ ਤੇ ਨਾ ਹੀ ਅਜਿਹਾ ਨਿਜ਼ਾਮ। ਉਹ ਇਨ੍ਹਾਂ ਨੂੰ ਰੱਦ ਕਰਕੇ ਮਨੁੱਖੀ ਹਿੱਤੂ ਸਮਾਜ ਉਸਾਰੀ ਕਰਨ ਦੀ ਜਾਚ ਦਸਦੀ ਹੈ। ਇਹ ਗੱਲ ਸਮਝਣ ਵਾਲੀ ਹੈ ਕਿ ਮਾਇਆਧਾਰੀ ਲੀਡਰਸ਼ਿਪ ਅਤੇ ਰਾਜਨੀਤੀ, ਗੁਰਬਾਣੀ ਦਾ ਸਮਾਜ ਅਤੇ ਅਜ਼ਾਦ ਮਨੁੱਖ ਪੈਦਾ ਨਹੀਂ ਹੋਣ ਦੇਂਦੀ ਤੇ ਉਸ ਵਿਚ ਰੁਕਾਵਟ ਬਣਦੀ ਹੈ। ਇਸ ਕਾਰਜ ਨੂੰ ਅਮਲ ਵਿਚ ਲਿਆਉਣ ਲਈ ਉਦਮ ਨਾਮ ਬਾਣੀ 'ਚ ਰਤੇ ਮਨੁੱਖਾਂ ਨੂੰ ਕਰਨਾ ਪਵੇਗਾ। ਜਿਸ ਸਿਧਾਂਤ ਦੀ ਸਿਰਜਣਾ ਸੰਤਾਂ-ਭਗਤਾਂ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ, ਉਸੇ 'ਤੇ ਹੀ ਗੁਰਸਿੱਖਾਂ ਨੂੰ ਪਹਿਰਾ ਦੇਣਾ ਪਵੇਗਾ ਅਤੇ ਮਾਇਆਧਾਰੀ ਸਿਸਟਮ ਵਿਰੁੱਧ ਨਾਮ ਦੀ ਜ਼ਿੰਦਗੀ ਉਸਾਰਨੀ ਪਵੇਗੀ। ਇਸੇ ਜ਼ਿੰਦਗੀ ਵਿਚੋਂ 'ਬੇਗਮਪੁਰਾ', 'ਹਲੇਮੀ ਰਾਜ' ਦੀ ਉਸਾਰੀ ਹੋਵੇਗੀ ਤੇ ਹਰੇਕ ਮਨੁੱਖ ਅਨੰਦਦਾਇਕ ਜੀਵਨ ਗੁਜ਼ਾਰ ਸਕੇਗਾ। ਗੁਰੂ ਸਾਹਿਬ ਨੇ ਮਨੁੱਖ ਨੂੰ ਦੁਨੀਆਂ ਅੰਦਰ ਰਹਿ ਕੇ ਮਾਇਆ ਦੇ ਚਿਕੜ ਵਿਚ ਕੰਵਲ ਵਾਂਗ ਅਡੋਲ ਵਿਚਰਦੇ ਹੋਏ ਕਿਰਤ ਅਤੇ ਸੇਵਾ ਭਾਵ ਦੇ ਜੀਵਨ ਨੂੰ ਆਤਮਿਕ ਅਨੰਦ ਦਾ ਆਧਾਰ ਮੰਨਿਆ ਹੈ ;

*ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੬)

ਗੁਰਬਾਣੀ ਬ੍ਰਾਹਮਣੀ ਤੇ ਮਾਇਆਧਾਰੀ ਸਿਸਟਮ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ, ਕਿਉਂਕਿ ਦੋਵੇਂ ਸਿਸਟਮ ਇਕੋ ਸਿੱਕੇ ਦੇ ਦੋ ਪਾਸੇ ਹਨ, ਮਨੁੱਖਤਾ ਤੇ ਨਾਮ ਦੀ ਜ਼ਿੰਦਗੀ ਦੇ ਵਿਰੋਧੀ ਹਨ ਅਤੇ ਮਨੁੱਖ ਦੀ ਅਨੰਦਦਾਇਕ, ਅਜ਼ਾਦ, ਨਿਆਂ, ਬਰਾਬਰੀ ਦੀ ਜ਼ਿੰਦਗੀ 'ਚ ਰੁਕਾਵਟ ਹਨ। ਮਾਇਆਧਾਰੀ ਤੇ ਬ੍ਰਾਹਮਣੀ ਸਿਸਟਮ ਨੇ ਬੰਦੇ ਦੀ ਕਿਰਤ ਕਮਾਈ ਦਾ



ਸੋਸ਼ਣ ਕੀਤਾ ਹੀ ਹੈ, ਉਥੇ ਔਰਤ ਨੂੰ ਗੁਲਾਮ ਬਣਾ ਕੇ ਉਸ ਨੂੰ ਮਰਦ ਦੀ ਵਿਲਾਸਤਾ ਦਾ ਸਾਧਨ ਬਣਾ ਦਿੱਤਾ ਹੈ। ਇਸ ਸਿਸਟਮ ਨੇ ਔਰਤ ਦੀ ਜ਼ਿੰਦਗੀ ਦਾ ਮਨੋਰਥ ਬੱਚੇ ਪੈਦਾ ਕਰਨ, ਲਗਦੀ ਵਾਹ ਮਰਦ ਬੱਚੇ ਪੈਦਾ ਕਰਨ, ਨਾ ਹੋਣ 'ਤੇ ਮਰਦ ਪ੍ਰਧਾਨ ਸਮਾਜ ਦੀ ਫਿਟਕਾਰ ਸਹਿਣ ਕਰਨ, ਹਾਰ ਸ਼ਿੰਗਾਰ ਦੀ ਵਸਤੂ, ਵਸਤੂ ਵੇਚਣ ਵਾਲੀ ਚੀਜ ਬਣਾ ਦਿੱਤਾ ਹੈ। ਪਰ ਗੁਰਬਾਣੀ ਔਰਤ ਦੇ ਹੱਕ 'ਚ ਅਵਾਜ਼ ਬੁਲੰਦ ਕਰਦੀ ਹੈ ਅਤੇ ਉਸ ਨੂੰ ਅਜ਼ਾਦ ਜੀਵਨ ਪ੍ਰਦਾਨ ਕਰਨ ਲਈ ਲਹਿਰ ਉਸਾਰਨ ਦਾ ਸੱਦਾ ਦੇਂਦੀ ਹੈ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਗੁਰਬਾਣੀ ਦੇ ਪਾਵਨ ਵਚਨ ਤੋਂ ਇਹ ਉਪਰੋਕਤ ਉਦੇਸ਼ ਸਪੱਸ਼ਟ ਹੋ ਜਾਂਦਾ ਹੈ। ਅਸਲ ਵਿਚ ਦੇਖਿਆ ਜਾਵੇ ਤਾਂ ਮਨੁੱਖ ਅਜ਼ਾਦ ਹਸਤੀ ਹੈ, ਕਿਉਂਕਿ ਉਹ ਅਜ਼ਾਦ ਹੀ ਪੈਦਾ ਹੋਇਆ ਹੈ ਤੇ ਉਸ ਦੀ ਲੋੜ ਵੀ ਅਜ਼ਾਦੀ ਹੈ। ਪਰ ਇਹ ਅਜ਼ਾਦ ਤਾਂ ਹੀ ਰਹਿ ਸਕਦਾ ਹੈ ਜੇਕਰ ਉਸ ਸਮਾਜ ਵਿਚ ਸਭ ਦੇ ਬਰਾਬਰੀ ਦੇ ਹੱਕ ਹੋਣ, ਨਿਆਂ ਹੋਵੇ, ਮਨੁੱਖੀ ਅਧਿਕਾਰਾਂ ਦੀ ਕਦਰ ਹੋਵੇ, ਨਿੱਜੀ ਮਾਲਕੀ ਦੀ ਥਾਂ ਸਮੂਹਿਕ ਮਾਲਕੀ ਚਲਦੀ ਹੋਵੇ। ਗੁਰਬਾਣੀ ਦਾ ਉਦੇਸ਼ ਸਰਬੱਤ ਦੇ ਭਲੇ 'ਤੇ ਪਹਿਰਾ ਦੇਣਾ, ਕਿਰਤ ਕਮਾਈ ਕਰਨਾ, ਵੰਡ ਕੇ ਛੱਕਣਾ, ਸਭ ਨੂੰ ਬਰਾਬਰ ਵੰਡ ਕੇ ਦੇਣਾ ਹੈ ਅਤੇ ਕੁਦਰਤ ਕੋਲ ਜੋ ਕੁਝ ਵੀ ਹੈ, ਉਸ 'ਤੇ ਹਰੇਕ ਮਨੁੱਖ ਦਾ ਬਰਾਬਰ ਦਾ ਹੱਕ ਹੈ। ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਇਹ ਨਿਸ਼ਾਨਾ ਨਾਮ ਦੇ ਮਾਰਗ ਉੱਤੇ ਚਲੇ ਬਿਨਾਂ, ਨਾਮ ਸਿਮਰਨ ਕੀਤੇ ਬਿਨਾਂ ਹਾਸਲ ਨਹੀਂ ਹੋ ਸਕਦਾ, ਕਾਣੀ ਵੰਡ ਖਤਮ ਨਹੀਂ ਹੋ ਸਕਦੀ, ਲੋਕ ਭਲਾਈ ਦਾ ਸਮਾਜ ਉਸਾਰਿਆ ਨਹੀਂ ਜਾ ਸਕਦਾ। ਸੰਤ ਕਬੀਰ ਸਾਹਿਬ ਫੁਰਮਾਉਂਦੇ ਹਨ ;

*ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ॥*
*ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੭੫)

ਗੁਰਬਾਣੀ ਦਾ ਵਿਧਾਨ ਮਾਇਆ ਵਿਚ ਗੜੁਚੀ ਦੁਨੀਆਂ ਨੂੰ ਰੱਦ ਕਰਦਾ ਹੈ ਅਤੇ ਇਸ ਸਿਧਾਂਤ ਨੂੰ ਪੇਸ਼ ਕਰਦਾ ਹੈ ਕਿ ਪਦਾਰਥ ਬੰਦੇ ਲਈ ਹੈ, ਨਾ ਕਿ ਬੰਦਾ ਪਦਾਰਥ ਲਈ, ਪਰ ਅੱਜ ਦੇ ਸੰਸਾਰੀਕਰਨ ਦੇ ਯੁਗ ਵਿਚ ਪੈਸੇ ਦੀ ਖਾਤਰ ਮਨੁੱਖ ਨੇ ਆਪਣੇ ਆਪ ਨੂੰ ਮਸ਼ੀਨ ਬਣਾ ਦਿੱਤਾ ਹੈ, ਜਿਸ ਕਰਕੇ ਮਨੁੱਖ 'ਚੋਂ ਇਨਸਾਨੀਅਤ, ਸੱਚ ਸਭ ਗਾਇਬ ਹੋ ਗਏ ਹਨ, ਲੋਭ, ਲਾਲਚ ਤੇ ਮਾਇਆ ਦੀ ਪ੍ਰਧਾਨਤਾ ਉਸ ਦੀ ਮਾਨਸਿਕਤਾ 'ਤੇ ਹਾਵੀ ਹੈ। ਇਸ ਕਰਕੇ ਉਹ ਰਿਸ਼ਤੇ-ਨਾਤੇ, ਹਮਦਰਦੀ ਸਭ ਕੁਝ ਨੂੰ ਗੁਆ ਬੈਠਾ ਹੈ। ਗੁਰਬਾਣੀ ਵਿਚ ਇਸ ਮਾਇਆ ਦੀ ਪ੍ਰਵਿਰਤੀ ਨੂੰ ਰੱਦ ਕੀਤਾ ਗਿਆ ਹੈ, ਕਿਉਂਕਿ ਅਜਿਹੀ ਪਹੁੰਚ ਅਪਨਾਉਣ ਨਾਲ ਮਨੁੱਖ ਸੁਖੀ ਨਹੀਂ ਰਹਿ ਸਕਦਾ;

*ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ॥*
*ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੪੧੭)

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਨਾਮ ਤੇ ਉਸ ਦਾ ਸਿਮਰਨ

ਸਾਧਾਂ ਵਾਂਗ ਵਿਹਲੜ ਰਹਿ ਕੇ ਭੋਰੇ 'ਚ ਤੱਪ ਕਰਨ ਦਾ ਨਾਮ ਨਹੀਂ, ਸਗੋਂ ਕਿਰਤ ਕਰਨ, ਨਾਮ ਜਪਣ ਤੇ ਵੰਡ ਛੱਕਣ ਦੇ ਗੁਰੂ ਉਪਦੇਸ਼ ਨੂੰ ਜ਼ਿੰਦਗੀ ਵਿਚ ਅਪਨਾਉਣ ਦਾ ਨਾਮ ਹੈ। ਅਸਲ ਵਿਚ ਇਹੀ ਨਾਮ ਸਿਮਰਨ ਹੈ ਅਤੇ ਮਨੁੱਖੀ ਅਜ਼ਾਦੀ ਦਾ ਮਾਰਗ ਹੈ ਜੋ ਕਿ ਮਾਇਆ ਦੀ ਜ਼ਿੰਦਗੀ ਤੋਂ ਮਨੁੱਖ ਨੂੰ ਮੁਕਤ ਕਰਦਾ ਹੈ। ਪਰ ਅਜੋਕਾ ਸਿੱਖ ਸਮਾਜ ਗੁਰੂ ਦੀ ਦਿੱਤੀ ਤਰਜ਼ੇ ਜ਼ਿੰਦਗੀ ਤੋਂ ਉਲਟ ਵਹਿ ਰਿਹਾ ਹੈ ਅਤੇ ਇਸ ਦਾ ਨਿਸ਼ਾਨਾ ਬੇਗਾਨੇ ਅਣਕਮਾਏ ਮਾਲ 'ਤੇ ਮਲ ਮਾਰਨਾ, ਵੰਡ ਕੇ ਨਾ ਖਾਣਾ, ਪੀੜਤ ਧਿਰ ਦਾ ਸ਼ੋਸ਼ਣ ਕਰਨਾ, ਸਰਬੱਤ ਦੇ ਭਲੇ ਦੇ ਆਦਰਸ਼ ਨੂੰ ਤਿਆਗਣਾ ਬਣ ਕੇ ਰਹਿ ਗਿਆ ਹੈ। ਇਸ ਲਈ ਸਿੱਖ ਸਮਾਜ ਵਿਚੋਂ ਸਾਥੀ ਭਾਵਨਾ, ਏਕਤਾ ਖਤਮ ਹੁੰਦੀ ਜਾ ਰਹੀ ਹੈ ਅਤੇ ਜਾਤੀ ਤੇ ਧੜੇਬੰਦੀਆਂ ਕਰਕੇ ਉਹ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ ਹੈ। ਇਹ ਮਾਇਆਧਾਰੀ ਧਿਰ ਨਾਮ ਸਿਮਰਨ ਦਾ ਸਾਂਗ ਰਚਦੀ ਹੋਈ ਗੁਰਬਾਣੀ ਦੇ ਨਾਮ ਮਾਰਗ ਤੋਂ ਵਿਰਵੀ ਹੈ, ਕਿਉਂਕਿ ਇਹ ਕਿਰਤੀ ਤੇ ਆਮ ਸਿੱਖ ਨੂੰ ਆਪਣਾ ਦੁਬੇਲ ਬਣਾ ਰਹੀ ਹੈ। ਅੱਜ ਸਿੱਖ ਕੌਮ ਨੂੰ ਮਾਇਆ ਦੇ ਮਾਰਗ, ਸੰਸਾਰੀਕਰਨ ਤੇ ਬਿਪਰਨੀ ਕਰਮਕਾਂਡਾਂ ਤੋਂ ਦੂਰ ਹੋ ਕੇ ਨਾਮ ਦੀ ਜ਼ਿੰਦਗੀ ਨੂੰ ਅਪਨਾਉਣ ਦੀ ਲੋੜ ਹੈ, ਜਿਸ ਰਾਹੀਂ ਉਹ ਅਜ਼ਾਦਾਨਾ ਜੀਵਨ ਗੁਰਬਾਣੀ ਅਨੁਸਾਰ ਹੰਢਾ ਸਕੇ।

ਗੁਰਬਾਣੀ ਅਨੁਸਾਰ ਮਨੁੱਖ ਨੂੰ ਆਪਣਾ ਮੂਲ ਪਛਾਣਨਾ ਚਾਹੀਦਾ ਹੈ ਅਤੇ ਮਨੁੱਖਤਾ ਦੀ ਪੱਧਰ ਉਤੇ ਇਕਸੁਰ ਹੋ ਕੇ ਸਾਮਾਜਿਕ ਸੇਵਾ ਵਿਚ ਤੁਰਨਾ ਚਾਹੀਦਾ ਹੈ। ਗੁਰਬਾਣੀ ਮਨੁੱਖ ਨੂੰ ਮਾਇਆ ਦੇ ਧੰਦੇ, ਮਾਇਆ ਦੀ ਸੇਵਾ ਤੋਂ ਹਟਾ ਕੇ ਸਤਿਗੁਰੂ ਦੀ ਸੇਵਾ ਵਿਚ ਲਾਉਂਦੀ ਹੈ। ਸਤਿਗੁਰੂ ਦੀ ਸੇਵਾ ਦਾ ਅਰਥ ਹੈ ਕਿ ਮਾਇਆ ਦੀ ਸਭਿਅਤਾ ਦੇ ਖਿਲਾਫ ਜਾਗ੍ਰਿਤੀ ਲਿਆ ਕੇ ਸਰਬੱਤ ਦੇ ਪਿਆਰ ਉਤੇ ਆਧਾਰਿਤ ਨਿਜ਼ਾਮ ਅਸਥਾਪਿਤ ਕਰਨਾ ਹੈ। ਜਿੰਨਾ ਚਿਰ ਮਨੁੱਖ ਤੇ ਸਮਾਜ ਦੇ ਅੰਦਰ ਖੁਦਗਰਜ਼ੀ ਦਾ ਬੋਲ ਬਾਲਾ ਹੈ, ਮਨੁੱਖ ਗੁਲਾਮ ਹੈ। ਜਦੋਂ ਖੁਦਗਰਜ਼ੀ ਦੀ ਥਾਂ ਸਰਬੱਤ ਦਾ ਭਲਾ ਪ੍ਰਵੇਸ਼ ਕਰ ਲਵੇ, ਮਨੁੱਖ ਅਜ਼ਾਦ ਹੈ। ਗੁਰਬਾਣੀ ਦਾ ਇਹ ਸਿਧਾਂਤ ਸੰਸਾਰੀਕਰਨ ਦੇ ਯੁਗ ਵਿਚ ਓਨਾ ਹੀ ਕਾਰਗਰ ਹੈ, ਜਿੰਨਾ ਉਸ ਵਕਤ ਸੀ, ਜਦੋਂ ਗੁਰਬਾਣੀ ਰਚੀ ਗਈ ਸੀ। ਗੁਰਬਾਣੀ ਦੇ ਇਸ ਮਿਸ਼ਨ ਨੂੰ ਅਪਨਾਉਣ ਵਿਚ ਪੰਥ ਦੀ ਚੜ੍ਹਦੀ ਕਲਾ ਹੈ।

* * *



# ਗੁਰਬਾਣੀ ਵਿਚ ਸੇਵਾ ਦਾ ਮਹੱਤਵ

ਸੇਵਾ ਦਾ ਅਰਥ ਹੈ ਉਪਾਸਨਾ, ਉਪਕਾਰ ਅਤੇ ਟਹਿਲ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨਾਂ ਨੇ ਸਿਮਰਨ ਦੇ ਨਾਲ ਸੇਵਾ ਦਾ ਪੱਖ ਹੀ ਨਹੀਂ ਜੋੜਿਆ, ਸਗੋਂ ਆਪਣੀ ਕਿਰਤ ਕਮਾਈ 'ਚੋਂ ਦਸਵਾਂ ਹਿੱਸਾ ਗਰੀਬ ਵਿਅਕਤੀ ਨੂੰ ਦੇਣ ਦੀ ਹਦਾਇਤ ਕੀਤੀ ਹੈ। ਗੁਰੂਆਂ ਦੇ ਇਸ ਉਪਰਾਲੇ ਨਾਲ ਜਿਥੇ ਕਰਮਕਾਂਡੀ ਧਰਮਾਂ ਨੂੰ ਗੰਭੀਰ ਚੁਣੌਤੀ ਮਿਲੀ, ਉਥੇ ਸਿੱਖ ਧਰਮ ਵਿਲੱਖਣ ਧਰਮ ਵਜੋਂ ਉਭਰਿਆ ਤੇ ਸਾਮਾਜਿਕ ਜੀਵਨ ਵਿਚ ਨਵੀਂ ਪਿਰਤ ਪਈ। ਗੁਰਬਾਣੀ ਵਿਚ ਸਿੱਖ ਨੂੰ ਹਦਾਇਤ ਹੈ ਕਿ ਉਹ ਅਕਾਲ ਪੁਰਖ ਦਾ ਸੇਵਕ ਬਣ ਕੇ ਵਿਚਰੇ ਤੇ ਉਹ ਅਕਾਲ ਪੁਰਖ ਵਰਗਾ ਹੀ ਨਜ਼ਰ ਆਉਣਾ ਚਾਹੀਦਾ ਹੈ। ਅਰਥਾਤ ਸਮਾਜ ਵਿਚ ਵਿਚਰਦਾ ਹੋਇਆ ਗੁਰਸਿੱਖ ਅਕਾਲ ਪੁਰਖ ਵਾਂਗ ਲੋਕਾਂ ਨੂੰ ਪਿਆਰ ਕਰੇ ਅਤੇ ਲੋਕ ਹਿੱਤਾਂ ਲਈ ਫਿਕਰਮੰਦ ਹੋਵੇ :

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨਾ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੭੬)

ਇਸ ਤਰ੍ਹਾਂ ਗੁਰਬਾਣੀ ਵਿਚ ਸੇਵਾ ਪ੍ਰਧਾਨ ਹੈ ਤੇ ਸਿੱਖ ਨੂੰ ਸੇਵਾ ਕਰਨ ਲਈ ਵਾਰ ਵਾਰ ਹੁਕਮ ਦਿੱਤਾ ਹੈ, ਨਾਲ ਇਹ ਵੀ ਹਦਾਇਤ ਕੀਤੀ ਹੈ ਕਿ ਸਿੱਖ ਤਨ, ਮਨ, ਧਨ ਨਾਲ ਸੇਵਾ ਕਰੇ। ਕਹਿਣ ਦਾ ਭਾਵ ਇਹ ਹੈ ਕਿ ਸਿੱਖ ਸੇਵਾਦਾਰ ਹੈ ਅਤੇ ਸਿੱਖੀ ਸੇਵਾ ਦਾ ਨਾਮ ਹੈ। ਲੋੜਵੰਦਾਂ ਦੀ ਸੇਵਾ ਕਰਨੀ ਸਿੱਖ ਦਾ ਇਕ ਜ਼ਰੂਰੀ ਫਰਜ਼ ਹੈ। ਗੁਰਮਤਿ ਅਨੁਸਾਰ ਮਨੁੱਖਤਾ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ ਅਤੇ ਮੁਕਤੀ ਦਾ ਸਾਧਨ ਹੈ ;

*ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੬)

ਹਿੰਦੂ ਧਰਮ ਦਾ ਅਧਿਐਨ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਸੇਵਾ ਕਰਨੀ ਦਾਸਾਂ, ਦਲਿਤਾਂ, ਪਛੜਿਆਂ ਲੋਕਾਂ ਦਾ ਫਰਜ਼ ਜਾਂ ਕਿੱਤਾ ਸੀ। ਸ਼ੂਦਰ ਵਰਗ ਦਾ ਫਰਜ਼ ਹੈ ਕਿ ਉਹ ਬ੍ਰਾਹਮਣ, ਖੱਤਰੀ ਤੇ ਵੈਸ਼ਾਂ ਦੀ ਸੇਵਾ ਕਰੇ। ਮਨੂੰ ਸਿਮਰਤੀ ਅਨੁਸਾਰ "ਬ੍ਰਾਹਮਣਾਂ ਦੀ ਸੇਵਾ ਕਰਨਾ ਹੀ ਸ਼ੂਦਰਾਂ ਵਾਸਤੇ ਮੁੱਖ ਕਰਮ ਹੈ, ਇਸ ਤੋਂ ਬਿਨਾਂ ਹੋਰ ਕਰਮ ਜੋ ਸ਼ੂਦਰ ਕਰਦਾ ਹੈ, ਉਹ ਨਿਸਫਲ ਹੁੰਦਾ ਹੈ।"

ਹਿੰਦੂ ਗ੍ਰੰਥਾਂ ਵਿਚ ਪੰਜ ਪ੍ਰਕਾਰ ਦੇ ਦਾਸਾਂ ਦਾ ਜ਼ਿਕਰ ਆਇਆ ਹੈ, (ੳ) ਜੋ ਦਾਸ ਪਰਿਵਾਰ ਵਿਚ ਪੈਦਾ ਹੋਇਆ ਹੋਵੇ, (ਅ) ਜਿਨ੍ਹਾਂ ਨੂੰ ਖਰੀਦਿਆ ਗਿਆ ਹੋਵੇ, (ੲ) ਜਿਨ੍ਹਾਂ ਨੂੰ ਲਿਆਂਦਾ ਗਿਆ ਹੋਵੇ, (ਸ) ਜਿਨ੍ਹਾਂ ਨੂੰ ਵਿਰਸੇ ਵਿਚ ਪ੍ਰਾਪਤ ਕੀਤਾ ਹੋਵੇ ਅਤੇ (ਹ) ਜਿਨ੍ਹਾਂ ਨੇ ਆਪਣੇ ਆਪ ਨੂੰ ਵੇਚ ਦਿੱਤਾ ਹੋਵੇ।

ਇਹ ਸ਼ੂਦਰ ਤੇ ਦਾਸ ਹੀ ਸਨ ਅਤੇ ਜਿਨ੍ਹਾਂ ਨੂੰ ਸੇਵਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਇਹ ਗਰੀਬੀ ਤੇ ਪਸ਼ੂ ਪੱਧਰ ਦਾ ਜੀਵਨ ਬਤੀਤ ਕਰਦੇ ਸਨ। ਇਹੀ ਕਾਰਣ ਹੈ ਕਿ ਹਿੰਦੂ ਧਰਮ ਵਿਚ ਸੇਵਾ ਉਚ ਵਰਗ ਜਾਂ ਬ੍ਰਾਹਮਣ ਵਰਗ ਤੱਕ ਸੇਵਾ ਸੀਮਤ ਸੀ। ਪਰ ਸਿੱਖ ਧਰਮ ਨੇ ਸੇਵਾ ਦੀ ਪਰਿਭਾਸ਼ਾ ਨੂੰ ਬਦਲ ਕੇ ਸਮਾਜ ਵਿਚ ਨਵਾਂ ਇਨਕਲਾਬ ਲਿਆਂਦਾ। ਸੇਵਾ ਨੂੰ ਸਰਬ ਮਨੁੱਖਤਾ ਨਾਲ ਜੋੜਿਆ ਗਿਆ। ਅਰਥਾਤ ਕਿਸੇ ਵੀ ਜਾਤ ਦਾ ਮਨੁੱਖ ਸੇਵਾ ਕਰ ਸਕਦਾ ਹੈ, ਪਰ ਸੇਵਾ ਲੋੜਵੰਦ, ਅੜੇ ਥੁੜੇ ਗਰੀਬ ਦੀ ਹੋਣੀ ਚਾਹੀਦੀ ਹੈ। ਵਿਹਲੜ, ਮੰਗਤੇ, ਭੇਖੀ ਅਤੇ ਡੰਮੀ ਸਾਧ ਦੀ ਨਹੀਂ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛੱਕਣਾ ਗੁਰਮਤਿ ਦੇ ਤਿੰਨ ਮਹਾਨ ਅਸੂਲ ਹਨ। ਸਿੱਖੀ ਵਿਚ ਜਿਥੇ ਕਿਰਤ ਕਰਕੇ ਖਾਣ ਦੀ ਮਹਾਨਤਾ ਦੱਸੀ ਹੈ, ਉਥੇ ਵੰਡ ਕੇ ਛੱਕਣ ਦੀ ਵੀ ਅਹਿਮੀਅਤ 'ਤੇ ਵੀ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਲ ਕੇ ਸੇਵਾ ਕਰਨ ਨੂੰ ਮਹੱਤਤਾ ਦਿੱਤੀ ਹੈ ਤੇ ਫੁਰਮਾਇਆ ਹੈ ਕਿ ਰਲ ਮਿਲ ਕੇ ਕਿਸੇ ਲੋੜਵੰਦ ਦੀ ਸਹਾਇਤਾ ਕੀਤੀ ਜਾਵੇ। ਅਜਿਹਾ ਕਰਨ ਨਾਲ ਧਨ ਰਾਸ਼ੀ ਘਟਦੀ ਨਹੀਂ, ਵਧਦੀ ਜਾਂਦੀ ਹੈ ;

*ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੮੬)

ਸਿੱਖ ਦੀ ਅਰਦਾਸ 'ਤੇਰੇ ਭਾਣੇ ਸਰਬੱਤ ਦਾ ਭਲਾ' ਸਿੱਖ ਨੂੰ ਲੋੜਵੰਦ ਦੀ ਸਹਾਇਤਾ ਤੇ ਉਪਕਾਰ ਕਰਨ ਵੱਲ ਪ੍ਰੇਰਦੀ ਹੈ। ਤਨਖਾਹਨਾਮਾ ਵਿਚ ਲਿਖਿਆ ਹੈ ਕਿ ਜਿਹੜਾ ਸਮਰੱਥ ਹੁੰਦਿਆਂ ਹੋਇਆਂ ਵੀ ਲੋੜਵੰਦ ਨੂੰ ਅੰਨ, ਬਿਸਤਰ ਆਦਿ ਦਾ ਦਾਨ ਨਹੀਂ ਦਿੰਦਾ ਉਹ ਅਕਾਲ ਪੁਰਖ ਦੀ ਦਰਗਾਹ ਵਿਚ ਮਾਣ ਨਹੀਂ ਪਾ ਸਕਦਾ ;

*ਅਤਿਥਿ ਦੇਖ ਨਹਿ ਦੇਵੇ ਦਾਨ ਸੋ ਨਹਿ ਪਾਵੈ ਦਰਗਹਿ ਮਾਨ।*

ਗੁਰੂ ਸਾਹਿਬ ਦਾ ਮੱਤ ਹੈ ਕਿ ਮਜਬੂਰੀ ਵਿਚ ਕੀਤੀ ਸੇਵਾ, ਦਾਨ ਦਾ ਕੋਈ ਲਾਭ ਨਹੀਂ। ਚੋਰੀ ਦਾ ਧਨ ਕਮਾ ਕੇ ਵੀ ਜੇ ਕੋਈ ਦਾਨ ਕਰਦਾ ਹੈ, ਸੇਵਾ ਕਰਦਾ ਹੈ, ਉਸ ਨਾਲ ਉਹ ਬੰਧਨ ਮੁਕਤ ਨਹੀਂ ਹੋ ਸਕਦਾ, ਸਗੋਂ ਦੰਡ ਦਾ ਅਧਿਕਾਰੀ ਬਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ;

*ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥*

*ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੨)

ਉਸੇ ਦਾਨ ਤੇ ਸੇਵਾ ਦਾ ਮਹੱਤਵ ਹੈ ਜੋ ਨਿਸ਼ਕਾਮਤਾ ਨਾਲ ਕੀਤੀ ਜਾਵੇ। ਦਾਨ ਤੇ ਸੇਵਾ ਉਸ ਦੀ ਕਰਨੀ ਚਾਹੀਦੀ ਹੈ ਜੋ ਲੋੜਵੰਦ ਹੋਵੇ, ਗਰੀਬ ਹੋਵੇ, ਜਿਥੇ ਨੇਕੀ, ਚੰਗਿਆਈ



ਪ੍ਰਫੁਲਤ ਹੋ ਸਕੇ। ਬਿਨਾਂ ਕਿਸੇ ਸੋਚੇ ਸਮਝੇ ਅੰਧਾ ਧੁੰਦ ਦਿੱਤਾ ਦਾਨ ਖਰਾਬੀ ਹੀ ਪੈਦਾ ਕਰਦਾ ਹੈ। ਪਰਮਾਤਮਾ ਨੇ ਬੁੱਧੀ ਇਸੇ ਕਰਕੇ ਦਿੱਤੀ ਹੈ ਕਿ ਉਹ ਦਾਨ ਕਰਨ ਤੋਂ ਪਹਿਲਾਂ ਸੋਚ ਲਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਹੈ ;

*ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥*

*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥*

*ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੪੫)

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਾਹਮਣ, ਅਮੀਰ, ਸਾਧ, ਪੁਜਾਰੀ ਸ਼੍ਰੇਣੀ ਨੂੰ ਦਾਨ ਦੇਣ ਦੀ ਨਿਖੇਧੀ ਕੀਤੀ ਹੈ, ਉਨ੍ਹਾਂ ਦਾ ਫੁਰਮਾਨ ਹੈ ਕਿ ਦਾਨ ਗਰੀਬ ਨੂੰ ਦਿੱਤਾ ਜਾਵੇ, ਕਿਉਂਕਿ ਉਹੀ ਸਹੀ ਅਰਥਾਂ 'ਚ ਇਸ ਦਾ ਹੱਕਦਾਰ ਹੈ ;

*ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ॥*

*ਦਾਨ ਦਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥*

*ਅਗੇ ਫਲੈ ਇਨਹੀ ਕੇ ਦਯੋ ਜਗ ਮੈ ਜਸ ਅਉਰ ਦਯੋ ਸਭ ਫੀਕੋ॥*

ਸਿੱਖ ਧਰਮ ਵਿਚ ਮਨੁੱਖਤਾ ਦੀ ਸੇਵਾ ਨੂੰ ਸਿੱਧੇ ਤੌਰ 'ਤੇ ਅਧਿਆਤਮਕ ਮਾਰਗ ਨਾਲ ਜੋੜਿਆ ਗਿਆ ਹੈ। ਅਰਥਾਤ ਜਿੰਨਾ ਚਿਰ ਤੱਕ ਮਨੁੱਖ ਲੋੜਵੰਦਾਂ ਦੀ ਸੇਵਾ ਨਹੀਂ ਕਰਦਾ, ਉਸ ਦਾ ਨਾਮ ਜਪਣਾ ਵੀ ਵਿਅਰਥ ਹੈ। ਨਾਮੀ ਉਹੀ ਹੋ ਸਕਦਾ ਹੈ ਜੋ ਲੋੜਵੰਦਾਂ ਦੀ ਸੇਵਾ ਕਰਦਾ ਹੋਵੇ। ਸਿੱਖ ਮੱਤ ਵਿਚ ਸੇਵਾ ਦੇ ਅਸੂਲ ਅਤੇ ਸਦਾਚਾਰਕ ਜੀਵਨ ਨੂੰ ਇਕ ਦੂਸਰੇ ਨਾਲ ਜੋੜਿਆ ਗਿਆ ਹੈ।

ਗੁਰਬਾਣੀ ਅਨੁਸਾਰ ਸੇਵਾ ਦਾ ਸਿਧਾਂਤ ਹਰ ਇਨਸਾਨ ਦੇ ਗੌਰਵ ਨੂੰ ਸਵੀਕਾਰ ਕਰਨ ਦਾ ਇਕ ਅਮਲੀ ਤਰੀਕਾ ਹੈ। ਸੇਵਾ ਕਿਸੇ ਨੀਵੇਂ ਜਾਂ ਛੋਟੇ ਜਾਂ ਦੱਬੇ ਕੁਚਲੇ ਵਿਅਕਤੀ ਵਲੋਂ ਕਿਸੇ ਉਚੇ ਜਾਂ ਵੱਡੇ ਜਾਂ ਉਤਮ ਵਿਅਕਤੀ ਦੀ ਗੁਲਾਮਾਨਾ ਖਿਦਮਤ ਨਹੀਂ। ਸੇਵਾ ਤਾਂ ਸਰਬ ਮਨੁੱਖਤਾ ਲਈ ਹੈ। ਜਦੋਂ ਸਾਮਾਜਿਕ ਵਿਵਸਥਾ ਵਿਚ ਹਰ ਵਿਅਕਤੀ ਦੂਸਰੇ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦਾ ਹੈ ਤਾਂ ਸਮਾਜ ਦੇ ਦੁੱਖ ਤਕਲੀਫ ਕੱਟੇ ਜਾਂਦੇ ਹਨ ;

*ਪ੍ਰਭ ਕੇ ਸੇਵਕ ਸਗਲ ਉਧਾਰਨ॥ ਪ੍ਰਭ ਕੇ ਸੇਵਕ ਦੂਖ ਬਿਸਾਰਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੮੨)

ਪਰ ਅੱਜ ਸਿੱਖ ਕੌਮ ਵਿਚ ਦਾਨ ਤੇ ਸੇਵਾ ਦਾ ਸੰਕਲਪ ਬ੍ਰਾਹਮਣਵਾਦੀ ਕਰਮਕਾਂਡਾਂ ਵਾਲਾ ਹੋ ਗਿਆ ਹੈ। ਸਿੱਖਾਂ ਦਾ ਝੁਕਾਅ ਗਰੀਬਾਂ ਲੋੜਵੰਦਾਂ ਦੀ ਥਾਂ ਸਾਧਾਂ ਦੀ ਸੇਵਾ, ਗੁਰਦੁਆਰਿਆਂ ਉਪਰ ਸੋਨਾ ਚੜ੍ਹਾਉਣ, ਸੰਗਮਰਮਰ ਲਗਾਉਣ ਤੱਕ ਸੀਮਤ ਹੋ ਗਿਆ ਹੈ। ਸਿੱਖਾਂ ਨੂੰ ਇਹ ਵੀ ਅਹਿਸਾਸ ਨਹੀਂ ਕਿ ਸਾਧ-ਸੰਤ ਉਨ੍ਹਾਂ ਕੋਲੋਂ ਸਕੂਲ ਬਨਾਉਣ ਜਾਂ ਹਸਪਤਾਲ ਬਨਾਉਣ ਲਈ ਮੰਗ ਕੇ ਲੈ ਜਾਂਦੇ ਹਨ, ਪਰ ਸਾਧਾਂ ਦੇ ਸਕੂਲਾਂ, ਹਸਪਤਾਲਾਂ 'ਚ ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਨਹੀਂ ਹੁੰਦੀ। ਅਮੀਰਾਂ ਨੂੰ ਹੀ ਸਕੂਲ, ਹਸਪਤਾਲ 'ਚ ਦਾਖਲਾ ਮਿਲਦਾ ਹੈ। ਗਰੀਬਾਂ ਕੋਲ ਏਨਾ ਪੈਸਾ ਨਹੀਂ ਹੁੰਦਾ ਕਿ ਉਹ ਸਾਧਾਂ ਦੇ ਸਕੂਲ ਤੇ

ਹਸਪਤਾਲ ਵਿਚ ਦਾਖਲ ਹੋ ਸਕਣ। ਫਿਰ ਬਰਾਬਰੀ ਦਾ ਸੰਕਲਪ ਕਿਥੇ ਗਿਆ? ਸਿੱਖਾਂ ਵਲੋਂ ਸਾਧਾਂ ਨੂੰ ਦਿੱਤਾ ਦਾਨ ਤੇ ਸੇਵਾ ਗੁਰਮਤਿ ਅਨੁਸਾਰ ਗੁਰੂ ਨੂੰ ਕਿਵੇਂ ਪ੍ਰਵਾਨ ਹੋਵੇਗਾ? ਗੁਰੂ ਦਾ ਹੁਕਮ ਤਾਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ, ਸਾਧ ਦਾ ਮੂੰਹ ਗੁਰੂ ਕੀ ਗੋਲਕ ਨਹੀਂ। ਇਸ ਸੰਬੰਧੀ ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਲੋੜ ਹੈ ਤਾਂ ਹੀ ਸਿੱਖੀ ਦਾ ਵਿਕਾਸ ਹੋ ਸਕਦਾ ਹੈ।

ਜੇਕਰ ਦੇਖਿਆ ਜਾਵੇ ਤਾਂ ਗੁਰੂ ਦੇ ਸਮੇਂ ਕਿਹੜਾ ਸੋਨਾ ਤੇ ਇਮਾਰਤੀ ਵਸਤਾਂ ਘੱਟ ਸਨ। ਗੁਰੂ ਵੀ ਉਸ ਵੇਲੇ ਸਾਧਾਂ ਤੋਂ ਵਧੀਆ ਇਮਾਰਤਾਂ ਉਸਾਰ ਸਕਦੇ ਸਨ। ਪਰ ਗੁਰੂਆਂ ਨੇ ਆਪਣੀਆਂ ਜਾਇਦਾਦਾਂ ਉਸਾਰਨ ਦੀ ਥਾਂ ਮਨੁੱਖਤਾ, ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਵੱਲ ਧਿਆਨ ਦਿੱਤਾ ਅਤੇ ਬਰਾਬਰੀ ਦਾ ਸਮਾਜ ਉਸਾਰਿਆ। ਗਰੀਬਾਂ, ਦਲਿਤਾਂ ਤੇ ਇਸ਼ਨਾਨ ਲਈ, ਪਿਆਸ ਬੁਝਾਉਣ ਲਈ ਤਲਾਬ ਉਸਾਰੇ, ਇਲਾਜ ਲਈ ਡਿਸਪੈਂਸਰੀਆਂ ਖੋਲ੍ਹੀਆਂ, ਗਰੀਬਾਂ ਨੂੰ ਪੜ੍ਹਾਇਆ ਅਤੇ ਭੁੱਖਿਆਂ ਨੂੰ ਰੋਟੀ ਦਿੱਤੀ। ਅੱਜ ਵੀ ਸਮਾਜ ਵਿਚ ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਬਿਮਾਰੀ, ਭ੍ਰਿਸ਼ਟਾਚਾਰ, ਨਾ-ਬਰਾਬਰੀ, ਸ਼ੋਸ਼ਣ ਆਦਿ ਅਨੇਕਾਂ ਸਮੱਸਿਆਵਾਂ ਮੌਜੂਦ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਵੱਡੀ ਪੱਧਰ 'ਤੇ ਸੰਗਠਿਤ ਸੇਵਾ ਕਾਰਜ ਆਰੰਭਣ ਦੀ ਜ਼ਰੂਰਤ ਹੈ। ਸੇਵਾ ਦੀ ਅਸਲ ਲੋੜ ਉਨ੍ਹਾਂ ਨੂੰ ਹੈ ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਜਿਨ੍ਹਾਂ ਕੋਲ ਤਨ ਢੱਕਣ ਲਈ ਕਪੜਾ ਨਹੀਂ, ਜਿਨ੍ਹਾਂ ਕੋਲ ਰਾਤ ਕੱਟਣ ਲਈ ਛੱਤ ਨਹੀਂ, ਜਿਨ੍ਹਾਂ ਦੀ ਕਿਰਤ ਕਮਾਈ ਦਾ ਕੋਈ ਪੱਕਾ ਸਾਧਨ ਨਹੀਂ, ਜਿਨ੍ਹਾਂ ਕੋਲ ਬੱਚਿਆਂ ਨੂੰ ਵਿਦਿਆ ਦਿਵਾਉਣ ਦੀ ਪਹੁੰਚ ਨਹੀਂ, ਜਿਨ੍ਹਾਂ ਕੋਲ ਇਲਾਜ ਕਰਵਾਉਣ ਲਈ ਪੈਸਾ ਨਹੀਂ। ਲੋੜ ਹੈ ਹੁਣ ਸਿੱਖਾਂ ਨੂੰ ਸਮਾਜ ਦਾ ਭਲਾਈ ਕੇਂਦਰ ਬਣਨ ਦੀ। ਗੁਰਦੁਆਰਿਆਂ ਰਾਹੀਂ ਇਹ ਉਪਕਾਰ ਦਾ ਕਾਰਜ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਤੇ ਦੁਨੀਆਂ ਦੇ ਵਿਚ ਗੁਰਦੁਆਰੇ ਅਜਿਹਾ ਮਾਡਲ ਬਣਨੇ ਚਾਹੀਦੇ ਹਨ ਕਿ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਇਥੋਂ ਨਜ਼ਰ ਆਵੇ। ਫਿਰ ਸਿੱਖੀ ਨੂੰ ਨਾ ਬ੍ਰਾਹਮਣਵਾਦ ਢਾਹ ਲਗਾ ਸਕੇਗਾ ਅਤੇ ਨਾ ਹੀ ਸਿੱਖੀ 'ਤੇ ਆਰ.ਐਸ.ਐਸ. ਦੇ ਬੋਲ ਕਬੋਲਾਂ ਦਾ ਅਸਰ ਹੋਵੇਗਾ।

ਅਸਲ ਵਿਚ ਸੇਵਾ ਇਨਕਲਾਬ ਹੈ। ਇਸ ਨੂੰ ਗੁਰੂਆਂ ਨੇ ਅਪਨਾ ਕੇ ਸਮਾਜ ਨੂੰ ਪ੍ਰਭਾਵਿਤ ਕੀਤਾ ਸੀ। ਇਸਾਈ ਧਰਮ ਨੇ ਵੀ ਸੇਵਾ ਰਾਹੀਂ ਵਿਕਾਸ ਕੀਤਾ ਹੈ ਅਤੇ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ। ਅੱਜ ਹਿੰਦੋਸਤਾਨ ਵਿਚ ਗਰੀਬ ਲੋਕ ਧੜਾ ਧੜ ਧਰਮ ਬਦਲ ਕੇ ਈਸਾਈ ਬਣ ਰਹੇ ਹਨ, ਇਸ ਕਰਕੇ ਕਿ ਇਸਾਈ ਧਰਮ ਮਨੁੱਖ ਨੂੰ ਜਿਉਣ ਦੀ ਰਾਹ ਦੇਂਦਾ ਹੈ, ਮਾੜੀ ਕਿਸਮਤ ਨੂੰ ਬਦਲ ਦੇਂਦਾ, ਬਰਾਬਰੀ ਦੀ ਭਾਵਨਾ ਪੈਦਾ ਕਰਦਾ ਹੈ। ਹਿੰਦੂਤਵੀਆਂ ਨੇ ਇਸ ਧਰਮ ਬਦਲੀ ਵਿਰੁੱਧ ਹਿੰਦੋਸਤਾਨ 'ਚ ਬਹੁਤ ਸ਼ੋਰ ਮਚਾਇਆ, ਇਸਾਈਆਂ 'ਤੇ ਖ਼ੂਨੀ ਹਮਲੇ ਵੀ ਕੀਤੇ, ਪਾਦਰੀ ਨੂੰ ਜਿਉਂਦੇ ਵੀ ਸਾੜਿਆ, ਨੰਨਾਂ ਨਾਲ ਬਲਾਤਕਾਰ ਵੀ ਕੀਤੇ, ਪਰ ਤਾਂ ਵੀ ਇਸਾਈ ਧਰਮ ਤੇਜ਼ੀ ਨਾਲ ਸੇਵਾ ਕਰਕੇ ਅੱਗੇ ਵਧ ਰਿਹਾ ਹੈ। ਸਿੱਖਾਂ ਨੂੰ ਵੀ ਇਸ ਮੁਹਿੰਮ ਤੋਂ ਸਬਕ ਸਿੱਖਣ ਦੀ ਲੋੜ ਹੈ ਅਤੇ ਗੁਰੂਆਂ ਦੀਆਂ ਸਿਖਿਆਵਾਂ ਨੂੰ ਅਮਲੀ ਜ਼ਿੰਦਗੀ 'ਚ ਧਾਰਨ ਕਰਕੇ ਸੇਵਾ ਮਿਸ਼ਨ 'ਚ ਕੁਦਣ ਦੀ ਜ਼ਰੂਰਤ



ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਕੀਤੀ ਹੋਈ ਸੇਵਾ ਸਫਲ ਹੋ ਜਾਵੇ, ਸਤਿਗੁਰੂ ਦੀ ਖੁਸ਼ੀ ਸਾਨੂੰ ਪ੍ਰਾਪਤ ਹੋ ਜਾਵੇ ਤਾਂ ਸਾਨੂੰ ਗੁਰਦੁਆਰਿਆਂ ਨੂੰ ਸੇਵਾ ਦੇ ਕੇਂਦਰ ਬਣਾ ਕੇ ਉਨ੍ਹਾਂ ਗਰੀਬਾਂ, ਦਲਿਤਾਂ, ਲੋੜਵੰਦਾਂ ਦੀ ਬਾਂਹ ਫੜਨੀ ਪਵੇਗੀ, ਜਿਨ੍ਹਾਂ ਦਾ ਕੋਈ ਵਾਰਸ ਨਹੀਂ ਬਣ ਰਿਹਾ। ਸਾਨੂੰ ਉਨ੍ਹਾਂ ਸਮਾਜ ਭਲਾਈ ਖੇਤਰਾਂ 'ਚ ਜਾਣਾ ਪਵੇਗਾ, ਜਿਥੋਂ ਹੋਰ ਲੋਕ ਭੱਜ ਰਹੇ ਹਨ। ਸਾਡੇ ਗੁਰਦੁਆਰੇ ਤਾਂ ਸੇਵਾ ਸਿਖਲਾਈ ਦੇ ਕੇਂਦਰ ਹਨ। ਪਰ ਸੰਗਤਾਂ ਦੇ ਜੋੜੇ ਝਾੜਨਾ, ਪਰਸ਼ਾਦੇ ਪਕਾਉਣੇ, ਛਕਾਉਣੇ, ਝਾੜੂ ਦੇਣਾ ਆਦਿ ਸੇਵਾ ਦਾ ਆਰੰਭ ਹੈ, ਸਿਖਲਾਈ ਦੀ ਪਹਿਲੀ ਪਉੜੀ ਹੈ। ਪਰ ਅਸੀਂ ਇਥੋਂ ਤੱਕ ਸੀਮਤ ਹੋ ਕੇ ਬੈਠ ਗਏ ਹਾਂ। ਸਾਨੂੰ ਸਮਾਜ ਵਿਚਲੇ ਵਿਸ਼ਾਲ ਖੇਤਰ 'ਚ ਜਾਣਾ ਪਵੇਗਾ, ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨੀਆਂ ਪੈਣਗੀਆਂ, ਲੋੜਵੰਦ ਗਰੀਬ ਬੱਚਿਆਂ ਨੂੰ ਸਸਤੀ ਵਿਦਿਆ ਦੇਣੀ ਪਵੇਗੀ, ਐਸੇ ਹਸਪਤਾਲ ਖੋਲ੍ਹਣੇ ਪੈਣਗੇ, ਜਿਥੇ ਲੋੜਵੰਦਾਂ, ਕਿਰਤੀਆਂ ਦਾ ਇਲਾਜ ਸਸਤੀਆਂ ਦਰਾਂ 'ਤੇ ਹੋ ਸਕੇ। ਬੇਰੁਜ਼ਗਾਰੀ ਖਤਮ ਕਰਨ ਲਈ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਕਿੱਤਾ ਮੁੱਖੀ ਕੋਰਸ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਉਹ ਆਪਣੇ ਪੈਰਾਂ 'ਤੇ ਸਟੈਂਡ ਹੋ ਸਕਣ। ਗੁਰੂ ਘਰ ਹੀ ਤਾਂ ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਹੈ। ਸਾਡੇ ਲਈ ਗੁਰਦੁਆਰਿਆਂ 'ਤੇ ਇਕ ਪੱਕੀ ਇੱਟ ਲਾਉਣੀ ਓਨਾ ਚਿਰ ਗੁਨਾਹ ਹੈ, ਜਿੰਨਾ ਚਿਰ ਤੱਕ ਅਸੀਂ ਦੁਨੀਆਂ ਭਰ ਦੇ ਮੁਸੀਬਤ 'ਚ ਗ੍ਰਸੇ ਲੋਕਾਂ ਦੀ ਸਾਰ ਨਹੀਂ ਲੈਂਦੇ। ਜਦੋਂ ਭੁੱਖਿਆਂ, ਅਨਾਥਾਂ ਨੂੰ ਰੋਟੀ ਪਹੁੰਚਣ ਲੱਗੀ, ਬਿਮਾਰੀਆਂ ਦਾ ਇਲਾਜ ਹੋਣ ਲੱਗ ਪਿਆ ਤਾਂ ਸਮਝੋ ਗੁਰੂ ਪਾਤਸ਼ਾਹ ਨਾਲ ਸਾਡੀ ਵਫਾ ਨਿਭ ਗਈ। ਆਓ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਨੂੰ ਅਸੀਂ ਸਿੱਖ ਅਖਵਾਉਣ ਵਾਲੇ ਸਹਿਕ ਰਹੀ ਮਨੁੱਖਤਾ ਦੀਆਂ ਬਸਤੀਆਂ ਵਿਚ ਲੈ ਕੇ ਜਾਈਏ।

✻ ✻ ✻

# ਗੁਰਬਾਣੀ ਦਾ ਰਾਜ

ਗੁਰਬਾਣੀ ਦਾ ਰਾਜ, ਰਾਜ ਮੱਦ ’ਤੇ ਆਧਾਰਿਤ ਨਹੀਂ, ਨਾ ਹੀ ਇਸ ਵਿਚ ਅਨਿਆਂ, ਹਉਮੈਂ ਦੀ ਪ੍ਰਵਿਰਤੀ ਹੈ, ਇਹ ਰਾਜ ਗਣਤੰਤਰ ’ਤੇ ਆਧਾਰਿਤ ਹੈ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੇਗਮਪੁਰਾ ਤੇ ਹਲੇਮੀ ਰਾਜ ਦਾ ਨਾਮ ਦਿੱਤਾ ਗਿਆ ਹੈ। ਕੁਝ ਕੁ ਚਿੰਤਕ ਗੁਰਬਾਣੀ ਦੇ ਰਾਜ ਸੰਕਲਪ ਨੂੰ ਨਕਾਰਨ ਅਤੇ ਆਪਣੇ ਸਾਜ਼ਿਸ਼ੀ ਮਨੋਰਥ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੫੩੪ ਪੰਨੇ ’ਤੇ ਦਰਜ ਪਾਵਨ ਸ਼ਲੋਕ ‘ਰਾਜੁ ਨ ਚਾਹਉ ਮੁਕਤਿ ਨ ਚਾਹਉ’ ਦਾ ਹਵਾਲਾ ਦੇ ਕੇ ਸਿੱਖਾਂ ਦੇ ਮਨ ਵਿਚ ਇਹ ਭ੍ਰਾਂਤੀ ਪੈਦਾ ਕੀਤੀ ਹੈ ਕਿ ਗੁਰੂ ਦਾ ਆਸ਼ਾ ਰਾਜ ਪ੍ਰਾਪਤੀ ਨਹੀਂ, ਸਿਰਫ ਅਕਾਲ ਪੁਰਖ ਦੀ ਭਗਤੀ ਹੈ।

ਜੇਕਰ ਇਹ ਗੱਲ ਸੱਚ ਹੁੰਦੀ ਤਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ, ਮੀਰੀ-ਪੀਰੀ ਦੇ ਸੰਕਲਪ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਨੂੰ ਸਿਰਜਣ ਦੀ ਲੋੜ ਨਾ ਹੁੰਦੀ ਅਤੇ ਫਿਰ ਸਿੱਖ ਪੰਥ ਨੂੰ ਸੰਨਿਆਸੀਆਂ ਵਾਂਗ ਡੇਰੇ ਤੇ ਮੱਠ ਹੀ ਬਣਾ ਲੈਣੇ ਚਾਹੀਦੇ ਸਨ। ਪਰ ਇਤਿਹਾਸ ਵਿਚ ਅਜਿਹਾ ਨਹੀਂ ਵਾਪਰਿਆ, ਜ਼ੁਲਮ ਦੀ ਖਾਤਰ ਪਹਿਲਾਂ ਛੇਵੇ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਜਹਾਂਗੀਰ ਦੇ ਰਾਜ ਮੱਦ ਨੂੰ ਲਲਕਾਰਿਆ ਅਤੇ ਦਿੱਲੀ ਤਖਤ ਦੇ ਬਰਾਬਰ ਸ੍ਰੀ ਅਕਾਲ ਤਖਤ ਸਾਹਿਬ ਸਿਰਜਿਆ। ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਰਾਇ ਜੀ ਨੇ ਮਨੁੱਖੀ ਹਿੱਤਾਂ ਲਈ ਔਰੰਗਜ਼ੇਬ ਦੇ ਭਰਾ ਦਾਰਾ ਨੂੰ ਬਚਾਉਣ ਲਈ ਔਰੰਗਜ਼ੇਬ ਦੀਆਂ ਫੌਜਾਂ ਨੂੰ ਡੱਕੀ ਰੱਖਿਆ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਜ਼ਾਲਮ ਰਾਜ ਦੀ ਵਿਰੋਧਤਾ ਕਰਦਿਆਂ ਸ਼ਹਾਦਤ ਦਿੱਤੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਿਰਜ ਕੇ ਮੁਗਲ ਰਾਜ ਨੂੰ ਚੁਣੌਤੀ ਦਿੱਤੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿਚ ਤੋਰ ਕੇ ਖਾਲਸਾ ਰਾਜ ਦੀ ਸਿਰਜਣਾ ਕਰਵਾਈ। ਇਹ ਇਤਿਹਾਸ ਗੁਰਬਾਣੀ ਦੇ ਰਾਜ ਸਿਰਜਣ ਦਾ ਹੀ ਇਤਿਹਾਸ ਹੈ, ਜਿਸ ਲਈ ਸਿੰਘਾਂ-ਸਿੰਘਣੀਆਂ ਨੂੰ ਹੁਣ ਤੱਕ ਕੁਰਬਾਨੀਆਂ ਦੇਣੀਆਂ ਪਈਆਂ।

‘ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ’ ਦਾ ਅਰਥ ਇਹ ਹੈ ਕਿ ਰਾਜ ਤੇ ਮੁਕਤੀ ਉਹ ਨਹੀਂ ਚਾਹੀਦੀ, ਜਿਸ ਵਿਚ ਪ੍ਰਭੂ ਪ੍ਰਤੀ ਪਿਆਰ ਹੀ ਖਤਮ ਹੋ ਜਾਵੇ ਤੇ ਉਹ ਰਾਜ ਮੱਦ ਬਣ ਜਾਵੇ। ਸਭ ਤੋਂ ਪਹਿਲਾਂ ਪ੍ਰਭੂ ਦੀ ਪ੍ਰੀਤ ਹੈ, ਪ੍ਰਭੂ ਦਾ ਭਉ ਹੈ



ਤਾਂ ਹੀ ਰਾਜ ਕਾਮਯਾਬ ਤੇ ਮਨੁੱਖੀ ਹਿੱਤ ’ਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਸ਼ਵਾਦੀ ਰਾਜ ਦੇ ਲਈ ਸੰਤ ਰਵਿਦਾਸ ਜੀ ਨੇ ਬੇਗਮਪੁਰਾ ਸ਼ਹਿਰ ਦੀ ਵਰਤੋਂ ਕੀਤੀ ਹੈ। ਸੰਤ ਰਵਿਦਾਸ ਅਨੁਸਾਰ ਬੇਗਮਪੁਰਾ ਅਜਿਹੇ ਰਾਜ ਦਾ ਸੰਕਲਪ ਹੈ, ਜਿਥੇ ਕਿਸੇ ਦੀ ਜਾਤ ਨਹੀਂ ਪੁੱਛੀ ਜਾਂਦੀ, ਰੂਪ ਨਹੀਂ ਦੇਖਿਆ ਜਾਂਦਾ, ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਇਥੇ ਨਾ ਕੋਈ ਚਿੰਤਾ ਹੈ, ਨਾ ਕੋਈ ਡਰ ਹੈ। ਡਰ ਵੀ ਕਾਹਦਾ ਹੋਵੇ। ਡਰ ਤਾਂ ਸਾਰੇ ਮੌਤ ਨਾਲ ਜੁੜੇ ਹੁੰਦੇ ਹਨ। ਜੇ ਮਨੁੱਖ ਮੌਤ ਤੋਂ ਮੁਕਤ ਹੋ ਗਿਆ ਤਾਂ ਉਸ ਨੂੰ ਡਰ ਕਾਹਦਾ। ਇਸ ਨਗਰ ਵਿਚ ਤਾਂ ਚਿੰਤਾ ਵੀ ਕੋਈ ਨਹੀਂ। ਚਿੰਤਾ ਤਾਂ ਉਥੇ ਹੁੰਦੀ ਹੈ, ਜਿਥੇ ਅਸੀਂ ਸੁਰੱਖਿਅਤ ਨਹੀਂ ਹੁੰਦੇ। ਬੇਗਮਪੁਰਾ ਵਿਚ ਤਾਂ ਸਭ ਕੁਝ ਹੈ, ਪ੍ਰਾਪਤ ਕਰਨ ਦੀ ਇੱਛਾ ਨਹੀਂ ਰਹਿੰਦੀ, ਕਿਉਂ ਮਨੁੱਖੀ ਮਨ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ, ਫਿਰ ਰਾਜ ਮੱਦ ਕਿਉਂ ਪੈਦਾ ਹੋਵੇਗਾ। ਜੇਕਰ ਅਜਿਹੇ ਰਾਜ ਦੀ ਸਿਰਜਣਾ ਹੋ ਜਾਏ ਤਾਂ ਮਨੁੱਖ ਨੂੰ ਸਭ ਕੁਝ ਪ੍ਰਾਪਤ ਹੋ ਗਿਆ ;

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੪੫)

ਗੁਰਬਾਣੀ ਰਾਜ ਦਾ ਉਦੇਸ਼ ਜਨ ਕਲਿਆਣ ਹੈ ਅਤੇ ਇਹ ਰਾਜ ਆਪਣੇ ਨਾਗਰਿਕਾਂ ਲਈ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਕੇ ਉਨ੍ਹਾਂ ਦੇ ਕਲਿਆਣ ਲਈ ਸੁਖਾਵੇਂ ਮਾਹੌਲ ਨੂੰ ਉਸਾਰਦਾ ਹੈ ਅਤੇ ਮਨੁੱਖੀ ਜੀਵਨ ਵਿਚ ਕਪਟ, ਅਨਿਆਂ, ਧੱਕੇਸ਼ਾਹੀ, ਜ਼ੁਲਮ ਅਤੇ ਨਾ ਬਰਾਬਰੀ ਦਾ ਖਾਤਮਾ ਕਰਦਾ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਰਾਜ ਲਈ ‘ਹਲੇਮੀ ਰਾਜ’ ਦੀ ਵਰਤੋਂ ਕੀਤੀ ਹੈ ;

*ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪)

ਉਪਰੋਕਤ ਪਾਵਨ ਸ਼ਲੋਕ ’ਚ ਜੋ ਰਾਜ ਦਾ ਸੰਕਲਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੇਸ਼ ਕੀਤਾ ਹੈ, ਉਸ ਦਾ ਆਧਾਰ ਸ਼ਕਤੀ ਨਹੀਂ, ਸਗੋਂ ਹਲੇਮੀ ਹੈ। ਗੁਰੂ ਸਾਹਿਬ ਨੇ ਇਸ ਵਿਚ ਭਾਈਚਾਰਕ ਪਿਆਰ ਦੀ ਨੀਂਹ ਉਤੇ ਉਸਰੇ ਰਾਜ ਨੂੰ ਹਲੇਮੀ ਰਾਜ ਦਾ ਨਾਂ ਦਿੱਤਾ ਹੈ ਜੋ ਅਕਾਲ ਪੁਰਖ ਦੇ ਹੁਕਮ ਵਿਚ ਸਥਾਪਤ ਹੁੰਦਾ ਹੋਇਆ ਸਰਬ ਕਲਿਆਣਕਾਰੀ ਹੁੰਦਾ ਹੈ। ਮੀਰੀ-ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ, ਚੜ੍ਹਦੀਕਲਾ ਤੇ ਸਰਬੱਤ ਦੇ ਭਲੇ ਲਈ ਮਿਲ ਕੇ ਚੱਲਣ। ਧਰਮ ਮਨ ਨੂੰ ਜਿੱਤਣ ਦਾ ਹੁਨਰ ਹੈ, ਰਾਜ ਦੁਨੀਆਂ ਨੂੰ ਜਿੱਤਣ ਦਾ। ਰਾਜ ਦਾ ਅਰਥ ਹਕੂਮਤ ਕਰਨ ਦੀ ਹਵਸ ਨਹੀਂ, ਸਗੋਂ ਰਾਜ ਦਾ ਭਾਵ ਹੈ ਸਮਾਜ ਦੀਆਂ ਪਦਾਰਥਕ ਸ਼ਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਵਿਸ਼ਵ ਕਲਿਆਣ ਲਈ

ਵਰਨਣ ਹਿੱਤ ਵਿਉਂਤਬੱਧ ਉਪਾਓ ਕਰਨਾ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚਾਈ ਦੀ ਪੱਕੀ ਨੀਂਹ ਉੱਤੇ ਇਕ ਤਰ੍ਹਾਂ ਅਜਿਹੇ ਰਾਜ ਦੀ ਬੁਨਿਆਦ ਰੱਖ ਦਿੱਤੀ ਸੀ, ਜਿਵੇਂ ਕਿ ਭਾਈ ਸਤੇ ਨੇ ਕਿਹਾ ਹੈ ;

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬੬)

ਗੁਰਬਾਣੀ ਦਾ ਰਾਜ ਸੰਕਲਪ ਗਣਤੰਤਰ ਰਾਜ ਹੈ ਜੋ ਕਿ ਦੁਨਿਆਵੀ ਕਿਸਮ ਦੇ ਲੋਕਤੰਤਰ ਤੋਂ ਭਿੰਨ ਹੈ, ਜਿਸ ਦਾ ਮੁੱਖ ਸੋਮਾ ਅਕਾਲ ਪੁਰਖ ਹੈ। ਦੁਨਿਆਵੀ ਲੋਕਤੰਤਰ ਵਿਚ ਪ੍ਰਤੀਨਿਧੀਆਂ ਦੀ ਚੋਣ ਵੋਟਾਂ ਰਾਹੀਂ ਹੁੰਦੀ ਹੈ, ਜਿਸ ਵਿਚ ਗੁਣਾਂ ਦੀ ਥਾਂ, ਮੁਕਾਬਲੇ ਦੀ ਭਾਵਨਾ ਅਤੇ ਪਦਾਰਥਕ ਸੋਚ ਹਾਵੀ ਹੁੰਦੀ ਹੈ ਜੋ ਕਿ ਲੜਾਈ ਦਾ ਰੂਪ ਧਾਰਨ ਕਰ ਜਾਂਦੀ ਹੈ। ਇਸ ਪ੍ਰਥਾ 'ਚ ਬਹੁਗਿਣਤੀ ਦੀ ਹਮਾਇਤ ਦਾ ਸਿਧਾਂਤ ਹੁੰਦਾ ਹੈ, ਗੁਣਾਂ ਦੀ ਕੋਈ ਥਾਂ ਨਹੀਂ ਹੁੰਦੀ। ਗੁਰਬਾਣੀ ਲੋਕਤੰਤਰ ਵਿਚ ਚੋਣ ਪਰਖ ਦਾ ਸਿਧਾਂਤ ਹੈ, ਜਿਸ ਵਿਚ ਗੁਣਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨਾਂ ਨੇ ਗੁਰਿਆਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਿਰਜਣਾ ਇਸ ਢੰਗ ਨਾਲ ਹੀ ਕੀਤੀ ਸੀ। ਗੁਰਬਾਣੀ ਲੋਕਤੰਤਰ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਸ ਵਿਚ ਪ੍ਰਤੀਨਿਧ ਜਾਂ ਪੰਚ ਚੁਣੇ ਜਾਣ ਵਾਲੇ ਵਿਅਕਤੀ ਦੀ ਯੋਗਤਾ 'ਤੇ ਜ਼ੋਰ ਹੈ। ਦੁਨਿਆਵੀ ਲੋਕਤੰਤਰ ਵਿਚ ਇਹ ਗੱਲ ਨਹੀਂ ਹੈ। ਇਸ ਵਿਚ ਤਾਂ ਭ੍ਰਿਸ਼ਟ, ਅਪਰਾਧੀ ਅਤੇ ਹੋਰ ਔਗੁਣਾਂ ਭਰੇ ਲੋਕ ਪ੍ਰਤੀਨਿਧ ਹਾਵੀ ਹੋ ਜਾਂਦੇ ਹਨ। 'ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ' ਦਾ ਅਖਾਣ ਇਸੇ ਲੋਕਤੰਤਰ ਦੀ ਉਪਜ ਹੈ। ਗੁਰਬਾਣੀ ਲੋਕਤੰਤਰ ਵਿਚ ਵਿਚ ਸੰਗਤ ਪ੍ਰਤੀਨਿਧੀ ਚੁਣਨ ਵੇਲੇ ਉਸ ਦਾ ਜੀਵਨ ਦੇਖਦੀ ਹੈ, ਵਿਅਕਤੀ ਦੇ ਗੁਣਾਂ ਦੀ ਪਰਖ ਹੁੰਦੀ ਹੈ ਜਾਂ ਇੰਝ ਆਖ ਲਓ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਜਿਹੇ ਰਾਜ ਦੀ ਪੇਸ਼ਕਾਰੀ ਹੋਈ ਹੈ, ਜਿਸ ਦੀ ਵਾਗਡੋਰ ਅਜਿਹੇ ਧਰਮੀ ਅਤੇ ਗਿਆਨਵਾਨ ਰਾਜੇ ਦੇ ਹੱਥ ਵਿਚ ਹੈ, ਜਿਹੜਾ ਆਪਣੇ ਗਿਆਨ ਨਾਲ ਮਨੁੱਖ ਦੀਆਂ ਆਪਸੀ ਵਿਰੋਧੀ ਰੁਚੀਆਂ ਅਤੇ ਸ਼ਕਤੀਆਂ ਨੂੰ ਇਕੱਤਰ ਕਰਕੇ ਉਨ੍ਹਾਂ ਵਿਚ ਇਕਸੁਰਤਾ ਲਿਆ ਸਕਦਾ ਹੈ ;

*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥*
*ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੮੮)

ਇਸ ਤਰ੍ਹਾਂ ਗੁਰਬਾਣੀ ਦੇ ਸਿਧਾਂਤ ਅਨੁਸਾਰ ਰਾਜਾ ਰਾਜ ਦੇ ਯੋਗ, ਨਿਆਂਸ਼ੀਲ ਹੋਣਾ ਚਾਹੀਦਾ ਹੈ ਜੋ ਕਿ ਕਿਸੇ ਨਾਲ ਪੱਖਪਾਤ ਨਾ ਕਰੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾ ਕਰੇ, ਜ਼ਾਲਮ ਨਾ ਹੋਵੇ ਅਤੇ ਮਨੁੱਖੀ ਕਲਿਆਣ 'ਚ ਵਿਸ਼ਵਾਸ ਕਰਦਾ ਹੋਵੇ। ਬੇਸਮਝ ਜਾਂ ਕੁਰਾਹੇ ਪਏ ਵਿਅਕਤੀ ਨੂੰ ਜੇ ਰਾਜਾ ਬਣਾ ਦਿੱਤਾ ਜਾਵੇ ਤਾਂ ਗੁਰਬਾਣੀ ਅਨੁਸਾਰ ਉਹ



'ਅੰਨਾ ਰਾਜਾ' ਸਾਬਤ ਹੁੰਦਾ ਹੈ ;

*ਨਾਨਕ ਅੰਧਾ ਹੋਇ ਕੈ ਦਸੈ ਰਾਹੈ ਸਭਸੁ ਮੁਹਾਏ ਸਾਥੈ ॥*
*ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੪੦)

ਅਜਿਹਾ ਆਗੂ ਆਪ ਤਾਂ ਡੁੱਬਦਾ ਹੀ ਹੈ, ਨਾਲ ਹੀ ਆਪਣੇ ਪਿਛੇ ਲੱਗਣ ਵਾਲਿਆਂ ਨੂੰ ਹੀ ਡੋਬ ਛੱਡਦਾ ਹੈ। ਗੁਰਬਾਣੀ ਅਨੁਸਾਰ ਜੋ ਰਾਜਾ ਹੰਕਾਰ ਦੇ ਅਧੀਨ ਕਾਰਜ ਕਰਦਾ ਹੈ, ਉਹ ਨਸ਼ਟ ਹੋ ਜਾਂਦਾ ਹੈ ;

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੭੮)

ਗੁਰਬਾਣੀ ਲੋਕਤੰਤਰ ਵਿਚ ਚੁਣੇ ਜਾਣ ਵਾਲੇ ਪ੍ਰਤੀਨਿਧੀਆਂ ਅਤੇ ਦੁਨਿਆਵੀ ਕਿਸਮ ਦੇ ਲੋਕਤੰਤਰ ਵਿਚ ਚੁਣੇ ਜਾਣ ਵਾਲੇ ਪ੍ਰਤੀਨਿਧੀਆਂ ਦੇ ਨਿਸ਼ਾਨੇ ਵਿਚ ਹੀ ਬੁਨਿਆਦੀ ਅੰਤਰ ਹੁੰਦਾ ਹੈ। ਦੁਨਿਆਵੀ ਲੋਕਤੰਤਰ ਦੇ ਪ੍ਰਤੀਨਿਧਾਂ ਦਾ ਨਿਸ਼ਾਨਾ ਚੌਧਰ, ਤਾਕਤ, ਮਾਇਆ, ਹਾਸਲ ਕਰਨਾ ਹੁੰਦਾ ਹੈ, ਦੂਜੇ ਪਾਸੇ ਗੁਰਬਾਣੀ ਲੋਕਤੰਤਰ ਵਿਚ ਨਿਸ਼ਾਨਾ ਸੇਵਾ, ਤਿਆਗ ਤੇ ਕੁਰਬਾਨੀ ਹੁੰਦਾ ਹੈ। ਇਥੇ ਦੌੜ ਕੁਰਸੀ ਲਈ ਨਹੀਂ, ਸੇਵਾ ਲਈ ਲਗਦੀ ਹੈ। ਦੁਨਿਆਵੀ ਲੋਕਤੰਤਰ ਦੇ ਕਿੰਨੇ ਹੀ ਪ੍ਰਤੀਨਿਧਾਂ ਦੇ ਵਿਰੁੱਧ ਭ੍ਰਿਸ਼ਟਾਚਾਰ, ਕੁਨਬਾ ਪਰਵਰੀ ਅਤੇ ਹੋਰ ਜ਼ੁਲਮਾਂ ਦੇ ਮਾਮਲੇ ਸਾਹਮਣੇ ਆਏ ਹਨ। ਫਿਰ ਜੋੜ ਤੋੜ, ਦਾਅ ਪੇਚ, ਦਲ ਬਦਲੀ ਆਦਿ ਕਿੰਨੀਆਂ ਹੀ ਬੁਰਾਈਆਂ ਇਸ ਲੋਕਤੰਤਰ ਨੂੰ ਘੁਣ ਵਾਂਗ ਲੱਗੀਆਂ ਹੋਈਆਂ ਹਨ। ਗੁਰਬਾਣੀ ਲੋਕਤੰਤਰ ਅਨੁਸਾਰ ਲੋਕ ਰਾਇ ਨੂੰ ਮੰਨ ਕੇ ਗੁਣਾਂ ਦੇ ਆਧਾਰ 'ਤੇ ਕੋਈ ਫੈਸਲਾ ਲਿਆ ਜਾਂਦਾ ਹੈ। ਜੋ ਰਾਜਾ ਲੋਕ ਰਾਇ ਤੋਂ ਉਲਟ ਫੈਸਲਾ ਲੈਂਦਾ ਹੈ ਜਾਂ ਆਪਣੇ ਨਿੱਜੀ ਹਿੱਤਾਂ ਲਈ ਆਪਣੀ ਰਾਇ ਠੋਸਦਾ, ਉਸ ਦਾ ਰਾਜ ਥੋੜ ਚਿਰਾ ਹੁੰਦਾ ਹੈ। ਜਿਵੇਂ ;

*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੪੨)

ਰਾਜ ਭਾਗ ਨੂੰ ਜੀਵਨ ਦਾ ਸਭ ਕੁਝ ਮੰਨ ਲੈਣਾ ਗੁਰਬਾਣੀ ਦਾ ਉਦੇਸ਼ ਨਹੀਂ। ਰਾਜ ਇਕ ਸਾਧਨ ਹੈ ਮਨੁੱਖੀ ਸਮਾਜ ਦੇ ਵਿਕਾਸ ਦਾ। ਜੇ ਸਮਾਜ ਦੇ ਵਿਕਾਸ ਨੂੰ ਅਖੋਂ ਉਹਲੇ ਕਰਕੇ ਕੋਈ ਰਾਜਾ ਵਿਅਕਤੀਗਤ ਲਾਭਾਂ ਲਈ ਇਸ ਸਾਰੀ ਸ਼ਕਤੀ ਨੂੰ ਵਰਤੇ ਤਾਂ ਇਹ ਹਾਨੀਕਾਰਕ ਔਗੁਣ ਬਣ ਜਾਂਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਵਾਰ-ਵਾਰ ਯਾਦ ਕਰਵਾਇਆ ਜਾਂਦਾ ਹੈ ਕਿ ਧਰਮ ਤੋਂ ਬੇਮੁਖ ਚਲਣ ਵਾਲੀ ਰਾਜ ਸ਼ਕਤੀ ਮਨੁੱਖਤਾ ਲਈ ਤਬਾਹਕੁੰਨ ਸਾਬਤ ਹੁੰਦੀ ਹੈ ;

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥*
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੮੮)
*ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥*
*ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥*
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੦੮)

ਇਹ ਗੱਲ ਸੱਚ ਹੈ ਕਿ ਧਰਮ ਦੇ ਵਿਕਾਸ ਲਈ ਰਾਜ ਦੀ ਅਤਿਅੰਤ ਜ਼ਰੂਰਤ ਹੈ। ਜੇਕਰ ਸਿਧਾਂਤ ਨੂੰ ਪ੍ਰੋਜੈਕਟ ਕਰਨਾ ਹੈ ਤਾਂ ਰਾਜ ਦਾ ਹੋਣਾ ਜ਼ਰੂਰੀ ਹੈ। ਗੁਰਬਾਨੀ ਦਾ ਰਾਜ ਸੰਕਲਪ ਅਜੋਕੇ ਸਮੇਂ ਮਾਡਲ ਰੂਪ ਵਿਚ ਉਭਾਰਨ ਦੀ ਲੋੜ ਹੈ, ਜਿਸ ਦੀ ਸ਼ੁਰੂਆਤ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਵਿਚ ਚੋਣ ਦੀ ਵਿਧੀ ਭਾਰਤੀ ਲੋਕਤੰਤਰ ਦੀ ਥਾਂ ਗੁਰਬਾਨੀ ਲੋਕਤੰਤਰ ਵਾਲੀ ਲਾਗੂ ਕਰਨ ਦਾ ਫੈਸਲਾ ਲੈਣਾ ਚਾਹੀਦਾ ਹੈ ਤਾਂ ਜੋ ਇਸ ਵਿਚ ਜੋ ਗੁਰਸਿੱਖ ਚੁਣੇ ਜਾਣ ਉਹ ਗੁਰਮਤਿ ਕਾਜ ਤੇ ਪੰਥ ਦੀ ਚੜ੍ਹਦੀਕਲਾ ਨੂੰ ਸਮਰਪਿਤ ਹੋਣ ਨਾ ਕਿ ਰਾਜ ਮੱਦ ਵਿਚ ਗੜ੍ਹਚੇ ਹੋਣ। ਗੁਰਬਾਨੀ ਦੇ ਰਾਜ ਸੰਕਲਪ ’ਤੇ ਪਹਿਰਾ ਦੇਣ ਨਾਲ ਹੀ ਪੰਥ ਵਿਚ ਜਾਗ੍ਰਿਤੀ ਪੈਦਾ ਹੋ ਸਕਦੀ ਹੈ ਅਤੇ ਇਸ ਵਿਧੀ ਨੂੰ ਪ੍ਰੈਕਟਿਸ ਵਿਚ ਲਿਆਉਣ ਨਾਲ ਹੀ ਪਾਤਸ਼ਾਹੀ ਮਿਲ ਸਕਦੀ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਆਪਣੇ ਭਵਿੱਖ ਦੇ ਮਾਲਕ ਬਣੀਏ ਤਾਂ ਲੋੜ ਹੈ ਅਜਿਹੀ ਲੀਡਰਸ਼ਿਪ ਪੈਦਾ ਕਰਨ ਦੀ ਜੋ ਕਿ ਗੁਰਬਾਨੀ ਦੇ ਰਾਜ ਸੰਕਲਪ ’ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਵੇ, ਆਪਣੇ ਅਮਲੀ ਜੀਵਨ ਦਾ ਅੰਗ ਬਣਾ ਕੇ ਗੁਰੂ ਸੁਹਜ ਦਾ ਨਿਘ ਮਾਣੇ।

* * *



# ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ, ਸੰਸਾਰੀਕਰਨ ਤੇ ਹਿੰਦੂਤਵ

ਗੱਲ ਗੁਰੂਆਂ ਦੀ ਧੁੰਦਲੀ ਪੈ ਗਈ, ਚੱਲ ਪਈ ਸੰਸਾਰੀਕਰਨ ਦੀ। ਸਿੱਖ ਵਿਦਵਾਨ ਜਾਂ ਚੇਤੰਨ ਸਿੱਖ ਬਹੁਤ ਚਿੰਤਤ ਹਨ ਕਿ ਸੰਸਾਰੀਕਰਨ ਮਨੂੰਵਾਦ ਤੋਂ ਵੱਧ ਖਤਰਨਾਕ ਹੈ, ਹੁਣ ਸਿੱਖ ਕੌਮ ਸੰਸਾਰੀਕਰਨ ਦੇ ਸਾਹਮਣੇ ਬਹੁਤਾ ਚਿਰ ਟਿਕ ਨਹੀਂ ਸਕੇਗੀ। ਇਸ ਲਈ ਇਸ ਦੀ ਹੋਂਦ ਦਾ ਮਿਟ ਜਾਣਾ ਨਿਸ਼ਚਿਤ ਹੈ। ਪੰਜਾਬ ਜੋ ਸਿੱਖੀ ਦਾ ਘਰ ਹੈ, ਜਿਥੇ ਦਸ ਗੁਰੂਆਂ ਦੇ ਚਰਨ ਪਏ ਹਨ, ਜਿਥੇ ਸਿੱਖ ਸ਼ਹੀਦਾਂ ਦੇ ਸਿਰ ਲੱਗੇ ਹਨ, ਉਥੇ ਸਿੱਖ ਨੌਜਵਾਨ ਕੇਸਹੀਣ ਹੋ ਕੇ ਟੋਪੀਆਂ ਪਾ ਕੇ, ਕੰਨਾਂ ’ਚ ਕੁੰਡਲ ਪਾ ਕੇ ਮਾਡਰਨ ਰਾਂਝੇ ਬਣ ਰਹੇ ਹਨ ਅਤੇ ਬਾਊਆਂ ਵਾਲੀ ਸਿੱਖੀ ਵੱਲ ਜਾ ਰਹੇ ਹਨ। ਨਸ਼ੇ ਇਸ ਮਾਡਰਨ ਸਿੱਖ ਪੀੜ੍ਹੀ ਦਾ ਸਭਿਆਚਾਰ ਬਣ ਚੁੱਕੇ ਹਨ ਤੇ ਟਪੂਸੀ ਬਾਂਦਰਨੁਮਾ ਲੱਚਰ ਡਾਂਸ ਇਨ੍ਹਾਂ ਦਾ ਵਿਰਸਾ ਬਣ ਚੁੱਕਾ ਹੈ। ਗੁਰਮੁਖੀ ਲਿਪੀ ਸਾਜ਼ਿਸ਼ ਤਹਿਤ ਖਤਮ ਕੀਤੀ ਜਾ ਰਹੀ ਹੈ, ਅੰਗਰੇਜ਼ੀ ਹਿੰਦੀ ਦਾ ਬੋਲ ਬਾਲਾ ਕੀਤਾ ਜਾ ਰਿਹਾ ਹੈ। ਪੰਜਾਬ ਦੀ ਖੇਤੀਬਾੜੀ ਬੁਰੀ ਤਰ੍ਹਾਂ ਤਬਾਹ ਕੀਤੀ ਜਾ ਚੁੱਕੀ ਹੈ, ਪੰਜਾਬ ਦੇ ਪਾਣੀ, ਬਿਜਲੀ, ਰਾਜਧਾਨੀ ਲੁੱਟੀ ਜਾ ਚੁੱਕੀ ਹੈ। ਪੰਜਾਬ ਵਿਚ ਸਿੱਖਾਂ ਨੂੰ ਘੱਟਗਿਣਤੀ ਕਰਨ ਦੇ ਤਹਿਤ ਭਈਆਂ ਨੂੰ ਵਸਾ ਕੇ ਸਿੱਖ ਸਭਿਆਚਾਰ, ਸਿੱਖੀ ਦੀ ਹੋਂਦ ਨੂੰ ਖਤਮ ਕੀਤਾ ਜਾ ਰਿਹਾ ਹੈ। ਇਹ ਸਭ ਮਨੂੰਵਾਦ ਦੇ ਸੰਸਾਰੀਕਰਨ ਸੰਕਲਪ ਤਹਿਤ ਵਾਪਰ ਰਿਹਾ ਹੈ।

ਸੁਆਲ ਤਾਂ ਇਹ ਹੈ ਕਿ ਸਿੱਖ ਏਨੇ ਕਮਜ਼ੋਰ ਕਿਉਂ ਪੈ ਗਏ ਹਨ ਕਿ ਉਨ੍ਹਾਂ ਨੇ ਹੁਣ ਸੰਸਾਰੀਕਰਨ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਮਨੂੰਵਾਦੀ ਸਿਆਸਤ ਨਾਲ ਸਮਝੌਤਾ ਕਰ ਲਿਆ ਹੈ? ਇਤਿਹਾਸ ਗਵਾਹ ਹੈ ਕਿ ਸਿੱਖ ਮੁਗਲਾਂ ਕੋਲੋਂ ਨਹੀਂ ਹਾਰੇ, ਆਰੀਅਨ ਵਿਚਾਰਧਾਰਾ ਦੀ ਫਾਸ਼ੀਵਾਦੀ ਨੀਤੀ ਦੇ ਵਿਰੁੱਧ ਡਟ ਕੇ ਜੂਝਦੇ ਰਹੇ, ਪਰ ਹੁਣ ਸੰਸਾਰੀਕਰਨ ਨੇ ਕਿਹੜੀ ਗੋਲੀ ਮਾਰੀ ਹੈ ਕਿ ਸਿੱਖਾਂ ’ਚ ਸਾਹ ਸਤ ਹੀ ਮੁੱਕ ਗਿਆ ਹੈ। ਗੱਲ ਸਮਝ ਤੋਂ ਬਾਹਰ ਹੈ, ਹਨੇਰੇ ਵਿਚ ਤੀਰ ਛੱਡੀ ਜਾ ਰਹੇ ਹਾਂ, ਬਾਬੇ ਨਾਨਕ ਦੀ ਸੋਝੀ ਅਤੇ ਗਿਆਨ ਦੇ ਮਾਰਗ ਨੂੰ ਪਰਖਣ ਵਾਲੀ ਦਿਸ਼ਾ ਨੂੰ ਅਸੀਂ ਹਾਲੇ ਤੱਕ ਨਹੀਂ ਅਪਨਾਇਆ। ਕਾਮਰੇਡਾਂ ਤੋਂ ਬਣੇ ਸਿੱਖ ਚਿੰਤਕ ਆਪਣੀ ਮਤ ਅਧੀਨ ਆਪਣੀ ਜੁੰਡਲੀ ਵਿਚ ਇਹ ਪ੍ਰਚਾਰ ਕਰ ਰਹੇ ਹਨ ਕਿ ਬਾਬੇ ਨਾਨਕ ਦੀ ਵਿਚਾਰਧਾਰਾ ਨੇ ਸਾਡਾ ਅੱਗੇ ਕੀ ਸੁਆਰ ਦਿੱਤਾ, ਜਿਹੜਾ ਇਸ

ਸਦੀ ਵਿਚ ਸਾਡਾ ਕੁਝ ਸੰਵਰ ਜਾਣਾ ਹੈ।

ਘੱਟੋ ਘੱਟ ਇਹ ਮੰਨ ਕੇ ਤਾਂ ਚਲੀਏ ਕਿ ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕਰ ਦਿਖਾਇਆ ਹੈ, ਉਹ ਸੱਚ ਹਾਲੇ ਤੱਕ ਸਾਡੇ ਪੱਲੇ ਨਹੀਂ, ਅਸੀਂ ਸੱਚ 'ਤੇ ਖੜ ਕੇ ਮਲਕ ਭਾਗੋ ਅਤੇ ਭਾਈ ਲਾਲੋ ਵਿਚ ਅੰਤਰ ਕਰਨ ਜੋਗੇ ਨਹੀਂ। ਜਿੰਨਾ ਵੱਡਾ ਮਲਕ ਭਾਗੋ ਹੈ, ਉਨੇ ਵੱਡੇ ਸਿਰੋਪੇ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਂ 'ਤੇ ਉਸਰੀਆਂ ਪੰਥਕ ਸੰਸਥਾਵਾਂ ਦੇ ਨਾਂ 'ਤੇ ਦੇ ਰਹੇ ਹਾਂ, ਸਾਡੀ ਸਾਂਝ ਮਲਕ ਭਾਗੋਆਂ ਨਾਲ ਹੈ, ਉਨ੍ਹਾਂ ਨੂੰ ਵੱਡਿਆ ਰਹੇ ਹਾਂ, ਉਸਤਤ ਕਰ ਰਹੇ ਹਾਂ, ਸਰਬੱਤ ਦੇ ਭਲੇ ਦੀ ਥਾਂ ਉਨ੍ਹਾਂ ਦੀਆਂ ਅਰਦਾਸਾਂ ਕਰ ਰਹੇ ਹਾਂ ਅਤੇ ਭਾਈ ਲਾਲੋਆਂ ਨੂੰ ਧੱਕੇ ਦੇ ਰਹੇ ਹਾਂ, ਨਫਰਤ ਕਰ ਰਹੇ ਹਾਂ, ਸਿਰੋਪਿਆਂ ਦੀ ਬਖਸ਼ਿਸ਼ ਮਲਕ ਭਾਗੋਆਂ ਨੂੰ ਵੀ ਕੀਤੀ ਜਾ ਰਹੀ ਹੈ। ਫਿਰ ਅਸੀਂ ਕਿਹੜੀ ਸਿੱਖੀ ਦਾ ਦਮ ਭਰ ਰਹੇ ਹਾਂ?

ਕੁੜੀਮਾਰ, ਨੜੀਮਾਰ, ਨੂੰਹਮਾਰ, ਪੁਜਾਰੀਵਾਦ, ਮਨੂੰਵਾਦ, ਭ੍ਰਿਸ਼ਟਤੰਤਰ, ਸਾਡੇ ਪੰਥ ਦੀ ਕਿਸਮਤ ਦੇ ਘਾੜੇ ਹਨ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਲ ਕਿਵੇਂ ਚੱਲ ਪਵੇਗੀ? ਗੁਰ ਸਿਧਾਂਤ ਤੋਂ ਤਿੜਕੇ ਹੋਏ ਸਿੱਖੀ ਦੇ ਮਹਿਲ ਦੀ ਨਵ-ਉਸਾਰੀ ਕਿਵੇਂ ਹੋਵੇਗੀ। ਜੇਕਰ ਸਾਡੇ ਕੋਲ ਸਿੱਖੀ ਦਾ ਮਾਡਲ ਹੀ ਨਹੀਂ ਤਾਂ ਨੌਜਵਾਨ ਪੀੜੀ ਨੇ ਕਿਸ ਤੋਂ ਸਿਖਿਆ ਲੈਣੀ ਹੈ? ਫਿਰ ਦਲੇਰ ਮਹਿੰਦੀ ਵਰਗੇ ਕਬੂਤਰਬਾਜ਼, ਮਾਈਕਲ ਜੈਕਸਨ ਵਰਗੇ ਟਪੂਸੀਬਾਜ਼, ਬਾਬਾ ਸਹਿਗਲ ਵਰਗੇ ਨਚਾਰ, ਪੰਥਕ ਪਰੰਪਰਾਵਾਂ ਦਾ ਘਾਣ ਕਰਨ ਵਾਲੇ, ਬਦਨਾਮ ਸਾਧ ਚੰਦਰਾ ਸਵਾਮੀ ਤੋਂ ਟਿੱਕੇ ਲਗਵਾਉਣ ਤੇ ਹਵਨ ਕਰਾਉਣ ਵਾਲੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵਰਗੇ ਭ੍ਰਿਸ਼ਟ ਨੇਤਾ ਹੀ ਇਨ੍ਹਾਂ ਦੀ ਦ੍ਰਿਸ਼ਟੀ ਦਾ ਕੇਂਦਰ ਬਣਨੇ ਹਨ। ਫਿਰ ਜੋ ਸੰਗਤ ਇਨ੍ਹਾਂ ਦੁਆਲੇ ਉਸਰਨੀ ਹੈ, ਉਹ ਘੱਟੋ ਘੱਟ ਗੁਰੂ ਦੀ ਨਹੀਂ ਹੋ ਸਕਦੀ, ਉਸ ਭੀੜ ਨੂੰ ਤਮਾਸ਼ਬੀਨ, ਅੰਧ ਵਿਸ਼ਵਾਸੀ ਜਾਂ ਡੇਰੇਵਾਦੀਆਂ ਦੀ ਸੰਗਤ ਕਿਹਾ ਜਾ ਸਕਦਾ ਹੈ, ਜਿਸ ਵਿਚ ਸਾਥੀ ਭਾਵਨਾ ਨਹੀਂ, ਗੁਰੂਆਂ ਦੀ ਵਿਚਾਰਧਾਰਾ ਨਹੀਂ। ਜੇਕਰ ਸਾਡੇ ਅਨਪੜ੍ਹ ਗ੍ਰੰਥੀ, ਰਾਗੀ, ਚਿਮਟੇ ਖੜਕਾਉਣ ਵਾਲੇ ਸਾਧ, ਕੱਚੀ ਬਾਣੀ ਗਾਉਣ ਵਾਲੇ ਸੰਤ, ਜਥੇਦਾਰ ਅਤੇ ਪ੍ਰਚਾਰਕ ਅਜੋਕੀ ਨੌਜਵਾਨ ਪੀੜ੍ਹੀ ਨੂੰ ਰੂਹਾਨੀ ਅਨੰਦ ਅਤੇ ਸੇਧ ਦੇਣ ਤੋਂ ਅਸਮਰੱਥ ਹਨ ਤਾਂ ਇਸ ਪੀੜ੍ਹੀ ਨੇ ਵਿਲਾਸਤਾ ਅਤੇ ਨਸ਼ੇ ਤੋਂ ਹੀ ਅਨੰਦ ਦੇ ਹੁਲਾਰੇ ਲੈਣੇ ਹੋਏ, ਫਿਰ ਉਲਾਂਭਾ ਇਸ ਪੀੜੀ ਨੂੰ ਕਿਉਂ? ਕਿਉਂ ਨਹੀਂ ਅਸੀਂ ਆਪਣੀ ਪੀੜੀ ਹੇਠਾਂ ਸੋਟਾ ਫੇਰਦੇ?

ਹੋਰ ਤਾਂ ਹੋਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਵਰਗੇ ਰਮਾਇਣ ਦੇ 501 ਪਾਠਾਂ ਦਾ ਮਹਾਂਯੱਗ ਕਰਾਏ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਲਵਿੰਦਰ ਸਿੰਘ ਪੱਖੋਕੇ ਮੱਥੇ 'ਤੇ ਟਿੱਕੇ ਲਗਵਾਏ, ਸਿੱਖ ਵਿਰੋਧੀ ਜਥੇਬੰਦੀ ਸ਼ਿਵ ਸੈਨਾ ਦੇ ਦਫਤਰ ਦਾ ਉਦਘਾਟਨ ਕਰੇ, ਸ੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਹਵਨ ਯੱਗ ਕਰਾਏ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਫਸ ਜਾਣ 'ਤੇ ਤਾਂਤਰਿਕਾਂ ਕੋਲੋਂ ਲਾਚੀਆਂ ਦਾ ਪ੍ਰਸ਼ਾਦ ਇਸ ਕਰਕੇ ਲਵੇ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਸੋਨੀਆ ਗਾਂਧੀ ਕੁਰਸੀਓਂ ਲਾਹ ਦੇਵੇ ਅਤੇ ਬਾਦਲ ਸਾਹਿਬ ਦੀ ਧਰਮ ਪਤਨੀ ਆਸ਼ੂਤੋਸ਼ ਵਰਗੇ ਸਿੱਖ ਵਿਰੋਧੀ ਸਾਧਾਂ ਅੱਗੇ ਮੱਥੇ ਰਗੜੇ ਅਤੇ ਇਸ ਸੰਬੰਧੀ ਸੰਗਤ



ਵਿਚ ਵੀ ਵਿਰੋਧ ਨਾ ਹੋਵੇ, ਜ਼ਾਹਿਰ ਹੈ ਕਿ ਸਿੱਖੀ ਦੀਆਂ ਚੂਲਾਂ ਹਿਲ ਚੁੱਕੀਆਂ ਹਨ। ਜੋ ਸਿੱਖੀ ਦਾ ਮਹਿਲ ਗੁਰੂਆਂ ਨੇ ਆਪਣੇ ਖ਼ੂਨ, ਸ਼ਹਾਦਤਾਂ ਅਤੇ ਆਪਣੇ ਪਰਿਵਾਰ ਦੀਆਂ ਕੁਰਬਾਨੀਆਂ ਨਾਲ ਸਿਰਜਿਆ ਸੀ, ਉਸ ਵਿਚ ਬੁਰੀ ਤਰ੍ਹਾਂ ਤਰੇੜਾਂ ਆ ਚੁੱਕੀਆਂ ਹਨ ਅਤੇ ਅਜੋਕੀ ਸਿੱਖੀ ਹਿੰਦੂਤਵ ਦੀ ਅਗਵਾਈ ਕਬੂਲ ਚੁੱਕੀ ਹੈ। ਜਿਹੜੀ ਸਿੱਖੀ ਦੀ ਵੱਖਰੀ ਪਛਾਣ ਗੁਰੂਆਂ ਨੇ ਹਿੰਦੂਤਵ ਦੇ ਪਛੜੇ ਸਭਿਆਚਾਰ ਤੇ ਪ੍ਰਤੀਕਰਮ ਵਜੋਂ ਸਥਾਪਤ ਕੀਤੀ ਸੀ, ਉਹ ਹੁਣ ਦਮ ਤੋੜ ਰਹੀ ਹੈ। ਅਜੋਕੀ ਸਿੱਖ ਨੌਜਵਾਨ ਪੀੜ੍ਹੀ ਇਸ ਹਿੰਦੂਤਵ ਦੇ ਪ੍ਰਭਾਵ ਵਾਲੇ ਦਕਿਆਨੂਸੀ ਸਿੱਖ ਸਭਿਆਚਾਰ ਅਤੇ ਸਮਾਜ ਨੂੰ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਅਤੇ ਉਹ ਇਸ ਨੂੰ ਗੁਲਾਮੀ ਸਮਝਦੀ ਹੈ। ਇਸੇ ਲਈ ਸਿੱਖ ਨੌਜਵਾਨ ਪੀੜੀ ਖਪਤਕਾਰੀ ਅਤੇ ਪੱਛਮੀ ਸਭਿਅਤਾ ਨਾਲ ਜੁੜ ਕੇ ਉਹ ਆਪਣੇ ਆਪ ਨੂੰ ਅਜ਼ਾਦ, ਆਧੁਨਿਕ ਅਤੇ ਵਿਗਿਆਨਕ ਹੋਣ ਵਿਚ ਆਪਣੀ ਵੱਖਰੀ ਪਛਾਣ ਮਿਥਦੀ ਹੈ।

ਪਰ ਇਹ ਵੱਖਰੀ ਪਛਾਣ ਕਿਸੇ ਵੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨਾਲ ਮੇਲ ਨਹੀਂ ਖਾਂਦੀ, ਹਾਂ ਸੰਗਤ ਤੇ ਸੂਰਤ ਪੱਖੋਂ ਹਿੰਦੂਤਵੀ ਸੰਸਕ੍ਰਿਤੀ ਦੀ ਆਧੁਨਿਕ ਵਿਚਾਰਧਾਰਾ ਨਾਲ ਜਾ ਜੁੜਦੀ ਹੈ, ਜਿਸ ਉਤੇ ਸੰਸਾਰੀਕਰਨ ਦਾ ਮੁਲੰਮਾ ਚੜ੍ਹਿਆ ਹੋਇਆ ਹੈ। ਸਿੱਖ ਸਦਵਾਉਣ ਵਾਲੇ ਕੇਸਹੀਣ ਕਾਮਰੇਡ ਵਿਦਵਾਨ ਇਨ੍ਹਾਂ ਦੋਹਾਂ ਸਭਿਅਤਾਵਾਂ ਨੂੰ ਪੂਰਬੀ ਤੇ ਪੱਛਮੀ ਵਿਚਾਰਧਾਰਾ ਦੇ ਟਕਰਾਅ ਵਿਚ ਵੇਖਦੇ ਹਨ ਅਤੇ ਇਹ ਮਹਿਸੂਸ ਕਰਦੇ ਹਨ ਕਿ ਹਿੰਦੂਤਵ ਸੰਸਕ੍ਰਿਤੀ ਨੂੰ ਜਿੰਨਾ ਖਤਰਾ ਸੰਸਾਰੀਕਰਨ ਤੋਂ ਹੈ, ਓਨਾ ਹੀ ਸਿੱਖੀ ਨੂੰ ਹੈ, ਉਹ ਯਥਾਰਥ ਤੋਂ ਅੱਖਾਂ ਮੀਟ ਰਹੇ ਹਨ। ਇਹ ਵਿਦਵਾਨ ਅਜਿਹੀ ਗੱਲ ਤਾਂ ਕਰ ਰਹੇ ਹਨ, ਕਿਉਂ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਜਵਾਂ ਵੇਦ ਜਾਂ ਚਾਰ ਵੇਦਾਂ ਤੇ ਹਿੰਦੂ ਸੰਸਕ੍ਰਿਤੀ ਦਾ ਨਿਚੋੜ ਜਾਪਦਾ ਹੈ ਅਤੇ ਸਿੱਖੀ ਉਨ੍ਹਾਂ ਨੂੰ ਹਿੰਦੂਤਵ ਦੇ ਸੁਧਾਰ ਦੀ ਲਹਿਰ ਜਾਪ ਰਹੀ ਹੈ। ਸਿੱਖੀ ਦੀ ਵੱਖਰੀ ਅਤੇ ਇਨਕਲਾਬੀ ਪਛਾਣ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਬਾਹਰ ਹੈ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖੀ ਪੱਛਮ ਤੇ ਪੂਰਬ ਦਾ ਕੋਈ ਅੰਤਰ ਨਹੀਂ ਮਿਥਦੀ, ਉਸ ਲਈ ਸਰਬੱਤ ਦਾ ਭਲਾ ਚਾਹੁਣ ਵਾਲਾ ਹਰੇਕ ਮਨੁੱਖ ਕਿਸੇ ਵੀ ਧਰਤੀ ਦਾ ਵਾਸੀ ਹੈ, ਉਹ ਉਸ ਨੂੰ ਪ੍ਰਵਾਨ ਹੈ। ਸਿੱਖੀ ਧਰਤੀਆਂ ਦੀ ਵੰਡ ਤੋਂ ਨਹੀਂ, ਵਿਚਾਰਧਾਰਾ ਅਤੇ ਨੈਤਿਕਤਾ ਤੋਂ ਅੰਤਰ ਮਿਥਦੀ ਹੈ। ਜਿਵੇਂ:

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ*
*ਮੇਰੇ ਤੇ ਸਭਿ ਆਪਨੈ ਸੁਆਇ ਮਿਲਾਸਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੬੦)

ਮਾਇਆਵਾਦੀ ਅਤੇ ਮਨਮੁਖੀ ਵਿਚਾਰਧਾਰਾ *"ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥"* ਨਾਲ ਸਿੱਖੀ ਦਾ ਦੂਰ ਦਾ ਵੀ ਸੰਬੰਧ ਨਹੀਂ। ਇਹ ਗੱਲ ਸਪੱਸ਼ਟ ਹੈ ਕਿ ਹਿੰਦੂਤਵ ਅਤੇ ਸੰਸਾਰੀਕਰਨ ਦੀ ਸਾਂਝ ਹੈ ਅਤੇ ਸਿੱਖੀ ਦੀ ਬ੍ਰਹਿਮੰਡੀਕਰਨ ਨਾਲ। ਬ੍ਰਹਿਮੰਡੀਕਰਨ, ਜਿਸ ਦਾ ਆਧਾਰ ਸਰਬੱਤ ਦਾ ਭਲਾ, ਸਰਬੱਤ ਹਿੱਤ, ਸਰਬੱਤ ਅਜ਼ਾਦੀ, ਵੱਖ-ਵੱਖ ਸੰਸਕ੍ਰਿਤੀਆਂ ਦੀ ਮਨੁੱਖੀ ਸਾਂਝ ਹੈ, ਨੂੰ ਹਿੰਦੂਤਵ ਤੇ ਸੰਸਾਰੀਕਰਨ ਖਤਮ ਕਰਨਾ

ਚਾਹੁੰਦੇ ਹਨ। ਬ੍ਰਹਿਮੰਡੀ ਚੇਤਨਾ ਨੂੰ ਪ੍ਰਸਾਰਨ ਵਾਲੇ ਇਸਲਾਮ, ਈਸਾਈਅਤ, ਅੰਬੇਡਕਰੀ ਧਾਰਾ, ਬੁੱਧ ਮੱਤ ਅਤੇ ਤਾਊਵਾਦ ਆਦਿ ਹਨ, ਪਰ ਸਿੱਖੀ ਹਰ ਪੈਂਤੜੇ ਤੋਂ ਇਸ ਪੱਖੋਂ ਸੰਪੂਰਨ ਵਿਚਾਰਧਾਰਾ ਹੈ, ਜਿਸ ਨੂੰ ਨਿਗਲਣ ਲਈ ਸੰਸਾਰੀਕਰਨ ਦਾ ਦੈਂਤ ਹਿੰਦੂਤਵ ਦੇ ਰੂਪ ਵਿਚ ਤਿਆਰ ਬਰ ਤਿਆਰ ਹੈ।

ਹਿੰਦੂਤਵ ਨੂੰ ਸੰਸਾਰੀਕਰਨ ਨਾਲ ਸਾਂਝ ਚੰਗੀ ਤਰ੍ਹਾਂ ਰਾਸ ਆਈ ਹੈ, ਕਿਉਂਕਿ ਹਿੰਦੂਤਵ ਨੇ ਇਸ ਸਾਂਝ ਦੇ ਅੰਤਰਗਤ ਭਾਰਤ ਅੰਦਰ ਘੱਟ ਗਿਣਤੀਆਂ ਨੂੰ ਹਜ਼ਮ ਕਰਨ ਦਾ ਖਾਕਾ ਤਿਆਰ ਕਰ ਲਿਆ ਹੈ। ਲਗਭਗ ਸਿੱਖ ਕੌਮ ਦੀ ਵੱਖਰੀ ਹੋਂਦ ਇਸ ਗੱਠਜੋੜ ਦੇ ਅਧੀਨ ਨਿਗਲੀ ਜਾ ਚੁੱਕੀ ਹੈ।

ਮਾਇਆ ਦੀ ਤੇਜ਼, ਚਕਾਚੌਂਧ ਬਿਰਤੀ ਅਤੇ ਪ੍ਰਧਾਨਤਾ ਇਨ੍ਹਾਂ ਦੋਹਾਂ ਸੰਸਕ੍ਰਿਤੀਆਂ ਦੇ ਗੱਠਜੋੜ ਨੂੰ ਪਕੇਰਾ ਕਰਦੀ ਹੈ। ਸੰਸਾਰੀਕਰਨ ਦਾ ਤਰਕ ਆਧੁਨਿਕਤਾ ਦੀਆਂ ਯੋਜਨਾਵਾਂ ਦੀ ਵਿਚਾਰਧਾਰਕ ਸੀਮਾ ਤੋਂ ਪਰ੍ਹੇ ਨਹੀਂ ਜਾਂਦਾ। ਇਸ ਦਾ ਕਾਰਣ ਇਹ ਹੈ ਕਿ ਆਧੁਨਿਕਤਾ ਦੀਆਂ ਇਹ ਯੋਜਨਾਵਾਂ ਨਫੇ ਦੇ ਆਧਾਰ 'ਤੇ ਪ੍ਰਫੁਲਤ ਹੁੰਦੀਆਂ ਹਨ, ਨਾ ਕਿ ਨੈਤਿਕਤਾ ਅਤੇ ਕਲਿਆਣ 'ਤੇ। ਹਿੰਦੂਤਵੀ ਸਮਾਜ ਬਾਣੀਆਵਾਦ ਦੀ ਉਪਜ ਹੈ, ਜਿਸ ਨੂੰ ਸੋਧ ਬ੍ਰਾਹਮਣਇਜ਼ਮ ਵਲੋਂ ਹੋਂਦ ਵਿਚ ਲਿਆਂਦੀ ਲੱਛਮੀ (ਧਨ ਦੀ ਦੇਵੀ) ਦੀ ਪੂਜਾ ਤੋਂ ਪ੍ਰਾਪਤ ਹੁੰਦੀ ਹੈ। ਕਹਿਣ ਤੋਂ ਭਾਵ ਇਸ ਸੰਸਕ੍ਰਿਤੀ ਅਨੁਸਾਰ 'ਧਨ ਲਈ ਮਨੁੱਖ ਹੈ, ਮਨੁੱਖ ਲਈ ਧਨ ਨਹੀਂ'। ਸੰਸਾਰੀਕਰਨ ਦਾ ਸਿਧਾਂਤ ਵੀ ਮਾਇਆ 'ਤੇ ਆਧਾਰਿਤ ਹੈ, ਜਿਸ ਦਾ ਰਚਨਹਾਰ ਪੱਛਮ ਦਾ ਸੌਦਾਗਰਵਾਦ ਹੈ।

ਦੁਨੀਆਂ ਦੇ ਪਛੜੇ ਅਤੇ ਗਰੀਬ ਮੁਲਕਾਂ ਵਿਚ ਸੰਸਾਰੀਕਰਨ ਦੀ ਪ੍ਰਕਿਰਿਆ ਤੋਂ ਇਹ ਉਮੀਦ ਰੱਖਣਾ ਕਿ ਇਹ ਪ੍ਰਕਿਰਿਆ ਇਨ੍ਹਾਂ ਮੁਲਕਾਂ ਵਿਚੋਂ ਗਰੀਬੀ ਨੂੰ ਖਤਮ ਕਰ ਦੇਵੇਗੀ, ਕਿਸੇ ਗਲਤ ਫਹਿਮੀ ਵਿਚ ਰਹਿਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੈ। ਸੰਸਾਰੀਕਰਨ ਦੇ ਰਾਹੀਂ ਜੋ ਪੇਸ਼ ਕੀਤਾ ਜਾਂਦਾ ਹੈ, ਉਸ ਨੂੰ ਉਸੇ ਤਰ੍ਹਾਂ ਹੀ ਗ੍ਰਹਿਣ ਕਰ ਲਿਆ ਜਾਂਦਾ ਹੈ। ਇਹ ਸੱਚ ਬਹੁਤ ਘੱਟ ਲੋਕਾਂ ਦੇ ਹੱਕ 'ਚ ਭੁਗਤਦਾ ਹੈ ਅਤੇ ਬਹੁਗਿਣਤੀ ਨੂੰ ਬੁਨਿਆਦੀ ਲੋੜਾਂ ਤੋਂ ਵਿਰਵਾ ਕਰ ਦਿੰਦਾ ਹੈ। ਅਸਲ ਵਿਚ ਅਜਿਹੀ ਹਕੀਕਤ ਕਦੇ ਵੀ ਪ੍ਰਵਾਨ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਇਹ ਲੋਕਾਈ ਨੂੰ ਠੱਗਣ ਅਤੇ ਆਪਣੇ ਮਕੜ ਜਾਲ ਵਿਚ ਫਸਾਉਣ ਦਾ ਢੰਗ ਹੈ। ਸ੍ਰੀ ਗੁਰੂ ਅਮਰਦਾਸ ਜੀ ਆਖਦੇ ਹਨ ਕਿ ਮਾਇਆ ਦੀ ਦੁਨੀਆਂ ਹਰੇਕ ਨੂੰ ਸੁੰਦਰ ਜਾਪਦੀ ਹੈ, ਪਰ ਇਹ ਦੰਦਾਂ ਤੋਂ ਬਿਨਾਂ ਹੀ ਜੱਗ ਨੂੰ ਹੜੱਪ ਕਰ ਜਾਂਦੀ ਹੈ। ਮਾਨਵਤਾ ਨੂੰ ਜਿਉਂਦਿਆਂ ਹੀ ਨਹੀਂ ਰਹਿਣ ਦਿੰਦੀ। ਜੋ ਮਨੁੱਖ ਮਨ ਦੀ ਪਹੁੰਚ ਅਪਨਾ ਕੇ ਇਸ ਪਿੱਛੇ ਲੱਗ ਜਾਂਦੇ ਹਨ, ਉਹ ਦੁੱਖ ਪਾਉਂਦੇ ਹਨ। ਜੋ ਮਨੁੱਖ ਗੁਰਮੁਖ ਹੋ ਕੇ ਮਾਇਆ ਦੀ ਥਾਂ ਨਾਮ ਦੇ ਰਾਹ ਚੱਲ ਕੇ ਮਨੁੱਖਤਾ ਦੀ ਪਹੁੰਚ ਨੂੰ ਅਪਨਾਉਂਦੇ ਹਨ, ਉਹ ਸਦੀਵੀ ਆਨੰਦ ਪ੍ਰਾਪਤ ਕਰਦੇ ਹਨ ;

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥



(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੪੩)

ਸੰਸਾਰੀਕਰਨ ਦੀ ਇਸ ਕਾਲਪਨਿਕ ਵਿਚਾਰਧਾਰਾ ਰਾਹੀਂ ਇਕ ਨਵੇਂ ਸੰਸਾਰ ਦੀ ਕਲਪਨਾ ਕੀਤੀ ਜਾ ਰਹੀ ਹੈ ਅਤੇ ਕਾਲਪਨਿਕ ਸੰਸਾਰ ਨੂੰ ਸੱਚ ਬਣਾਇਆ ਜਾ ਰਿਹਾ ਹੈ। ਹੁਣ ਸੰਸਾਰ ਉਹ ਨਹੀਂ ਜਿਸ ਵਿਚ ਅਸੀਂ ਰਹਿ ਰਹੇ ਹਾਂ, ਬਲਕਿ ਇਹ ਉਹ ਸੁਪਨ ਸੰਸਾਰ ਸੱਚ ਹੈ ਜੋ ਕਿ ਸੰਸਾਰੀਕਰਨ ਦੀ ਵਿਚਾਰਧਾਰਾ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਬਾਰੇ ਦੱਸਿਆ ਜਾ ਰਿਹਾ ਹੈ ਕਿ ਸਾਡੀ ਹਰ ਮਰਜ਼ ਦੀ ਦਵਾ ਇਹ ਹੈ ਕਿ ਅਸੀਂ ਛੇਤੀ ਤੋਂ ਛੇਤੀ ਬਾਕੀ ਦੁਨੀਆਂ ਨਾਲ ਜੁੜ ਜਾਈਏ। ਸਾਮਰਾਜਵਾਦ ਰਾਹੀਂ ਜਿਹੜੀ ਲੁੱਟ-ਖਸੁੱਟ ਪਹਿਲਾਂ ਭੈੜੇ ਤੇ ਸਿੱਧੇ ਤਰੀਕੇ ਨਾਲ ਕੀਤੀ ਜਾਂਦੀ ਸੀ, ਉਸ ਦੀ ਥਾਂ ਹੁਣ ਸੰਸਾਰੀਕਰਨ ਨੇ ਲੈ ਲਈ ਹੈ। ਸੰਸਾਰੀਕਰਨ ਨੂੰ ਹੁਣ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਇਹ ਅਟਲ ਤਰੱਕੀ ਰਾਹੀਂ ਮਨੁੱਖੀ ਸਮਾਜ ਦੀ ਬੁਨਿਆਦ ਨੂੰ ਬਦਲ ਕੇ ਰੱਖ ਦੇਵੇਗਾ। ਅਜੋਕਾ ਮੰਤਰ ਇਹ ਥੋਪਿਆ ਜਾ ਰਿਹਾ ਹੈ ਕਿ ਜਾਂ ਤਾਂ ਸੰਸਾਰੀਕਰਨ ਨੂੰ ਲਾਗੂ ਕਰੋ ਅਤੇ ਜਾਂ ਫਿਰ ਖਤਮ ਹੋ ਜਾਵੋ। ਇਹੀ ਸਿਧਾਂਤ ਭਾਰਤ ਵਿਚ ਹਿੰਦੂਵਾਦ ਦਾ ਘੱਟਗਿਣਤੀ ਕੌਮਾਂ ਤੇ ਦਲਿਤਾਂ ਪ੍ਰਤੀ ਹੈ। ਇਸ ਸੰਸਾਰੀਕਰਨ ਦਾ ਪੱਛਮੀਕਰਨ ਨਾਲ ਤਾਂ ਸੰਬੰਧ ਹੈ, ਪਰ ਈਸਾਈ ਧਰਮ ਨਾਲ ਨਹੀਂ, ਕਿਉਂਕਿ ਈਸਾਈਅਤ ਮਨੁੱਖੀ ਹਿੱਤਾਂ ਦੇ ਹੱਕ 'ਚ ਭੁਗਤਦੀ ਹੈ, ਨਾ ਕਿ ਤਬਾਹੀ ਕਰਨ ਵੱਲ ਰੁਚਿਤ ਹੈ। ਹਿੰਦੂਤਵ ਅਤੇ ਸੰਸਾਰੀਕਰਨ ਦਾ ਸਿਧਾਂਤ ਇਹੀ ਹੈ ਕਿ ਆਪਣੀ ਅਮੀਰੀ ਲਈ, ਮਾਇਆ ਦੀ ਬਹੁਲਤਾ ਲਈ ਲੋਕਾਂ ਦੀ ਲੁੱਟ, ਸ਼ੋਸ਼ਣ, ਭ੍ਰਿਸ਼ਟਾਚਾਰ, ਹਰੇਕ ਤਰ੍ਹਾਂ ਦਾ ਸਾਮਾਜਿਕ-ਸਭਿਆਚਾਰ ਪ੍ਰਦੂਸ਼ਣ ਪੈਦਾ ਕਰਨਾ, ਜਿਸ ਵਿਚ ਸੱਚ, ਈਮਾਨ, ਨੈਤਿਕਤਾ ਅਤੇ ਮਨੁੱਖਤਾ ਦੀ ਕੋਈ ਥਾਂ ਨਹੀਂ, ਦਿਖਾਵਾ ਹੀ ਇਸ ਦਾ ਮੂਲ ਹੈ।

ਹਿੰਦੂਤਵ ਦਾ ਆਧਾਰ ਇਹ ਹੈ ਕਿ ਵੱਖਰੇ ਵੱਖਰੇ ਸਭਿਆਚਾਰਾਂ ਨੂੰ ਹੜੱਪ ਕਰਕੇ ਆਪਣੇ ਵਿਚ ਸਮੇਟਨਾ ਅਤੇ ਸੰਸਾਰੀਕਰਨ ਦਾ ਸਿਧਾਂਤ ਵੀ ਬਾਕੀ ਸੰਸਕ੍ਰਿਤੀਆਂ ਨੂੰ ਖਤਮ ਕਰਕੇ ਮਾਇਆ, ਅਸ਼ਲੀਲਤਾ ਅਤੇ ਪਦਾਰਥਵਾਦ ਦੀ ਸੰਸਕ੍ਰਿਤੀ ਦਾ ਬੋਲਬਾਲਾ ਕਰਨਾ। ਸੰਸਾਰੀਕਰਨ ਦੇ ਹਮਲੇ ਵਜੋਂ ਗਰੀਬ ਤੇ ਏਸ਼ੀਅਨ ਮੁਲਕਾਂ ਦੇ ਸਭਿਆਚਾਰ ਆਪਣੀ ਮੁੱਢਲੀ, ਵੱਖਰੀ ਤੇ ਇਤਿਹਾਸਕ ਜ਼ਿੰਦਗੀ ਤੋਂ ਵਿਰਵੇ ਹੁੰਦੇ ਜਾ ਰਹੇ ਹਨ। ਮੈਕਡਾਨਲ ਵਰਗੀਆਂ ਕੰਪਨੀਆਂ ਇਨ੍ਹਾਂ ਦੇਸਾਂ ਦੇ ਖਾਣ-ਪੀਣ ਦੇ ਸਵਾਦਾਂ ਨੂੰ ਵੀ ਆਪਣੇ ਅਨੁਸਾਰ ਢਾਲ ਰਹੀਆਂ ਹਨ, ਜਦੋਂ ਕਿ ਅਫਰੀਕਾ ਤੇ ਏਸ਼ੀਆ ਦੇ ਲੋਕ ਆਪਣਾ ਕੋਈ ਵੀ ਖਾਧ ਪਦਾਰਥ ਵਿਸ਼ਵ ਮੰਡੀ ਵਿਚ ਨਹੀਂ ਲਿਆ ਰਹੇ ਹਨ। ਸੰਸਾਰੀਕਰਨ ਦੀ ਮਾਰ ਦੇ ਸਿੱਟੇ ਵਜੋਂ ਅਫਰੀਕਾ ਤੇ ਏਸ਼ੀਆ ਦੇ ਦੇਸ ਆਪਣੇ ਦੇਸੀ ਸਭਿਆਚਾਰਾਂ ਨੂੰ ਪ੍ਰਫੁਲਤ ਕਰਨ ਦੀ ਬਜਾਏ ਪੱਛਮੀ ਨੀਤੀਆਂ ਨੂੰ ਅਪਨਾ ਰਹੇ ਹਨ। ਆਪਣੇ ਸਭਿਆਚਾਰ, ਸਵਾਦਾਂ, ਪਹਿਰਾਵੇ, ਸਾਹਿਤ, ਲੋਕ ਕਲਾਵਾਂ, ਵੱਖਰੀ ਪਛਾਣ ਨੂੰ ਭੁਲਦੇ ਜਾ ਹੀ ਰਹੇ ਹਨ, ਇਸ ਤੋਂ ਵੀ ਵੱਧ ਹੁਣ ਉਹ ਆਪਣੀ ਹੋਂਦ ਨੂੰ ਗੁੰਮ ਕਰ ਰਹੇ ਹਨ ਜੋ ਕਿ ਸਭ ਤੋਂ ਦੁਖਦਾਇਕ ਘਟਨਾ ਹੈ। ਇਨ੍ਹਾਂ ਸਮਾਜਾਂ ਤੇ ਕੌਮਾਂ ਦੀ ਹੋਂਦ ਨੂੰ ਆਪਣੇ ਵਿਚ ਜਜ਼ਬ ਕਰਨਾ ਸੰਸਾਰੀਕਰਨ ਦਾ ਨਿਸ਼ਾਨਾ ਹੈ।

ਸੰਸਾਰੀਕਰਨ ਦੀ ਖੇਡ ਦਾ ਨਿਯਮ ਹੈ ਕਿ ਸਾਰੇ ਉਪਭੋਗਤਾਵਾਂ ਦੇ ਸਵਾਦਾਂ 'ਚ

ਇਕਸਾਰਤਾ ਲਿਆਂਦੀ ਜਾਵੇ। ਸੰਸਾਰੀਕਰਨ ਦਾ ਕੇਂਦਰ ਬਿੰਦੂ ਅਮਰੀਕਨ ਸਭਿਅਤਾ ਹੈ, ਜਿਸ ਨੇ ਦੂਸਰੀ ਵੱਡੀ ਜੰਗ ਵੇਲੇ ਜਪਾਨ ਦੇ ਇਲਾਕਿਆਂ ਹੀਰੋਸ਼ੀਮਾ ਤੇ ਨਾਗਾਸਾਕੀ ’ਤੇ ਐਟਮ ਬੰਬ ਵਰਸਾ ਕੇ ਨੇਸਦੋ ਨਾਬੂਦ ਕੀਤਾ ਸੀ ਅਤੇ ਹੁਣ ਵੀ ਇਸਲਾਮ ਦੀ ਸੰਸਕ੍ਰਿਤੀ ਨੂੰ ਦਬਾਉਣ ਦੀਆਂ ਸਾਜ਼ਿਸ਼ਾਂ ਜਾਰੀ ਹਨ। ਇਰਾਕ ’ਤੇ ਕਬਜ਼ਾ ਅਤੇ ਅਫਗਾਨਿਸਤਾਨ ਵਿਚ ਮਚਾਈ ਤਬਾਹੀ ਇਸ ਦਿਸ਼ਾ ਵੱਲ ਕਦਮ ਹਨ। ਕਾਰਣ ਇਹ ਹੈ ਕਿ ਇਸਲਾਮ ਸੰਸਾਰੀਕਰਨ ਸਿਧਾਂਤ ਦਾ ਪ੍ਰਮੁਖ ਵਿਰੋਧੀ ਹੈ ਅਤੇ ਇਨ੍ਹਾਂ ਦੇਸਾਂ ’ਚ ਸੰਸਾਰੀਕਰਨ ਦਾ ਪ੍ਰਭਾਵ ਨਹੀਂ ਪੈ ਸਕਿਆ। ਅਮਰੀਕਾ ਦੇ ਸੰਸਾਰੀਕਰਨ ਸਭਿਆਚਾਰ ਨਾਲ ਸਾਂਝ ਪ੍ਰਗਟਾਉਣ ਵਾਲੇ ਭਾਰਤੀ ਹਾਕਮ, ਜਿਨ੍ਹਾਂ ਦੀ ਵਿਚਾਰਧਾਰਾ ਹਿੰਦੂਤਵੀ ਜਾਂ ਆਰੀਅਨ ਹੈ, ਉਹ ਵੀ ਵੱਖ-ਵੱਖ ਸਭਿਆਚਾਰਾਂ ਜਾਂ ਘੱਟ ਗਿਣਤੀ ਕੌਮਾਂ ਨਾਲ ਸੰਬੰਧ ਰੱਖਣ ਵਾਲੇ ਸਿੱਖਾਂ ਦੇ ਧਾਰਮਿਕ ਅਸਥਾਨਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ’ਤੇ ਫੌਜੀ ਹਮਲੇ, ਨਵੰਬਰ ’84 ਵਿਚ ਸਿੱਖ ਕਤਲੇਆਮ, ਪੰਜਾਬ ’ਚ ਸਿੱਖਾਂ ਦੀ ਨਸਲਕੁਸ਼ੀ, ਕਿਸਾਨੀ ਦੀ ਆਰਥਿਕ ਲੁੱਟ, ਪੰਜਾਬ ਦਾ ਭਈਆਕਰਨ, ਮੁਸਲਮਾਨਾਂ ਦੀ ਬਾਬਰੀ ਮਸਜਿਦ ਢੁਆਉਣ, ਗੁਜਰਾਤ ’ਚ ਮੁਸਲਮ ਨਸਲਕੁਸ਼ੀ ਤੇ ਮੁਸਲਮ ਔਰਤਾਂ ਨਾਲ ਬਲਾਤਕਾਰ, ਈਸਾਈਆਂ ਦੇ ਪ੍ਰਚਾਰ ਨੂੰ ਰੋਕਣ ਲਈ ਖੂਨੀ ਹਮਲੇ ਤੇ ਨੰਨਾਂ ਨਾਲ ਬਲਾਤਕਾਰ ਦੇ ਜ਼ਿੰਮੇਵਾਰ ਹਨ। ਪੈਮਾਨਾ ਇਨ੍ਹਾਂ ਹਿੰਦੂਤਵੀਆਂ ਦਾ ਅਮਰੀਕਾ ਦੇ ਸੰਸਾਰੀਕਰਨ ਦੀ ਨੀਤੀ ਵਾਲਾ ਹੈ। ਹਿੰਦੂਤਵ ਦਾ ਨਿਸ਼ਾਨਾ ਵੱਖੋ ਵੱਖਰੀਆਂ ਸੰਸਕਿਤੀਆਂ ਨੂੰ ਅਮਰੀਕਨ ਸਭਿਅਤਾ ਦੇ ਰੰਗ ਵਿਚ ਰੰਗ ਕੇ ਆਰੀਅਨ ਸਭਿਅਤਾ ਦੀ ਵੱਖਰੀ ਪਛਾਣ ਨੂੰ ਕਾਇਮ ਕਰਨਾ ਹੈ, ਜਿਸ ਵਿਚ ਉਹ ਕਾਫੀ ਹੱਦ ਤੱਕ ਸਫਲ ਹੈ। ਸਿੱਖਾਂ ਦੀਆਂ ਰਹੁ ਰੀਤਾਂ, ਮਰਿਯਾਦਾ ਦਾ ਕਾਫੀ ਹੱਦ ਤੱਕ ਪੱਛਮੀਕਰਨ ਅਤੇ ਬ੍ਰਾਹਮਣੀਕਰਨ ਹੋ ਚੁੱਕਿਆ ਹੈ। ਇਸ ਸੰਸਾਰੀਕਰਨ ਦੇ ਯੁਗ ਵਿਚ ਇਹੋ ਜਿਹੇ ਸਿੱਖ ਸਮਾਜ ਦੀ ਸਿਰਜਣਾ ਹੋ ਚੁੱਕੀ ਹੈ, ਜਿਸ ਦਾ ਗੁਰੂਆਂ ਦੀ ਵਿਚਾਰਧਾਰਾ ਨਾਲ ਦੂਰ ਦਾ ਵਾਸਤਾ ਨਹੀਂ।

ਪੱਛਮੀ ਕਲਚਰ ਅਧੀਨ ਪੰਜਾਬੀ ਬੋਲੀ ਦਾ ਨਾਸ ਕੀਤਾ ਜਾ ਰਿਹਾ ਹੈ, ਪਰ ਪੌਪ ਕਲਚਰ ਅਧੀਨ ਪੰਜਾਬੀ ਸਭਿਆਚਾਰ ਅਤੇ ਸੰਗੀਤ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ, ਪਰ ਇਹ ਪੰਜਾਬੀ ਸਭਿਆਚਾਰ ਨਹੀਂ, ਕੰਜਰ ਸਭਿਆਚਾਰ ਹੈ ਜੋ ਕਿ ਪੰਜਾਬ ਜੀਉਂਦਾ ਗੁਰਾਂ ਦੇ ਨਾਂ ’ਤੇ ਨਹੀਂ, ਪੰਜਾਬ ਜੀਉਂਦਾ ਮਾਇਆ ਦੇ ਨਾਂ ’ਤੇ ਉਸਰ ਰਿਹਾ ਹੈ। ਜੇਕਰ ਇਹ ਅਖੌਤੀ ਪੰਜਾਬੀ ਸਭਿਆਚਾਰ ਸਭ ਕਲਚਰਾਂ ਦੇ ਸੰਗੀਤ ਤੇ ਬੋਲੀ ਨੂੰ ਬੀਟ ਕਰ ਰਿਹਾ ਹੈ ਤਾਂ ਇਸ ਤੋਂ ਹਿੰਦੂਤਵ ਅਤੇ ਸੰਸਾਰੀਕਰਨ ਨੂੰ ਕੋਈ ਖਤਰਾ ਨਹੀਂ, ਕਿਉਂਕਿ ਇਹ ਸਭਿਆਚਾਰ ਦੋਹਾਂ ਸਭਿਅਤਾਵਾਂ ਦੇ ਛਾਨਣੇ ਤੋਂ ਪੁੰਨ ਛਣ ਕੇ ਹੀ ਸਥਾਪਤ ਹੋ ਰਿਹਾ ਹੈ।

ਸਿੱਖ ਨੌਜਵਾਨਾਂ ਨੂੰ ਟੀ.ਵੀ. ਚੈਨਲਾਂ ਰਾਹੀਂ ਇਹੀ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਤੁਸੀਂ ਤੇ ਤੁਹਾਡੀ ਕੌਮ ਅਨਪੜ੍ਹ ਅਤੇ ਅਸਭਿਅਕ ਹੈ ਤੇ ਤੁਹਾਡੇ ਸਭਿਆਚਾਰ ਵਿਚ ਨਾ ਲਿਸ਼ਕ ਹੈ ਅਤੇ ਨਾ ਹੀ ਪੁਸ਼ਕ ਹੈ। ਤੁਸੀਂ ਤਾਂ ਆਪਣੇ ਇਤਿਹਾਸ ਵਿਚ ਘੀਸੀ ਕਰਦੇ ਰਹੇ ਜੇ। ਅਸਲ ਕਲਚਰ ਤਾਂ ਅਸੀਂ ਪੌਪ ਕਲਚਰ ਦੇ ਨਾਂ ’ਤੇ ਦੇ ਰਹੇ ਹਾਂ। ਇਸ ਸਭਿਆਚਾਰ



ਨੂੰ ਸਿੱਖ ਨੌਜਵਾਨ ਪੀੜ੍ਹੀ ਨੇ ਪ੍ਰਵਾਨ ਕਰ ਲਿਆ ਹੈ, ਜੋ ਕਿ ਕੇਂਦਰ ਸਰਕਾਰ ਦੇ ਹਿੰਦੂਤਵੀ ਦ੍ਰਿਸ਼ਟੀਕੋਣ ਵਿਚੋਂ ਛੰਨ ਕੇ ਪੰਜਾਬ ਵਿਚ ਆ ਰਿਹਾ ਹੈ ਅਤੇ ਇਹ ਕੰਜਰ ਕਲਚਰ ਪੰਜਾਬੀ ਸਭਿਆਚਾਰ ਦੇ ਨਾਂ ’ਤੇ ਪੂਰੇ ਵਿਸ਼ਵ ਪੱਧਰ ’ਤੇ ਪ੍ਰਸਾਰਿਆ ਜਾ ਰਿਹਾ ਹੈ। ਸਿੱਖ ਕੌਮ ਦੀ ਵੱਖਰੀ ਹੋਂਦ ਨੂੰ ਨਾ ਪ੍ਰਵਾਨ ਕਰਨ ਵਾਲੇ ਭਾਰਤੀ ਸ਼ਾਸ਼ਕਾਂ ਨੂੰ ਅਹਿਸਾਸ ਹੈ ਕਿ ਆਰ.ਐਸ.ਐਸ. ਦਾ ਹਿੰਦੂਤਵ ਸਿੱਖੀ ਨੂੰ ਨਹੀਂ ਮਾਰ ਸਕੇਗਾ, ਪਰ ਇਹ ਭੁਲ ਭੁਲਈਆ ਸੰਸਾਰੀਕਰਨ ਸਿੱਖ ਸਭਿਆਚਾਰ, ਸਿੱਖ ਸਭਿਅਤਾ ਦੇ ਅਸਲੇ ਨੂੰ ਬਿਲਕੁਲ ਖਤਮ ਕਰਕੇ ਗੁਲਾਮੀ ਦੇ ਦੌਰ ਵਿਚ ਲੈ ਆਵੇਗਾ। ਅਸਲ ਖਤਰਾ ਸੰਸਾਰੀਕਰਨ ਤੋਂ ਨਹੀਂ, ਇਸ ਦੇ ਸੰਦ ਬ੍ਰਾਹਮਣਇਜ਼ਮ ਤੋਂ ਹੈ ਜੋ ਇਸ ਨੂੰ ਹਰੇਕ ਤਰ੍ਹਾਂ ਦਾ ਸਿੱਖੀ ਵਿਚ ਘੁਸਪੈਠ ਕਰਨ ਦਾ ਰਸਤਾ ਦੇ ਰਿਹਾ ਹੈ ਅਤੇ ਜੋ ਸਿੱਖੀ ਦੇ ਪਹਿਰੇਦਾਰ ਹੋਣ ਦਾ ਦਾਅਵਾ ਕਰੀ ਬੈਠੇ ਹਨ, ਉਹ ਇਨ੍ਹਾਂ ਦੇ ਏਜੰਟ ਹਨ, ਫਿਰ ਉਹੀ ਕੁਝ ਵਾਪਰਨਾ ਹੈ, ਜੋ ਹਿੰਦੂਤਵ ਨੂੰ ਕਬੂਲ ਹੋਵੇਗਾ।

ਅਫਸੋਸ ਦੀ ਗੱਲ ਇਹ ਹੈ ਕਿ ਪੱਛਮ ਵਿਚ ਵਸ ਰਹੇ ਸਿੱਖ ਵੀ ਸੰਸਾਰੀਕਰਨ ਦਾ ਸ਼ਿਕਾਰ ਹੋ ਚੁੱਕੇ ਹਨ, ਜਿਨ੍ਹਾਂ ਤੋਂ ਇਹ ਆਸ ਸੀ ਕਿ ਉਹ ਭਾਰਤ ਤੋਂ ਉਜਾੜੇ ਬੁੱਧਇਜ਼ਮ ਦੇ ਪ੍ਰਵਾਸੀ ਪ੍ਰਚਾਰਕਾਂ ਵਾਂਗ ਸਿੱਖੀ ਦੀ ਹੋਂਦ ਨੂੰ ਬਚਾ ਲੈਣਗੇ ਅਤੇ ਗੁਰੂ ਦੇ ਸਿਧਾਂਤਾਂ ’ਤੇ ਪਹਿਰਾ ਦੇ ਕੇ ਮਨੁੱਖਤਾ ਦਾ ਪਾਰ ਉਤਾਰਾ ਕਰਨਗੇ। ਹਿੰਦੂਤਵ ਨੂੰ ਸੰਸਾਰੀਕਰਨ ਤੋਂ ਕੋਈ ਖਤਰਾ ਨਹੀਂ, ਕਿਉਂਕਿ ਇਸ ਦੀ ਸੰਸਾਰੀਕਰਨ ਨਾਲ ਵਿਚਾਰਧਾਰਕ ਸਾਂਝ ਹੈ। ਜਿਹੜੀਆਂ ਗੱਲਾਂ ਦੀ ਸਾਂਝ ਨਹੀਂ, ਉਹ ਕਦੇ ਵੀ ਹਿੰਦੋਸਤਾਨ ਵਿਚ ਪ੍ਰਵੇਸ਼ ਨਹੀਂ ਕਰ ਸਕਣਗੀਆਂ। ਜੇਕਰ ਹਿੰਦੂਤਵ ਨੂੰ ਸੰਸਾਰੀਕਰਨ ਤੋਂ ਖਤਰਾ ਹੁੰਦਾ ਤਾਂ ਸਿੱਖ ਲੀਡਰਾਂ ਵਾਂਗ ਇਨ੍ਹਾਂ ਦੇ ਲੀਡਰ ਵੀ ਵੱਖਰੀ ਪਛਾਣ ਦੀ ਹਾਲ ਦੁਆਈ ਪਾਉਂਦੇ।

ਅਸਲ ਵਿਚ ਗੱਲ ਇਹ ਹੈ ਕਿ ਸੰਸਾਰੀਕਰਨ ਦਾ ਮਨੋਰਥ ਮਨੁੱਖ ਨੂੰ ਆਤਮਾ ਰਹਿਤ ਸਿਰਜ ਕੇ ਮਸ਼ੀਨ ਦਾ ਰੂਪ ਦੇਣਾ ਹੈ ਅਤੇ ਮਾਇਆਵੀ ਰਚਨਾ ਨਾਲ ਜੋੜਨਾ ਹੈ। ਬ੍ਰਾਹਮਣਇਜ਼ਮ ਦਾ ਮਨੋਰਥ ਮਨੁੱਖ ਨੂੰ ਰੂਹਾਨੀਅਤ ਨਾਲੋਂ ਤੋੜ ਕੇ ਬੁੱਤ ਸਿਰਜਣਾ ਹੈ। ਦੋਹਾਂ ਦਾ ਸਿਧਾਂਤ ਪਦਾਰਥਵਾਦ ਅਤੇ ਉਚ ਵਰਗ ਦੀ ਸੇਵਾ ਹੈ ਅਤੇ ਮਨੁੱਖਤਾ ਨਾਲ ਇਨ੍ਹਾਂ ਦਾ ਕੋਈ ਰਿਸ਼ਤਾ ਨਹੀਂ। ਜਦ ਕਿ ਬ੍ਰਾਹਮਣਵਾਦ ਜੰਤਰਾਂ, ਮੰਤਰਾਂ, ਤੰਤਰਾਂ ਦਾ ਢੌਂਗ ਰਚ ਕੇ ‘ਰੂਹਾਨੀਅਤ’ ਦਾ ਸੋਮਾ ਬਣਨ ਦਾ ਝੂਠਾ ਵਿਖਾਵਾ ਕਰ ਰਿਹਾ ਹੈ। ਅਸਲ ਵਿਚ ਮਨੁੱਖ ਦੀ ਅਜ਼ਾਦੀ, ਭਲੇ ਅਤੇ ਪ੍ਰਗਤੀ ਤੋਂ ਬਿਨਾਂ ਕੋਈ ਰੂਹਾਨੀਅਤ ਨਹੀਂ। ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਜੋ ਕਿ ਸਿੱਖੀ ਦਾ ਮੁੱਢਲਾ ਸਿਧਾਂਤ ਹੈ। ਇਸੇ ਰੂਹਾਨੀਅਤ ਦੀ ਪ੍ਰੋੜਤਾ ਕਰਦਾ ਹੈ ਕਿ ਜਿਸ ਵਿਚ ਵਸਤ ਮਨੁੱਖ ਲਈ ਹੈ, ਨਾ ਕਿ ਵਸਤ ਲਈ ਮਨੁੱਖ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨੁੱਖਤਾ ਦੇ ਭਲੇ ਦੀ ਸਿਰਜਣਾ ਦਾ ਸਿਧਾਂਤ ਇਸ ਪ੍ਰਕਾਰ ਅੰਕਿਤ ਹੈ ;

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥*
*ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੫੧)

ਔਰਤ ਨੂੰ ਵਸਤੂ ਰੂਪ ਵਿਚ ਸਿਰਜਣਾ, ਸੈਕਸ ਤੱਕ ਸੀਮਤ ਕਰਨਾ ਸੰਸਾਰੀਕਰਨ ਦਾ ਸਿਧਾਂਤ ਹੈ, ਬ੍ਰਾਹਮਣਇਜ਼ਮ ਦਾ ਇਸ ਨਾਲ ਕੋਈ ਵਿਰੋਧ ਨਹੀਂ। ਇਤਿਹਾਸ ਗਵਾਹ ਹੈ ਕਿ ਬ੍ਰਾਹਮਣਇਜ਼ਮ ਸੱਤਾ 'ਤੇ ਕਾਬਜ਼ ਹੋਣ ਲਈ ਆਪਣੀਆਂ ਲੜਕੀਆਂ ਨੂੰ ਵਸਤ ਰੂਪ ਵਿਚ ਵਰਤ ਕੇ ਮੁਗਲਾਂ ਨੂੰ ਡੋਲੇ ਭੇਂਟ ਕਰਦਾ ਰਿਹਾ ਹੈ। ਮੰਦਰਾਂ ਵਿਚ ਦੇਵਦਾਸੀਆਂ ਦੀ ਪ੍ਰਥਾ ਇਸ ਦੇ 'ਅਮੀਰ ਸਭਿਆਚਾਰ' ਦੀ ਵਿਸ਼ੇਸ਼ ਉਦਾਹਰਣ ਹੈ, ਜਿਥੇ ਗਰੀਬ, ਦਲਿਤ, ਕੰਵਾਰੀ ਲੜਕੀਆਂ ਨੂੰ ਮੰਦਰਾਂ ਵਿਚ ਰੱਖ ਕੇ ਪਹਿਲਾਂ ਪੰਡਤ, ਪੁਜਾਰੀ, ਫਿਰ ਪਿੰਡ ਦੇ ਚੌਧਰੀ ਅਤੇ ਉੱਚੀ ਜਾਤ ਵਾਲੇ ਆਪਣੀ ਹਵਸ ਦਾ ਨਿਸ਼ਾਨਾ ਬਣਾਉਂਦੇ ਸਨ। ਦੱਖਣ ਭਾਰਤ ਵਿਚ ਹਾਲੇ ਵੀ ਇਸ ਪ੍ਰਥਾ ਦਾ ਦੌਰ ਜਾਰੀ ਹੈ। ਫਿਰ ਬ੍ਰਾਹਮਣਵਾਦ ਨੂੰ ਭਾਰਤ ਦੀ ਨਾਰੀ ਨੂੰ ਵਸਤ ਰੂਪ ਵਿਚ ਸਿਰਜਣ ਤੋਂ ਇਨਕਾਰ ਕਿਵੇਂ ਹੋ ਸਕਦਾ ਹੈ, ਜੇਕਰ ਇਸ ਦੀ ਸੱਤਾ ਸਥਿਰ ਰਹਿੰਦੀ ਹੋਵੇ, ਲੋਕਾਂ ਨੂੰ ਲੁੱਟਣ ਦੇ ਰਾਹ ਖੁਲ੍ਹਦੇ ਹੋਣ ਅਤੇ ਧਨ ਦੇ ਅੰਬਾਰ ਲੱਗਦੇ ਹੋਣ। ਵਿਦੇਸ਼ੀ ਵਸਤਾਂ ਦੀ ਮਸ਼ਹੂਰੀ ਲਈ ਭਾਰਤੀ ਨਾਰੀ ਨੂੰ ਵਸਤ ਰੂਪ 'ਚ ਨੁਮਾਇਸ਼ ਲਗਾ ਕੇ ਪੇਸ਼ ਕਰਨਾ, ਹਿੰਦੂਤਵ ਦੇ ਸੰਸਾਰੀਕਰਨ ਦੇ ਸੰਕਲਪ ਦਾ ਏਜੰਡਾ ਹੈ। ਮੀਡੀਏ ਵਿਚ ਭਾਰਤੀ ਅਤੇ ਹਿੰਦੂ ਸਭਿਆਚਾਰ ਨੂੰ ਵਧੀਆ ਘੋਸ਼ਿਤ ਕਰਨ ਦਾ ਦਾਅਵਾ ਕਰਨ ਵਾਲੇ ਹਿੰਦੂਤਵੀ ਲੀਡਰ ਤੇ ਉਨ੍ਹਾਂ ਦੇ ਸਰਕਲ ਦੇ ਸਰਮਾਏਦਾਰ ਆਪ ਹੀ ਬਿਊਟੀ ਕਵੀਨ ਸੰਬੰਧੀ ਸੁੰਦਰਤਾ ਦੇ ਨੰਗੇ ਮੁਕਾਬਲੇ ਕਰਵਾਉਂਦੇ ਹਨ ਅਤੇ ਬਾਅਦ ਵਿਚ ਉਨ੍ਹਾਂ ਸੁੰਦਰ ਨੱਢੀਆਂ ਨੂੰ ਮਾਇਆ ਨਾਲ ਭਰਮਾ ਕੇ ਸਰਮਾਏਦਾਰ ਕੰਪਨੀਆਂ ਉਨ੍ਹਾਂ ਰਾਹੀਂ ਆਪਣੀ ਵਸਤ ਦੀ ਮਸ਼ਹੂਰੀ ਕਰਵਾ ਕੇ ਆਪਣਾ ਮਾਲ ਵੇਚਦੀਆਂ ਹਨ।

ਹੈਰਾਨੀ ਤਾਂ ਇਹ ਹੈ ਕਿ ਅਬਦਾਲੀ, ਨਾਦਰਸ਼ਾਹ ਦੀ ਮੰਡੀ ਦਾ ਮਾਲ ਬਣਨ ਤੋਂ ਭਾਰਤੀ ਨਾਰੀ ਨੂੰ ਬਚਾਉਣ ਵਾਲੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰਿਆਂ ਬਾਬਾ ਦੀਪ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਵਾਰਸ ਅੱਜ ਇਸ ਮੰਡੀ ਦਾ ਮਾਲ ਆਪ ਕਿਉਂ ਬਣ ਗਏ ਹਨ? ਕਿਉਂ ਉਨ੍ਹਾਂ ਦੀਆਂ ਸਪੁੱਤਰ-ਸਪੁੱਤਰੀਆਂ ਇਸੇ ਰਾਹ 'ਤੇ ਜਾ ਰਹੇ ਹਨ, ਜਿਨ੍ਹਾਂ ਨੂੰ ਆਧੁਨਿਕ ਸਭਿਆਚਾਰ ਦਾ ਨਾਂ ਦੇ ਕੇ ਆਪਣੀ ਮਜ਼ਬੂਰੀ ਅਤੇ ਹਾਰ ਉਪਰ ਪਰਦਾ ਪਾਇਆ ਜਾ ਰਿਹਾ ਹੈ।

ਸਿੱਖੀ ਜੀਉਂਦੀ ਤਦ ਹੀ ਰਹਿਣੀ ਹੈ ਜੇਕਰ ਇਸ ਦੀ ਪਛਾਣ ਗੁਰੂਆਂ ਦੇ ਉਸਾਰੇ ਸਿਧਾਂਤਾਂ 'ਤੇ ਰਹੀ। ਜੇਕਰ ਅਸੀਂ ਪੱਛਮ ਦੀ ਨਕਲ ਕਰਾਂਗੇ ਅਤੇ ਬ੍ਰਾਹਮਣਵਾਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਂਗੇ ਤਾਂ ਉਸ ਸਮੇਂ ਆਪਣੀ ਹੋਂਦ ਖਤਮ ਕਰ ਲਵਾਂਗੇ। ਇਸ ਬਸਤੀਵਾਦ ਦੇ ਇਸ ਪ੍ਰੋਜੈਕਟ ਨੂੰ ਤੋੜਨ ਲਈ ਸਿੱਖਾਂ ਨੂੰ ਸਮੁੱਚੀਆਂ ਕੌਮਾਂ 'ਚ ਖੁਦਮੁਖਤਾਰੀ ਦੀ ਭਾਵਨਾ ਜਾਗ੍ਰਿਤ ਕਰਨ ਦੀ ਜ਼ਰੂਰਤ ਹੈ ਅਤੇ ਇਸ ਸੰਬੰਧ ਵਿਚ ਬ੍ਰਾਹਮਣਇਜ਼ਮ ਅਤੇ ਸੰਸਾਰੀਕਰਨ ਵਿਰੁੱਧ ਗੁਰਬਾਣੀ ਦੇ ਵਿਚਾਰਧਾਰਕ ਪੈਂਤੜੇ ਤੋਂ ਸਿਆਸੀ, ਸਾਮਾਜਿਕ ਸਰਗਰਮੀਆਂ ਜਾਰੀ ਰੱਖਣ ਲਈ ਘੱਟਗਿਣਤੀਆਂ ਅਤੇ ਦਲਿਤ ਸਮਾਜ ਦਾ ਇਕ ਸਾਂਝਾ



ਵਿਸ਼ਾਲ ਮੰਚ ਸਥਾਪਤ ਕਰਨਾ ਪਵੇਗਾ। ਜੇਕਰ ਗੁਰੂਆਂ ਦੀ ਵਿਚਾਰਧਾਰਾ ਪ੍ਰਸਾਰ ਕਰਨ ਵਾਲੀ ਕੋਈ ਸਿੱਖ ਧਿਰ, ਦਲਿਤ ਜਥੇਬੰਦੀ ਅਤੇ ਘੱਟਗਿਣਤੀਆਂ ਦੇ ਆਧਾਰ ਵਾਲੀਆਂ ਪਾਰਟੀਆਂ ਸਾਂਝੇ ਮੋਰਚੇ ਰਾਹੀਂ ਪੰਜਾਬ ਅਤੇ ਭਾਰਤ ਵਿਚ ਆਪਣਾ ਬੋਲ ਬਾਲਾ ਸਥਾਪਤ ਰੱਖਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਤਾਂ ਭਾਜਪਾ ਵਰਗੀਆਂ ਮਨੂੰਵਾਦੀ ਪਾਰਟੀਆਂ ਜੋ ਕਿ ਅਮਰੀਕਾ ਦੇ ਖਪਤਕਾਰੀ ਯੁਗ ਦੀਆਂ ਸਮਰਥਕ ਹਨ, ਦਾ ਆਧਾਰ ਭਾਰਤੀ ਸਿਆਸਤ 'ਚੋਂ ਖਤਮ ਹੋ ਜਾਵੇਗਾ ਅਤੇ ਸੰਸਾਰੀਕਰਨ ਦੇ ਸਿਧਾਂਤ ਨੂੰ ਖੋਰਾ ਲੱਗੇਗਾ। ਨਤੀਜੇ ਵਜੋਂ ਦੱਖਣੀ ਏਸ਼ੀਆ, ਭਾਰਤ, ਚੀਨ, ਪਾਕਿਸਤਾਨ ਅਤੇ ਇਸਲਾਮੀ ਦੇਸਾਂ ਦਾ ਵਿਸ਼ਾਲ ਸੰਗਠਨ ਉਭਰੇਗਾ, ਏਸ਼ੀਆ ਖਿੱਤੇ ਵਿਚ ਸ਼ਾਂਤੀ ਸਥਾਪਤ ਹੋਵੇਗੀ, ਬ੍ਰਹਿਮੰਡੀਕਰਨ ਦੀ ਧਾਰਾ ਦਾ ਪ੍ਰਸਾਰ ਹੋਵੇਗਾ, ਜਿਥੇ ਸਭ ਸਭਿਆਚਾਰਾਂ ਨੂੰ ਵਧਣ ਦੇ ਪਸਰਨ ਦਾ ਮੌਕਾ ਮਿਲੇਗਾ। ਭ੍ਰਿਸ਼ਟਾਚਾਰ, ਨੰਗੇਜ, ਨਸ਼ੇ, ਵਿਲਾਸਤਾ ਦੀ ਥਾਂ ਨੈਤਿਕਤਾ, ਇਮਾਨਦਾਰੀ ਅਤੇ ਮਨੁੱਖਤਾ ਦਾ ਬੋਲ ਬਾਲਾ ਹੋਵੇਗਾ। ਭਾਰਤ ਸਰਮਾਏਦਾਰਾਂ ਤੇ ਬਾਣੀਆਂ ਦੀ ਮੰਡੀ ਬਣਨ ਤੋਂ ਬਚ ਜਾਵੇਗਾ।

ਇਹ ਗੱਲ ਮੰਨ ਕੇ ਚੱਲਣੀ ਪਵੇਗੀ ਕਿ ਪੰਜਾਬੀ ਕੋਈ ਕੌਮ ਨਹੀਂ, ਵੱਖ-ਵੱਖ ਕੌਮਾਂ ਦਾ ਇਕ ਸਾਂਝਾ ਸਮਾਜ ਹੈ ਅਤੇ ਨਾ ਹੀ ਕਿਸੇ ਵਾਰਸ, ਬੁਲ੍ਹੇਸ਼ਾਹ, ਹਾਸ਼ਮ ਜਾਂ ਕੋਈ ਹੋਰ ਲੱਲੀ ਛੱਲੀ ਦੇ ਸਿਧਾਂਤ ਨਾਲ ਸੰਸਾਰੀਕਰਨ ਅਤੇ ਬ੍ਰਾਹਮਣਇਜ਼ਮ ਨੂੰ ਮਾਤ ਦੇ ਹੋਣੀ ਹੈ। ਸਿੱਖ ਪੰਜਾਬ ਦੀ ਅਣਖ ਦਾ ਵਾਰਸ ਹੈ ਤੇ ਮਾਨਵਤਾ ਦੇ ਹਿੱਤ 'ਚ ਸਿੱਖ ਕੌਮ ਨੂੰ ਗੱਲ ਤੋਰਨੀ ਪੈਣੀ ਹੈ। ਗੱਲ ਸੰਤ-ਗੁਰੂਆਂ ਤੋਂ ਤੁਰਨੀ ਹੈ, ਜੋ ਨਾਨਕ ਵਿਚਾਰਧਾਰਾ ਦੇ ਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ ਅਤੇ ਜਗਤ ਜਲੰਦੇ ਨੂੰ ਠਾਰਨ ਲਈ ਸਿੱਧ ਪੱਧਰਾ ਸਿਧਾਂਤ ਹੈ ;

*ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੪)

ਜੇਕਰ ਅਜੋਕਾ ਸਿੱਖ ਸਮਾਜ ਸੰਸਾਰੀਕਰਨ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਤਾਂ ਇਸ ਦਾ ਕਾਰਣ ਇਹ ਹੈ ਕਿ ਇਸ ਦੀਆਂ ਸੰਸਥਾਵਾਂ 'ਤੇ ਬ੍ਰਾਹਮਣਇਜ਼ਮ ਦੇ ਗੁਲਾਮ ਅਮੀਰ ਸਿੱਖਾਂ ਦਾ ਕਬਜ਼ਾ ਹੈ, ਜਿਸ ਦੀ ਜ਼ਿੰਦਗੀ ਦਾ ਅਮਲ ਗੁਰਬਾਣੀ ਨਹੀਂ, ਸੰਸਾਰੀਕਰਨ ਦੀ ਵਿਲਾਸਤਾ, ਭ੍ਰਿਸ਼ਟਾਚਾਰ, ਦੁਰਾਚਾਰ, ਬਿਪਰਨਵਾਦ ਅਤੇ ਅਣਮਨੁੱਖੀ ਵਰਤਾਰਾ ਹੈ। ਇਸ ਨੂੰ ਤੋੜਨ ਲਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਧੀ ਨੂੰ ਰੱਦ ਕਰਕੇ ਜਾਂ ਸੁਧਾਰ ਕਰਕੇ ਨਵੀਂ ਵਿਉਂਤਬੰਦੀ ਉਸਾਰਨੀ ਹੋਵੇਗੀ ਅਤੇ ਸਿਆਸਤ ਵਿਚ ਗੁਰੂਆਂ ਦੇ ਅਮਲ 'ਤੇ ਪਹਿਰਾ ਦੇਣ ਵਾਲੇ ਸਿੱਖਾਂ ਨੂੰ ਅੱਗੇ ਲਿਆਉਣਾ ਪਵੇਗਾ। ਦਲਿਤਾਂ, ਕਿਰਤੀਆਂ ਨਾਲ ਸਾਂਝ ਪੈਦਾ ਕਰਕੇ ਉਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਵਿਚ ਵਿਸ਼ੇਸ਼ ਥਾਂ ਦੇਣੀ ਪਵੇਗੀ ਤਾਂ ਜੋ ਉਨ੍ਹਾਂ ਨੂੰ ਅਹਿਸਾਸ ਹੋ ਸਕੇ ਕਿ ਉਹ ਸਿੱਖੀ ਦੇ ਵਾਰਸ ਹਨ ਅਤੇ ਸਿੱਖੀ ਉਨ੍ਹਾਂ ਦਾ ਧਰਮ ਹੈ।

ਸਿੱਖੀ ਦੇ ਮੁੱਢਲੇ ਅਸੂਲ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਅਜਿਹੇ ਸਿਧਾਂਤ

ਹਨ, ਜਿਨ੍ਹਾਂ ਵਿਚ ਮਨੁੱਖਤਾ ਦੀ ਸੇਵਾ, ਬਰਾਬਰੀ ਅਤੇ ਭਲਾ ਬਿਰਾਜਮਾਨ ਹਨ, ਜਿਸ ਤੋਂ ਸਿੱਖੀ ਦਾ ਪ੍ਰਸਾਰ ਹੋਇਆ ਹੈ। ਸਿੱਖੀ ਦਾ ਇਹ ਸਿਧਾਂਤ ਪੂੰਜੀਵੰਡ ਦੀ ਇਕਸਾਰਤਾ ਦਾ ਸਿਧਾਂਤ ਹੈ ਜੋ ਕਿ ਮਨੁੱਖ ਨੂੰ ਇਸ ਗੱਲ ਵੱਲ ਇਕਾਗਰ ਕਰਦਾ ਹੈ ਕਿ ਸੰਸਾਰ ਦੀ ਸਾਰੀ ਪੂੰਜੀ ਮਨੁੱਖਤਾ ਦੀ ਸਾਂਝੀ ਮਲਕੀਅਤ ਹੈ, ਦੂਸਰਾ ਧਨ ਪਦਾਰਥ ਕੇਵਲ ਉਪਜੀਵਕਾ ਦਾ ਸਾਧਨ ਹਨ ਅਤੇ ਇਹ ਸਭ ਕੁਝ ਇਥੇ ਰਹਿ ਜਾਣਾ ਹੈ। ਤੀਸਰਾ ਅਮੀਰ ਹੋਣ ਵਿਚ ਕੋਈ ਮਨਾਹੀ ਨਹੀਂ, ਪਰ ਕਮਾਈ ਧਰਮ ਦੀ ਹੀ ਕਰਨੀ ਚਾਹੀਦੀ ਹੈ ਅਰਥਾਤ ਪਰਾਇਆ ਹੱਕ ਮਾਰਨਾ ਗੁਨਾਹ ਹੈ। ਚੌਥਾ ਕਮਾਈ ਦਾ ਦਸਵਾਂ ਹਿੱਸਾ ਲੋਕ ਭਲਾਈ ਵਾਸਤੇ ਜ਼ਰੂਰ ਦੇਣਾ ਚਾਹੀਦਾ ਹੈ। ਗੁਰੂ ਸਾਹਿਬਾਨਾਂ ਨੇ ਦਲਿਤਾਂ, ਨਿਮਾਣਿਆਂ, ਨਿਤਾਣਿਆਂ ਦਾ ਸਹਾਰਾ ਬਣ ਕੇ ਇਸੇ ਲਈ ਇਨ੍ਹਾਂ ਸਿਧਾਂਤਾਂ ਨੂੰ ਹਰੇਕ ਸਿੱਖ ਦੇ ਜੀਵਨ ਦਾ ਆਧਾਰ ਬਣਾਇਆ ਸੀ ਤਾਂ ਜੋ ਬ੍ਰਹਿਮੰਡੀ ਵਾਤਾਵਰਣ ਸਿਰਜਿਆ ਜਾ ਸਕੇ। ਹੁਣ ਵੀ ਇਨ੍ਹਾਂ ਸਿਧਾਂਤਾਂ ਰਾਹੀਂ ਸਿੱਖੀ ਦਾ ਪ੍ਰਸਾਰ ਕੀਤਾ ਜਾ ਸਕਦਾ ਹੈ ਅਤੇ ਸੰਸਾਰੀਕਰਨ ਅਤੇ ਬ੍ਰਾਹਮਣਇਜ਼ਮ ਦੀ ਸਭਿਅਤਾ ਨੂੰ ਖੋਟਾ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਦੋਵੇਂ ਵਿਚਾਰਧਾਰਾਵਾਂ ਮਨੁੱਖਤਾ ਵਿਚ ਵੰਡੀਆਂ ਪਾਉਣ ਵਾਲੀਆਂ ਅਤੇ ਮਨੁੱਖਤਾ ਵਿਰੋਧੀ ਹਨ। ਜੇਕਰ ਸਿੱਖ ਸਮਾਜ ਨੇ ਗੁਰੂਆਂ ਦੇ ਅਮਲ ਨੂੰ ਆਪਣੇ ਜੀਵਨ ਵਿਚ ਨਹੀਂ ਅਪਨਾਉਣਾ ਤਾਂ ਸੰਸਾਰੀਕਰਨ ਦੇ ਦੈਂਤ ਤੋਂ ਇਸ ਨੂੰ ਕੋਈ ਨਹੀਂ ਬਚਾ ਸਕਦਾ।

* * *



# ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਬ੍ਰਾਹਮਣਵਾਦ

ਬ੍ਰਾਹਮਣਵਾਦ ਦੀ ਸ਼ਕਤੀ ਦਾ ਆਧਾਰ ਕੀ, ਜਿਸ ਕਾਰਣ ਉਸ ਨੇ ਦਲਿਤਾਂ, ਘੱਟਗਿਣਤੀਆਂ ਸਿੱਖਾਂ, ਮੁਸਲਮਾਨਾਂ, ਬੋਧੀਆਂ, ਈਸਾਈਆਂ ਨੂੰ ਵੰਡਿਆ ਹੋਇਆ ਹੈ। ਇਸ ਨੂੰ ਸਮਝਣ ਲਈ ਬ੍ਰਾਹਮਣਵਾਦ ਦਾ ਪ੍ਰਸਾਰ ਕਰਨ ਵਾਲੀਆਂ ਸ਼ਕਤੀਆਂ ਨੂੰ ਸਮਝਣਾ ਹੋਵੇਗਾ।

ਭਾਰਤ ਦੇ ਹਿੰਦੂ ਸਮਾਜ ਵਿਚ ਪਰੋਹਿਤ ਵਰਗ ਹੈ ਜੋ ਘੁੰਮ ਫਿਰ ਕੇ ਜਨਤਾ ਨੂੰ ਅੰਧ ਵਿਸ਼ਵਾਸ, ਪਖੰਡ, ਪੂਜਾ ਪਾਠ, ਦਾਨ, ਯੱਗ ਦਾ ਢਕੌਂਸਲਾ ਰਚਦਾ ਅਤੇ ਫੈਲਾਉਂਦਾ ਹੈ ਅਤੇ ਭੋਲੀ ਭਾਲੀ ਜਨਤਾ ਨਾਲ ਠੱਗੀ ਮਾਰਦਾ ਹੈ। ਇਸ ਪਰੋਹਿਤ ਵਰਗ ਵਿਚ ਜੋਤਸ਼ੀ, ਪੁਜਾਰੀ ਮਹੰਤ, ਪਾਂਡੇ, ਸਾਧੂ ਆਦਿ ਸ਼ਾਮਲ ਹੁੰਦੇ ਹਨ। ਇਹ ਦਿਨ ਦੇਖਦੇ ਹਨ, ਭਵਿੱਖ ਦੱਸਦੇ ਹਨ, ਗ੍ਰਹਿ ਸੰਕਟ ਅਤੇ ਲਗਨ ਦੇਖਦੇ ਹਨ, ਇਸ ਦੇ ਬਦਲੇ ਭੋਲੇ ਭਾਲੇ ਵਰਗ ਨੂੰ ਠੱਗਦੇ ਹਨ। ਖਾਸ ਕਰਕੇ ਇਸ ਵਰਗ ਦਾ ਨਿਸ਼ਾਨਾ ਔਰਤਾਂ ਹੁੰਦੀਆਂ ਹਨ ਜੋ ਕਿ ਇਨ੍ਹਾਂ ਦੇ ਚੁੰਗਲ ਵਿਚ ਜਾ ਫਸਦੀਆਂ ਹਨ। ਉਹ ਇਨ੍ਹਾਂ ਨਾਲ ਸਰੀਰਕ ਅਨੰਦ ਵੀ ਲੈਂਦੇ ਹਨ ਅਤੇ ਆਪਣਾ ਪ੍ਰਚਾਰ ਅੰਧ ਵਿਸ਼ਵਾਸ ਦੇ ਰੂਪ ਵਿਚ ਪ੍ਰਸਾਰਨ ਲਈ ਇਨ੍ਹਾਂ ਔਰਤਾਂ ਦਾ ਸਹਾਰਾ ਲੈਂਦੇ ਹਨ। ਇਹ ਪੁੰਨ-ਦਾਨ, ਸਵਰਗ-ਨਰਕ, ਭਵਸਾਗਰ, ਅਵਤਾਰਵਾਦ, ਪੁਨਰਜਨਮ ਵਰਗੀਆਂ ਕੋਰੀਆਂ ਕਲਪਨਾਵਾਂ ਫੈਲਾਉਂਦੇ ਹਨ। ਇਹ ਵਰਗ ਸਮਾਜ ਵਿਚ ਫੁੱਟ ਪਾਉਂਦੇ ਹਨ ਅਤੇ ਕਿਰਤੀਆਂ ਦੀ ਕਮਾਈ ਹੜੱਪਦੇ ਹਨ। ਝੂਠੀਆਂ ਪੁਸਤਕਾਂ ਲਿਖਣੀਆਂ, ਦੂਸਰੇ ਧਰਮਾਂ ਦੇ ਇਤਿਹਾਸ ਨੂੰ ਵਿਗਾੜਨਾ ਇਨ੍ਹਾਂ ਦੀ ਨੀਤੀ ਹੈ। ਆਪਣੀ ਸ਼ਕਤੀ ਅਤੇ ਗਿਆਨ ਦਾ ਸਵਾਰਥ ਲਈ ਪ੍ਰਯੋਗ ਕਰਨਾ ਇਸ ਵਰਗ ਦਾ ਮੁੱਖ ਲੱਛਣ ਹੈ। ਅਸਲ ਵਿਚ ਇਹੀ ਵਰਗ ਹੈ ਜੋ ਬ੍ਰਾਹਮਣਵਾਦ ਦੀ ਸ਼ਕਤੀ ਦਾ ਮੁੱਖ ਆਧਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬ੍ਰਾਹਮਣਾਂ ਦੇ ਪਖੰਡਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਾਹਮਣੇ ਸਾਲਗਰਾਮ ਰੱਖ ਕੇ ਅਨੇਕਾਂ ਵਿਧੀ ਵਿਧਾਨਾਂ ਨਾਲ ਉਪਾਸਨਾ ਕਰਨ ਵਾਲੇ ਅੰਦਰੋਂ ਧੋਖੇਬਾਜ਼ ਅਤੇ ਦੁਰਾਚਾਰੀ ਸਨ :

*ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥*
*ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧ ਕਮਾਇ ॥*

*ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥*
*ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੮੮)

ਬ੍ਰਾਹਮਣਵਾਦ ਦਾ ਬਹੁਤ ਵਿਸ਼ਾਲ ਨੈਟਵਰਕ ਹੈ, ਜਿਸ ਦੇ ਤੇਂਦੂਏ ਜਾਲ ਵਿਚ ਭਾਰਤੀ ਸਮਾਜ ਫਸਿਆ ਹੋਇਆ ਹੈ। ਪੁਰੋਹਿਤ ਬ੍ਰਾਹਮਣ ਪਿੰਡ ਅਤੇ ਸ਼ਹਿਰ ਹਰ ਜਗ੍ਹਾਂ ਆਪਣਾ ਘਰ ਬਣਾ ਕੇ ਰਹਿੰਦਾ ਹੈ। ਪ੍ਰੋਹਿਤ ਦੀ ਜਜਮਾਨੀ ਵਿਚ ਕਈ ਕਈ ਪਿੰਡ ਆਉਂਦੇ ਹਨ ਅਤੇ ਸ਼ਹਿਰ ਦੇ ਹਿੱਸਿਆਂ ਨੂੰ ਵੀ ਵੰਡਿਆ ਹੁੰਦਾ ਹੈ। ਇਕ ਇਕ ਸ਼ਹਿਰ ਵਿਚ ਕਈ ਕਈ ਪ੍ਰੋਹਿਤ ਹੁੰਦੇ ਹਨ। ਇਹ ਪ੍ਰੋਹਿਤ ਆਪਣੇ ਜਜਮਾਨਾਂ ਦੇ ਘਰ ਘਰ ਜਾ ਕੇ ਪੂਰਾ ਪਾਠ, ਹੋਮ ਜੱਗ ਜਾਪ ਕਰਾਉਂਦੇ, ਜਨਮ ਉਤਸਵ, ਵਿਆਹ ਅਤੇ ਮੌਤ ਸੰਸਕਾਰ ਦੀ ਰਸਮ ਅਦਾ ਕਰਦੇ ਹਨ। ਇਹ ਪ੍ਰੋਹਿਤ ਵਰਗ ਗ੍ਰਹਿਸਥੀ ਵਰਗ 'ਤੇ ਆਪਣੀ ਮਾਲਕੀ ਜਮਾਈ ਰੱਖਣ ਲਈ ਉਨ੍ਹਾਂ ਤੋਂ ਕਈ ਪ੍ਰਕਾਰ ਨਾਲ ਟੈਕਸ ਵਸੂਲ ਕਰਨ ਦੀ ਨੀਤੀ ਨਾਲ ਅਜਿਹੇ ਢੰਗਾਂ ਦੀ ਖੋਜ ਕਰਦਾ ਰਹਿੰਦਾ ਹੈ, ਜਿਸ ਨਾਲ ਸਮਾਜ ਉਸ ਦੇ ਤੇਂਦੂਆ ਜਾਲ ਵਿਚ ਜਕੜਿਆ ਰਹੇ। ਦਰਅਸਲ ਭਾਰਤ ਵਿਚ ਜਿੰਨੇ ਵੀ ਧਾਰਮਿਕ ਸੰਸਕਾਰ ਹਨ, ਉਨ੍ਹਾਂ ਨੂੰ ਕਰਾਉਣ ਦਾ ਠੇਕਾ ਪ੍ਰੋਹਿਤ ਦੇ ਜਿੰਮੇ ਹੈ, ਇਸ ਵਿਚ ਉਹ ਨੈਤਿਕਤਾ, ਪਵਿੱਤਰਤਾ ਅਤੇ ਸਾਦਗੀ ਦਾ ਧਿਆਨ ਰੱਖੇ ਬਿਨਾਂ ਅਨੈਤਿਕਤਾ, ਪਖੰਡ ਅਤੇ ਭੈਅ ਦਿਖਾ ਕੇ ਜਜਮਾਨਾਂ ਨੂੰ ਲੁੱਟਦਾ ਰਹਿੰਦਾ ਹੈ। ਸ਼ਾਸਤਰਾਂ ਵਿਚ ਬ੍ਰਾਹਮਣਵਾਦ ਦੀ ਸਰਵਉੱਚਤਾ ਤੇ ਕਰਮਕਾਂਡਾਂ ਦੀ ਹਮਾਇਤ ਕੀਤੀ ਗਈ ਹੈ। ਬ੍ਰਾਹਮਣਵਾਦ ਦੀ ਲੁੱਟ ਦਾ ਪੂਰਾ ਰਸਤਾ ਖੋਲ੍ਹਿਆ ਹੋਇਆ ਹੈ। ਮਨੂੰ ਸਿਮਰਤੀ (1,99-100) : ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ। ਉਹ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ ਤੇ ਧਰਮ ਦੇ ਖਜਾਨੇ ਦਾ ਰੱਖਿਅਕ ਹੈ। ਇਸ ਸੰਸਾਰ ਵਿਚ ਜੋ ਵੀ ਸੰਪਤੀ ਹੈ, ਉਹ ਸਾਰੀ ਬ੍ਰਾਹਮਣ ਦੀ ਨਿੱਜੀ ਹੈ। ਆਪਣੇ ਉੱਤਮ ਜਨਮ ਦੇ ਕਾਰਨ ਹੀ ਬ੍ਰਾਹਮਣ ਸਾਰੀਆਂ ਸੰਪਤੀਆਂ ਗ੍ਰਹਿਣ ਕਰਨ ਦੇ ਯੋਗ ਹੈ। ਬ੍ਰਾਹਮਣ ਜਦੋਂ ਪਰਾਇਆ ਅੰਨ੍ਹ ਖਾਂਦਾ ਹੈ, ਪਰਾਇਆ ਵਸਤਰ ਪਹਿਨਦਾ ਹੈ ਤੇ ਪਰਾਇਆ ਧਨ ਲੈ ਕੇ ਦੂਜਿਆਂ ਨੂੰ ਲੈ ਕੇ ਦਿੰਦਾ ਹਾਂ ਤਾਂ ਉਹ ਸਭ ਉਸੇ ਦੇ ਹੀ ਰਿਣੀ ਹਨ, ਕਿਉਂਕਿ ਸਾਰੇ ਲੋਕ ਬ੍ਰਾਹਮਣ ਦੀ ਦਇਆ ਤੋਂ ਹੀ ਭੋਜਨ ਪ੍ਰਾਪਤ ਕਰਦੇ ਹਨ।

ਹਿੰਦੂ ਸਮਾਜ ਦੇ ਵਿਅਕਤੀ ਦਾ ਜੀਵਨ ਸੋਲਾਂ ਸੰਸਕਾਰਾਂ ਵਿਚੋਂ ਹੋ ਕੇ ਗੁਜਰਦਾ ਹੈ, ਸਭ ਤੋਂ ਪਹਿਲਾਂ ਗਰਭਧਾਨ ਸੰਸਕਾਰ। ਅੰਤਮ ਹੈ ਮੌਤ ਸੰਸਕਾਰ। ਇਨ੍ਹਾਂ ਵਿਚੋਂ ਇਕ ਵੀ ਸੰਸਕਾਰ ਪ੍ਰੋਹਿਤ ਤੋਂ ਬਿਨਾਂ ਨਹੀਂ ਹੁੰਦਾ। ਵੈਸੇ ਕੁਛ ਸੰਸਕਾਰ ਤਾਂ ਖੁਸ਼ੀ ਦੇ ਹੋਣੇ ਚਾਹੀਦੇ ਹਨ ਅਤੇ ਕੁਛ ਗਮ ਦੇ, ਪਰ ਪ੍ਰੋਹਿਤ ਨੇ ਹਰ ਸੰਸਕਾਰ 'ਤੇ ਆਪਣੀ ਝੋਲੀ ਭਰਨ ਦੇ ਇਰਾਦੇ ਨਾਲ ਗਮ ਦੇ ਸੰਸਕਾਰਾਂ ਦੇ ਮੌਕਿਆਂ 'ਤੇ ਵੀ ਦਾਨ ਲੈਣ ਦੀ ਵਿਉਂਤਬੰਦੀ ਕੀਤੀ ਹੋਈ ਹੈ। ਮਨੂੰ ਸਿਮਰਤੀ ਸਲੋਕ (95-96, 98-101 ਅਧਿਆਏ 1) : ਬ੍ਰਾਹਮਣ ਦੇ ਮੂੰਹ ਰਾਹੀਂ ਦੇਵਤਾ ਲੋਕ ਆਪਣਾ ਹਿੱਸਾ ਅਤੇ ਪਿਤਰ ਲੋਕ ਆਪਣਾ ਹਿੱਸਾ ਖਾਂਦੇ ਹਨ। ਬ੍ਰਾਹਮਣ ਤੋਂ ਸ੍ਰੇਸ਼ਟ ਕੌਣ ਹੋ ਸਕਦਾ ਹੈ ? (3/209) ਸ਼ਰਾਧਾਂ ਵਿਚ ਬ੍ਰਾਹਮਣ ਨੂੰ ਆਸਣ 'ਤੇ ਬਿਠਾ ਕੇ



ਉਸ ਦੀ ਪੂਜਾ ਕਰੋ (3/237) ਜੋ ਵਸਤੂ ਉਸ ਨੂੰ ਪਸੰਦ ਹੈ, ਉਸ ਨੂੰ ਖੁਸ਼ੀ ਨਾਲ ਪਰੋਸੋ।

ਇਹੋ ਜਿਹੇ ਸੰਸਕਾਰ ਸਿੱਖ ਕੌਮ ਵਿਚ ਬ੍ਰਾਹਮਣਵਾਦ ਤੋਂ ਪ੍ਰੇਰਣਾ ਲੈ ਕੇ ਭਾਈਆਂ, ਗ੍ਰੰਥੀਆਂ, ਸਾਧਾਂ ਨੇ ਪ੍ਰਸਾਰ ਦਿੱਤੇ ਹਨ, ਜਿਸ ਕਰਕੇ ਸਿੱਖ ਰੀਤੀ ਰਿਵਾਜ ਗੁਰੂਆਂ ਅਨੁਸਾਰ ਸਾਧਾਰਨ ਨਾ ਹੋ ਕੇ ਮਨੁੱਖੀ ਉਜਾੜੇ ਦਾ ਢੰਗ ਬਣ ਗਏ ਹਨ। ਕਹਿਣ ਤੋਂ ਭਾਵ ਸਿੱਖਾਂ ਦਾ ਜੀਉਣਾ ਮਰਨਾ, ਵਿਆਹ ਹਿੰਦੂਆਂ ਵਾਂਗ ਮਹਿੰਗਾ ਹੋ ਗਿਆ ਹੈ। ਇਹ ਪ੍ਰੋਹਿਤ ਨਾ ਭੂਗੋਲ ਸ਼ਾਸ਼ਤਰੀ ਹਨ, ਨਾ ਖਗੋਲ ਸ਼ਾਸ਼ਤਰੀ, ਨਾ ਇੱਟ ਸੀਮਿੰਟ ਦੀ ਪਰਖ ਜਾਣਦੇ ਹਨ, ਨਾ ਮਕਾਨ ਬਨਾਉਣ ਸਮੇਂ ਇਨ੍ਹਾਂ ਨੇ ਮਕਾਨ ਦੀਆਂ ਦੀਵਾਰਾਂ ਦੀ ਅਤੇ ਲੈਂਟਰ ਦੀ ਮਜਬੂਤੀ ਦੇਖੀ, ਫਿਰ ਵੀ ਗ੍ਰਹਿ ਪ੍ਰਵੇਸ਼ ਦੇ ਸਮੇਂ ਹਵਨ ਯੱਗ ਕਰਦੇ ਅਤੇ ਸ਼ੁਭ ਲਗਨ ਦਸਦੇ ਹਨ, ਜਿਸ ਨਾਲ ਮਕਾਨ ਨਾ ਟੁੱਟੇ, ਨਾ ਡਿੱਗੇ, ਨਾ ਕਿਸੇ ਤਰ੍ਹਾਂ ਦੀ ਹਾਨੀ ਹੋਵੇ। ਅਜਿਹੇ ਕਾਰਜ ਨੂੰ ਆਰੰਭ ਕਰਨ 'ਤੇ ਸ਼ੁਭ ਕਰਮਨ ਦੇ ਨਾਂ ਤੇ ਗ੍ਰਹਿ ਉਤਾਰਨ ਲਈ ਇਨ੍ਹਾਂ ਪ੍ਰੋਹਿਤਾਂ ਨੂੰ ਬੁਲਾਇਆ ਜਾਂਦਾ ਹੈ। ਇਸ ਤਰ੍ਹਾਂ ਪ੍ਰੋਹਿਤ ਅਨੁਸ਼ਠਾਨਾਂ ਰਾਹੀਂ ਖੂਬ ਪਖੰਡ ਫੈਲਾਉਂਦੇ ਹਨ ਅਤੇ ਅੰਧ ਵਿਸ਼ਵਾਸ ਫੈਲਾ ਕੇ ਠੱਗੀ ਮਾਰਦੇ ਹਨ। ਹਿੰਦੂ ਧਰਮ ਗ੍ਰੰਥ ਰਿਗਵੇਦ ਅਨੁਸਾਰ ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ। ਦੇਵਤੇ ਮੰਤਰਾਂ ਦੇ ਅਧੀਨ। ਮੰਤਰ ਬ੍ਰਾਹਮਣਾਂ ਦੇ ਅਧੀਨ ਹਨ। ਇਸ ਲਈ ਬ੍ਰਾਹਮਣਾਂ ਨੂੰ ਪੂਜੋ ਅਤੇ ਇਨ੍ਹਾਂ ਦਾ ਹੁਕਮ ਮੰਨੋ। ਪਰ ਸ੍ਰੀ ਗੁਰੂ ਅਮਰਦਾਸ ਜੀ ਵੇਦਾਂ ਦੇ ਹੁਕਮਨਾਮੇ ਨੂੰ ਰੱਦ ਕਰਦੇ ਹੋਏ ਫੁਰਮਾਉਂਦੇ ਹਨ ਕਿ ਇਨ੍ਹਾਂ ਪ੍ਰੋਹਿਤਾਂ ਨੂੰ ਦਾਨ ਦੇਣ ਦਾ ਕੋਈ ਅਰਥ ਨਹੀਂ, ਕਿਉਂਕਿ ਇਹ ਵਿਹਲੜ ਲੋਕ ਇਸ ਦੇ ਯੋਗ ਪਾਤਰ ਨਹੀਂ।

*ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥*
*ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੯)

ਕੁਛ ਪੇਸ਼ਾਵਰ ਪਾਂਡੇ ਮਠ ਮੰਦਰਾਂ ਅਤੇ ਤੀਰਥ ਅਸਥਾਨਾਂ 'ਤੇ ਰਹਿੰਦੇ ਹਨ ਅਤੇ ਮਹੰਤਗਿਰੀ ਕਰਦੇ ਹਨ। ਇਹ ਮੱਠ ਮੰਦਰ, ਤੀਰਥ ਅਸਥਾਨ ਇਨ੍ਹਾਂ ਦੀਆਂ ਧਾਰਮਿਕ ਦੁਕਾਨਾਂ ਹਨ। ਇਹ ਪੇਸ਼ਾਵਰ ਪਾਂਡੇ ਪੁਰੋਹਿਤ ਧਰਮ ਦੇ ਨਾਮ 'ਤੇ ਪਖੰਡ ਵੇਚਦੇ ਹਨ। ਪੁੰਨ, ਮੁਕਤੀ ਦਾ ਸੌਦਾ ਵੇਚਣ ਦਾ ਦਾਅਵਾ ਕਰਦੇ ਹਨ ਅਤੇ ਸਵਰਗ ਦੀ ਸਿੱਧੀ ਟਿਕਟ ਵੀ ਵੇਚਦੇ ਹਨ। ਪਰਾਸ਼ਰ ਸਿਮਰਤੀ (2/17) : ਬ੍ਰਾਹਮਣ ਤੋਂ ਜਪ-ਤਪ ਕਰਵਾਉਂਦਾ ਹੈ, ਉਨ੍ਹਾਂ ਨੂੰ ਦਾਨ-ਦਕਸ਼ਣਾ ਦਿੰਦਾ ਹੈ, ਉਸ ਨੂੰ ਜਪ-ਤਪ ਦਾ ਪੂਰਾ ਫਲ ਮਿਲਦਾ ਹੈ। ਮਨੂੰ ਸਿਮਰਤੀ (7/85) : ਗੈਰ ਬ੍ਰਾਹਮਣ ਨੂੰ ਦਾਨ ਦੇਣ ਨਾਲ ਸਾਧਾਰਨ ਫਲ ਮਿਲਦਾ ਹੈ, ਬ੍ਰਾਹਮਣ ਵਾਲੇ ਕੰਮ ਕਰਨ ਵਾਲੇ, ਜਾਤ-ਮਾਤਰ ਬ੍ਰਾਹਮਣ ਨੂੰ ਦਾਨ ਦੇ ਕੇ ਦੁੱਗਣਾ ਫਲ ਮਿਲਦਾ ਹੈ। ਵਿਦਵਾਨ ਬ੍ਰਾਹਮਣ ਨੂੰ ਦਾਨ ਦੇਣ ਨਾਲ 10 ਲੱਖ ਗੁਣਾਂ ਫਲ ਮਿਲਦਾ ਹੈ। ਵੇਦਾਂ ਦੇ ਗਿਆਤਾ ਬ੍ਰਾਹਮਣ ਨੂੰ ਦਾਨ ਦੇਣ ਨਾਲ ਏਨਾ ਫਲ ਮਿਲਦਾ ਹੈ ਕਿ ਇਸ ਦਾ ਹਿਸਾਬ ਨਹੀਂ ਕੀਤਾ ਜਾ ਸਕਦਾ।

ਇਹ ਸੌਦਾ ਏਨਾ ਮਹਿੰਗਾ ਹੁੰਦਾ ਹੈ ਕਿ ਇਹ ਪਾਂਡੇ ਸ਼ਰਧਾਲੂਆਂ ਦੇ ਗਹਿਣੇ, ਜੇਵਰ,

ਰੁਪਇਆ, ਕਪੜੇ ਸਭ ਖੋਹ ਲੈਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪੁਜਾਰੀ ਸ਼੍ਰੇਣੀ ਦਾ ਪਰਦਾਫਾਸ਼ ਕਰਦੇ ਹੋਏ ਆਖਦੇ ਹਨ ਕਿ ਇਹ ਪੂਜਾ, ਤਿਲਕ, ਇਸ਼ਨਾਨ ਸਭ ਪ੍ਰਕਾਰ ਦਾ ਅਡੰਬਰ ਕਰਦੇ ਹਨ ਅਤੇ ਜ਼ਬਰੀ ਦਾਨ ਵੀ ਮੰਗਦੇ ਹਨ। ਵੇਦਾਂ ਦਾ ਗਿਆਤਾ ਅਤੇ ਬਾਹਰੀ ਸੁਭਾਅ ਪੱਖੋਂ ਡਰਾਮਾ ਰਚ ਕੇ ਲੋਕਾਂ ਦਾ ਸ਼ੋਸ਼ਣ ਕਰਨ ਤੋਂ ਗੁਰੇਜ਼ ਨਹੀਂ ਕਰਦੇ ;

*ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥*
*ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੦੧)

ਬ੍ਰਾਹਮਣਵਾਦ ਦੇ ਪਾਸਾਰੇ ਵਿਚ ਮਹੰਤ ਸ਼੍ਰੇਣੀ ਵੀ ਆਪਣਾ ਕਾਰਜ ਨਿਭਾਉਂਦੀ ਹੈ। ਮਹੰਤ ਇਕ ਵੱਡੇ ਜ਼ਿਮੀਂਦਾਰ ਦੀ ਤਰ੍ਹਾਂ ਹੁੰਦਾ। ਉਹ ਰਾਜਿਆਂ ਵਾਂਗ ਉਚੇ ਸਿੰਘਾਸਨ ’ਤੇ ਬੈਠਦਾ ਹੈ, ਜਿਸ ਨੂੰ ਮਹੰਤ ਦੀ ਗੱਦੀ ਕਹਿੰਦੇ ਹਨ। ਇਹ ਮਹੰਤ ਇਕ ਜ਼ਿਮੀਂਦਾਰ ਦੀ ਤਰ੍ਹਾਂ ਪਾਪੀ, ਅਤਿਆਚਾਰੀ, ਨਸ਼ਈ ਅਤੇ ਕਾਮੀ ਹੁੰਦਾ ਹੈ। ਇਹ ਮਹੰਤ ਸੁੰਦਰ ਗੱਦੇਦਾਰ ਪਲੰਘਾਂ ’ਤੇ ਸੌਂਦਾ ਹੈ, ਦੇਵ ਦਾਸੀਆਂ ਅਤੇ ਯੋਗਨਾਂ ਦੇ ਨਾਲ ਭੋਗ ਵਿਲਾਸ ਕਰਦਾ ਹੈ। ਸੋਮਰਸ ਦੇ ਨਾਮ ਤੇ ਹਰੇਕ ਤਰ੍ਹਾਂ ਦੇ ਨਸ਼ਿਆਂ ਦਾ ਪ੍ਰਯੋਗ ਕਰਦਾ ਹੈ। ਇਹੋ ਜਿਹੀ ਸ਼੍ਰੇਣੀ ਸਿੱਖ ਧਰਮ ਵਿਚ ਵੀ ਪ੍ਰਵੇਸ਼ ਕਰ ਚੁੱਕੀ ਹੈ, ਜਿਸ ਨੂੰ ਸਾਧ-ਸੰਤ ਕਹਿੰਦੇ ਹਨ। ਸਿੱਖ ਸੰਤਾਂ ਦੇ ਡੇਰਿਆਂ ਵਿਚ ਵਾਪਰ ਰਹੀਆਂ ਅਸ਼ਲੀਲ ਘਟਨਾਵਾਂ ਇਸ ਗੱਲ ਦੀ ਗਵਾਹ ਹਨ। ਸ੍ਰੀ ਗੁਰੂ ਨਾਨਕ ਸਾਹਿਬ ਇਸ ਬ੍ਰਾਹਮਣ ਸ਼੍ਰੇਣੀ ਤੇ ਸਖਤ ਟਿੱਪਣੀ ਕਰਦੇ ਹੋਏ ਲੋਕਾਂ ਨੂੰ ਸੁਚੇਤ ਕਰਦੇ ਹਨ ਕਿ ਅਜਿਹੇ ਲੋਕਾਂ ਕੋਲ ਕੋਈ ਬ੍ਰਹਮ ਗਿਆਨ ਨਹੀਂ, ਨਾ ਹੀ ਇਹ ਪ੍ਰਭੂ ਨੂੰ ਪੁਜੇ ਹੋਏ ਹਨ। ਇਹ ਮਾਇਆ ਦੇ ਵਪਾਰੀ ਸ਼ਰਾਬਾਂ ਪੀਂਦੇ ਹਨ, ਹੱਥਾਂ ਵਿਚ ਇਨ੍ਹਾਂ ਦੇ ਕਮੰਡਲ ਹਨ, ਪਰ ਮਨ ਤ੍ਰਿਸ਼ਨਾ ਰਹਿਤ ਨਹੀਂ। ਪਰਾਈ ਇਸਤਰੀ ਨੂੰ ਦੇਖ ਕੇ ਇਨ੍ਹਾਂ ਉਪਰ ਕਾਮ ਸਵਾਰ ਹੋ ਜਾਂਦਾ ਹੈ ਤੇ ਫੇਰ ਉਹ ਪਰਾਈ ਇਸਤਰੀ ਨਾਲ ਚਿੱਤ ਲਾ ਲੈਂਦੇ ਹਨ ;

*ਮਨੂਆ ਡੋਲੈ ਦਹਿ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥*
*ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥*
*ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥*
*ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥*
*ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੧੩)

ਸਾਧੂ-ਸੰਨਿਆਸੀ ਵੀ ਬ੍ਰਾਹਮਣਵਾਦੀ ਨੈਟਵਰਕ ਦਾ ਹਿੱਸਾ ਹਨ ਅਤੇ ਇਹ ਘੁੰਮ ਫਿਰ ਕੇ ਪੈਸੇ ਮੰਗਦੇ ਹਨ ਅਤੇ ਆਪਣੇ ਆਪ ਨੂੰ ਤਿਆਗੀ ਸਦਵਾਉਂਦੇ ਹਨ। ਗੁਰਬਾਣੀ ਵਿਚ ਅਜਿਹੇ ਲੋਕਾਂ ਨੂੰ ਝੂਠਾ ਅਤੇ ਪਖੰਡੀ ਦੱਸਿਆ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਅਜਿਹੇ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ, ਕਿਉਂਕਿ ਇਹ ਮੋਹ ਮਾਇਆ ਵਿਚ ਗ੍ਰਸੇ ਹੁੰਦੇ ਹਨ;

*ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥*



*ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮਗਤਿ ਲਹੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੮)

ਧੰਦੇਕਾਰੀ ਪ੍ਰੋਹਿਤ ਜੋ ਕਿ ਬ੍ਰਾਹਮਣਵਾਦੀ ਨੈਟਵਰਕ ਦਾ ਹਿੱਸਾ ਹਨ, ਉਸ ਵਿਚ ਜੋਤਸ਼ੀ, ਭਗਤ ਆ ਜਾਂਦੇ ਹਨ ਜੋ ਕਿ ਲੋਕਾਂ ਗ੍ਰਹਿਾਂ, ਸ਼ਗਨ, ਅਪਸ਼ਗਨ, ਮਹੂਰਤ ਦੇ ਚੱਕਰ ਵਿਚ ਫਸਾ ਕੇ ਜਨਤਾ ਦੀ ਲੁੱਟ ਕਰਦੇ ਹਨ। ਇਹ ਮਨ ਘੜਤ ਗੱਲਾਂ ਦਸ ਕੇ ਮਨੁੱਖ ਦੀ ਸੋਚਣ ਸ਼ਕਤੀ ਨੂੰ ਬਰਬਾਦ ਕਰਦੇ ਹਨ। ਰਾਜਨੀਤੀਵਾਨ, ਕਰਮਚਾਰੀ, ਅਧਿਕਾਰੀ, ਅਮੀਰ, ਗਰੀਬ ਸਭ ਇਨ੍ਹਾਂ ਦੇ ਚੱਕਰਾਂ ਵਿਚ ਫਸੇ ਹੋਏ ਹਨ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪੰਡਤਾਂ, ਜੋਤਸ਼ੀਆਂ ਨੂੰ ਭਵਿੱਖ ਬਾਰੇ ਕੋਈ ਗਿਆਨ ਨਹੀਂ ਹੁੰਦਾ। ਅਕਾਲ ਪੁਰਖ ਹੀ ਇਸ ਖੇਡ ਬਾਰੇ ਜਾਣ ਸਕਦਾ ਹੈ, ਕਿਉਂਕਿ ਇਹ ਉਸ ਦੀ ਹੀ ਖੇਡ ਹੈ;

*ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥*
*ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੪੮)

ਬ੍ਰਾਹਮਣਵਾਦੀ ਨੈਟਵਰਕ ਦਾ ਦੂਸਰਾ ਹਿੱਸਾ ਬ੍ਰਾਹਮਣਵਾਦੀ ਸੰਸਥਾਵਾਂ ਦਾ ਹੈ, ਜਿਥੋਂ ਨਿਯਮਤ ਰੂਪ ਵਿਚ ਹਿੰਦੂਤਵ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਸ਼ਰਧਾਲੂਆਂ ਦੇ ਮਨਾਂ ਵਿਚ ਦੂਸਰੀਆਂ ਕੌਮਾਂ ਦੇ ਖਿਲਾਫ ਜ਼ਹਿਰ ਭਰੀ ਜਾਂਦੀ ਹੈ। ਇਨ੍ਹਾਂ ਸੰਸਥਾਵਾਂ ਵਿਚ ਆਰ.ਐਸ.ਐਸ., ਸ਼ਿਵ ਸੈਨਾ, ਹਿੰਦੂ ਪ੍ਰੀਸ਼ਦ, ਬਜਰੰਗ ਬ੍ਰਿਗੇਡ, ਹਰੇ ਕ੍ਰਿਸ਼ਨ ਮਿਸ਼ਨ, ਸਨਾਤਨ ਧਰਮ ਸਭਾ, ਹਿੰਦੂ ਮਹਾਂ ਸਭਾ ਆਦਿ ਹਿੰਦੂਤਵ ਦਾ ਪ੍ਰਚਾਰ ਅਤੇ ਪ੍ਰਚਾਰ ਕਰਦੀਆਂ ਹਨ। ਇਹ ਸੰਸਥਾਵਾਂ ਵਿਗਿਆਨ, ਤਰਕ, ਵਿਚਾਰਾਂ ਨੂੰ ਤਿਲਾਂਜਲੀ ਦੇ ਕੇ ਅੰਧ ਵਿਸ਼ਵਾਸਾਂ ਦਾ ਪ੍ਰਚਾਰ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਮਨੁੱਖੀ ਅਧਿਕਾਰਾਂ, ਸਮਾਨਤਾ, ਰਾਸ਼ਟਰੀਅਤਾ ਦਾ ਕੋਈ ਸਥਾਨ ਨਹੀਂ। ਇਹ ਸੰਸਥਾਵਾਂ ਮਨੁੱਖ ਦਾ ਤਨ, ਮਨ, ਧਨ ਇਥੋਂ ਸ਼ੋਸ਼ਣ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਰਾਹੀਂ ਬ੍ਰਾਹਮਣਵਾਦੀ ਪ੍ਰਸਾਰ ਦੀਆਂ ਯੋਜਨਾਵਾਂ ਬਣਦੀਆਂ ਹਨ। ਇਨ੍ਹਾਂ ਦਾ ਨਿਸ਼ਾਨਾ ਦੇਸ ਨੂੰ ਹਿੰਦੂ ਰਾਸ਼ਟਰ ਬਨਾਉਣਾ ਹੈ ਅਤੇ ਘੱਟ ਗਿਣਤੀਆਂ ਕੌਮਾਂ ਦੀ ਨਸਲਕੁਸ਼ੀ ਕਰਨਾ ਅਤੇ ਗੁਲਾਮੀ ਦਾ ਅਹਿਸਾਸ ਕਰਵਾਉਣਾ ਹੈ। ਦਲਿਤਾਂ ਪ੍ਰਤੀ ਇਨ੍ਹਾਂ ਸੰਸਥਾਵਾਂ ਦਾ ਵਿਹਾਰ ਪਸ਼ੂਆਂ ਨਾਲੋਂ ਵੀ ਮਾੜਾ ਹੈ। ਬ੍ਰਾਹਮਣਵਾਦੀ ਨੈਟਵਰਕ ਦਾ ਤੀਸਰਾ ਹਿੱਸਾ ਹੈ ਸੰਸਕਾਰ ਅਤੇ ਰੀਤੀ ਰਿਵਾਜ। ਅੱਜ ਭਾਰਤ ਵਿਚ ਜੋ ਵੀ ਵਰਤ, ਪੁਰਬ, ਤਿਉਹਾਰਾਂ ਦੀਆਂ ਪਰੰਪਰਾਵਾਂ ਮੌਜੂਦ ਹਨ, ਉਹ ਬ੍ਰਾਹਮਣਵਾਦੀ ਮਾਨਸਿਕਤਾ ਦੀ ਉਪਜ ਹਨ। ਇਨ੍ਹਾਂ ਪਰੰਪਰਾਵਾਂ ਨਾਲ ਮਿਥਿਆਸ, ਮਨਘੜਤ ਕਿੱਸੇ ਜੁੜੇ ਹੋਏ ਹਨ। ਜਦ ਬ੍ਰਾਹਮਣਵਾਦੀ ਪਰੰਪਰਾ ਅਨੁਸਾਰ ਤਿਉਹਾਰ ਮਨਾਏ ਜਾਣ ਦਾ ਦਿਨ ਆਉਂਦਾ ਹੈ ਤਾਂ ਵੱਡੇ ਵੱਡੇ ਜਲੂਸ ਕੱਢੇ ਜਾਂਦੇ ਹਨ ਅਤੇ ਲੋਕਾਂ ਨੂੰ ਸ਼ਰਧਾ ਦੇ ਨਾਂ ’ਤੇ ਚੰਦਾ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਹ ਸੰਸਕਾਰ ਤੇ ਰੀਤੀ ਰਿਵਾਜ਼ ਹਿੰਦੂਤਵ ਜਾਂ ਬ੍ਰਾਹਮਣਵਾਦ ਦਾ ਆਧਾਰ ਹਨ, ਜਿਸ ਦੇ ਸਦਕਾ ਜਨਤਾ ਇਨ੍ਹਾਂ ਦੇ ਚੁੰਗਲ ਵਿਚ ਫਸੀ ਰਹਿੰਦੀ ਹੈ।

ਖਾਣ ਪੀਣ, ਵਿਆਹ, ਰੀਤੀ ਰਿਵਾਜ ਵਰਗੀਆਂ ਪਰੰਪਰਾਵਾਂ ਨੂੰ ਜਾਤੀ ਤੱਕ ਸੀਮਤ

ਕਰਨਾ ਬ੍ਰਾਹਮਣਵਾਦ ਦੀ ਖੇਡ ਹੈ। ਬ੍ਰਾਹਮਣਵਾਦੀ ਵਿਆਹ ਦੀ ਪਰੰਪਰਾ ਵਿਚ ਵਰ-ਵਹੁਟੀ ਬਰਾਬਰੀ ਦਾ ਨਹੀਂ, ਬਰਾਦਰੀ ਦਾ ਮਾਪਦੰਡ ਮੰਨਿਆ ਜਾਂਦਾ ਹੈ। ਜਾਤੀ ਅਤੇ ਵਰਨ ਬ੍ਰਾਹਮਣਵਾਦੀ ਜ਼ਹਿਰੀਲੀ ਪ੍ਰਥਾ ਹੈ। ਇਨ੍ਹਾਂ ਪਰੰਪਰਾਵਾਂ ਅਤੇ ਰਿਵਾਜਾਂ ਨੂੰ ਪ੍ਰੋਹਿਤ ਅਤੇ ਬਿਪਰਨੀ ਪੁਸਤਕਾਂ ਬਲ ਦਿੰਦੀਆਂ ਹਨ। ਵਰਨ ਅਤੇ ਜਾਤੀ ਨੂੰ ਜੀਵਤ ਰੱਖਣਾ ਬ੍ਰਾਹਮਣਵਾਦ ਦੀ ਹੀ ਖੇਡ ਹੈ।

ਬ੍ਰਾਹਮਣਵਾਦ ਵਿਚ ਨਾਰੀ ਨੂੰ ਨੀਵਾਂ ਮੰਨਣ ਦੀ ਪਰੰਪਰਾ ਹੈ। ਉਸ ਦੀ ਸਿੱਖਿਆ ਅਤੇ ਅਜ਼ਾਦੀ 'ਤੇ ਨਿਖੇਧਾਤਮਕ ਪਾਬੰਦੀ ਬ੍ਰਾਹਮਣਵਾਦ ਦੀ ਦੇਣ ਹੈ। ਇਹ ਬ੍ਰਾਹਮਣਵਾਦ ਦੀ ਪ੍ਰਥਾ ਸੀ ਕਿ ਹਜ਼ਾਰਾਂ ਸਾਲ ਤੱਕ ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਅਤੇ ਦੇਸ ਵਿਦੇਸ਼ ਨੂੰ ਜਾਣ 'ਤੇ ਪਾਬੰਦੀ ਰਹੀ ਹੈ। ਨਾਰੀ ਦਾ ਬਾਲ ਵਿਆਹ ਕਰਨਾ, ਪੁਰਸ਼ ਦਾ ਬਹੁਵਿਆਹ ਕਰਨਾ ਬ੍ਰਾਹਮਣਵਾਦੀ ਪ੍ਰਥਾਵਾਂ ਹਨ। ਇਸ ਵਿਚ ਪੁਰਸ਼ ਨੂੰ ਅਸੀਮਤ ਅਧਿਕਾਰ ਹਨ। ਪੁਰਸ਼ ਬਹੁਵਿਆਹ ਕਰ ਸਕਦਾ ਹੈ, ਵਹੁਟੀ ਮਰਨ 'ਤੇ ਜਦ ਚਾਹੇ ਵਿਆਹ ਰਚਾ ਸਕਦਾ ਹੈ, ਪ੍ਰੰਤੂ ਨਾਰੀ ਦਾ ਦੁਬਾਰਾ ਵਿਆਹ ਕਰਨ 'ਤੇ ਪਾਬੰਦੀ ਹੈ। ਜੇਕਰ ਕਿਸੇ ਦੰਪਤੀ ਦੇ ਬੱਚਾ ਨਹੀਂ ਹੁੰਦਾ ਤਾਂ ਮਰਦ ਨੂੰ ਦੂਸਰਾ ਵਿਆਹ ਕਰਨ ਦਾ ਅਧਿਕਾਰ ਹੈ, ਔਰਤ ਨੂੰ ਨਹੀਂ। ਵਿਆਹ ਦੇ ਮੌਕੇ 'ਤੇ ਦਾਜ ਵਰਗੀਆਂ ਘਟੀਆ ਪਰੰਪਰਾਵਾਂ ਵੀ ਬ੍ਰਾਹਮਣਵਾਦ ਦੀ ਦੇਣ ਹਨ। ਇਸ ਸਭ ਕੁਝ ਦਾ ਜਿਕਰ ਅਸੀਂ ਅਗਲੇ ਅਧਿਆਇ ਗੁਰਬਾਣੀ ਤੇ ਨਾਰੀ ਚੇਤਨਾ ਵਿਚ ਕਰਾਂਗੇ।

ਗ੍ਰਹਿ ਦਿਖਾਉਣਾ, ਜਨਮ ਕੁੰਡਲੀ ਬਨਵਾਉਣਾ ਬ੍ਰਾਹਮਣਵਾਦੀ ਪ੍ਰਥਾਵਾਂ ਹਨ। ਹੱਥ ਦੀ ਰੇਖਾ ਦਿਖਾਉਣਾ ਇਕ ਬ੍ਰਾਹਮਣਵਾਦੀ ਪਰੰਪਰਾ ਹੈ। ਹੱਥ ਦੀ ਰੇਖਾ ਕੋਈ ਪ੍ਰਮਾਣਿਕ ਨਹੀਂ, ਪਖੰਡੀਆਂ ਦਾ ਫੈਲਾਇਆ ਭਰਮਜਾਲ ਹੈ ਅਤੇ ਬ੍ਰਾਹਮਣਾਂ ਵਲੋਂ ਲੋਕਾਂ ਨੂੰ ਲੁੱਟਣ ਦਾ ਢੰਗ ਕੱਢਿਆ ਹੈ। ਹਿੰਦੂ ਸਮਾਜ ਵਿਚ ਸਵਰਗ ਅਤੇ ਨਰਕ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਬ੍ਰਾਹਮਣਵਾਦੀ ਪਰੰਪਰਾ ਅਨੁਸਾਰ ਕਿ ਮਰਨ ਦੇ ਬਾਅਦ ਮਨੁੱਖ ਨੂੰ ਸਵਰਗ ਜਾਂ ਨਰਕ ਮਿਲਦਾ ਹੈ। ਇਹ ਸਵਰਗ-ਨਰਕ ਕਰਮਾਂ ਅਨੁਸਾਰ ਨਿਸਚਿਤ ਕੀਤਾ ਜਾਂਦਾ ਹੈ। ਹਿੰਦੂ ਸਮਾਜ ਵਿਚ ਇਕ ਪ੍ਰਾਣੀ 16 ਸੰਸਕਾਰਾਂ ਤੋਂ ਹੋ ਕੇ ਗੁਜ਼ਰਦਾ ਹੈ। ਗਰਭਧਾਨ ਤੋਂ ਹੋ ਕੇ ਜਨਮ, ਵਿਦਿਆ, ਵਿਆਹ, ਵਾਨਪ੍ਰਸਤ, ਸੰਨਿਆਸ, ਮੌਤ ਆਦਿ 16 ਸੰਸਕਾਰਾਂ ਤੋਂ ਲੈ ਕੇ ਇਕ ਹਿੰਦੂ ਦਾ ਜੀਵਨ ਗੁਜ਼ਰਦਾ ਹੈ। 16 ਸੰਸਕਾਰਾਂ 'ਤੇ ਵਿਧੀਗਤ ਸਮਾਗਮਾਂ ਦਾ ਆਯੋਜਨ ਹੁੰਦਾ ਹੈ। ਹਵਨ, ਯੱਗ, ਕੀਰਤਨ ਅਤੇ ਬ੍ਰਾਹਮਣਾਂ ਨੂੰ ਦਾਨ ਦਖਸ਼ਣਾ ਦਾ ਕਾਰਜ ਕੀਤਾ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣਵਾਦੀ ਸੰਸਕਾਰਾਂ ਨੂੰ ਸਾਫ ਰੱਦ ਕੀਤਾ ਹੈ, ਉਨ੍ਹਾਂ ਦਾ ਫੁਰਮਾਨ ਹੈ ਕਿ ਪੂਜਾ, ਵਰਤ, ਤਿਲਕ, ਇਸ਼ਨਾਨ, ਪੁੰਨ ਦਾਨ ਕਰਨ ਨਾਲ ਮਨੁੱਖ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ :

*ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥*
*ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੭੪)



ਇਹ 16 ਸੰਸਕਾਰ ਅੰਧ ਵਿਸ਼ਵਾਸ, ਪਖੰਡ ਦੇ ਆਧਾਰ ਹਨ ਜੋ ਬ੍ਰਾਹਮਣਵਾਦ ਦੇ ਅੰਗ ਹਨ। ਇਨ੍ਹਾਂ ਰਾਹੀਂ ਬ੍ਰਾਹਮਣਵਾਦ ਵੱਧ ਫੁੱਲ ਰਿਹਾ ਹੈ ਅਤੇ ਸਾਧਾਰਨ ਮਨੁੱਖ ਉਸ ਦੀ ਜਕੜ ਵਿਚ ਜਕੜਿਆ ਤ੍ਰਾਹ-ਤ੍ਰਾਹ ਕਰ ਰਿਹਾ ਹੈ, ਕਿਉਂਕਿ ਬ੍ਰਾਹਮਣਵਾਦ ਦੀ ਲੁੱਟ ਏਨੀ ਭਿਆਨਕ ਹੈ ਕਿ ਗਰੀਬ ਵਿਅਕਤੀ ਉਸ ਨੂੰ ਦਾਨ ਦੇ ਕੇ ਉਜਾੜੇ ਦੇ ਰਾਹੇ ਪੈਂਦਾ ਹੈ। ਵੇਦ ਸ਼ਾਸਤਰ, ਪੁਰਾਣ, ਧਰਮ ਸੂਤਰ, ਸ੍ਰਿਮਰਤੀਆਂ, ਮਹਾਂਭਾਰਤ, ਤੁਲਸੀ ਰਮਾਇਣ ਆਦਿ ਸਭ ਦੇ ਸਭ ਬ੍ਰਾਹਮਣਵਾਦੀ ਸ਼ਸਤਰ ਹਨ। ਇਨ੍ਹਾਂ ਸ਼ਾਸਤਰਾਂ ਵਿਚ ਬ੍ਰਾਹਮਣਵਾਦ ਦੇ ਸੂਤਰ ਲਿਖੇ ਗਏ ਹਨ ਅਤੇ ਜਦ ਕਈ ਕਿਸੇ ਬ੍ਰਾਹਮਣਵਾਦੀ ਪਰੰਪਰਾ, ਪ੍ਰਥਾ, ਸੰਸਕਾਰ, ਵਰਤ, ਪੁਰਬ, ਤਿਉਹਾਰ 'ਤੇ ਸ਼ੰਕਾ ਖੜੀ ਹੋ ਜਾਂਦੀ ਹੈ ਤਾਂ ਇਨ੍ਹਾਂ ਸ਼ਾਸਤਰਾਂ ਨੂੰ ਅਥਾਰਟੀ ਦੇ ਰੂਪ ਵਿਚ ਪ੍ਰਮਾਣ ਸਰੂਪ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਸ਼ਾਸਤਰਾਂ ਵਿਚ ਹਰ ਵਾਕ ਨੂੰ ਈਸ਼ਵਰ ਦੀ ਕਿਰਤ ਅਤੇ ਈਸ਼ਵਰ ਦੀ ਬਾਣੀ ਮੰਨਿਆ ਜਾਂਦਾ ਹੈ। ਬ੍ਰਾਹਮਣਵਾਦ ਨੇ ਲੋਕਾਂ ਵਿਚ ਇਹ ਭਾਵਨਾ ਭਰੀ ਕਿ ਇਨ੍ਹਾਂ ਗ੍ਰੰਥਾਂ ਨੂੰ ਮੰਨਣ 'ਚ ਹੀ ਮਨੁੱਖ ਦਾ ਕਲਿਆਣ ਹੈ।

ਇਨ੍ਹਾਂ ਸ਼ਾਸਤਰਾਂ ਵਿਚ ਪ੍ਰਮੁੱਖ ਤੌਰ 'ਤੇ ਬ੍ਰਾਹਮਣ ਦੀ ਉਤਮਤਾ, ਦਲਿਤ ਦੀ ਨਿੰਦਾ, ਨਾਰੀ ਦਾ ਅਪਮਾਨ, ਪਖੰਡ, ਛੂਆ-ਛਾਤ, ਅੰਧ-ਵਿਸ਼ਵਾਸ, ਭ੍ਰਿਸ਼ਟਾਚਾਰ, ਵਿਭਚਾਰ, ਜਾਦੂਈ ਕ੍ਰਿਸ਼ਮਿਆਂ ਨੂੰ ਬੜਾਵਾ ਦਿੱਤਾ ਜਾਂਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਇਹ ਲਿਖਿਆ ਗਿਆ ਹੈ ਕਿ ਜੇਕਰ ਧਰਮ ਕਰਮ ਕਰਨਾ ਹੈ ਅਤੇ ਪਾਪ ਤੋਂ ਛੁਟਕਾਰਾ ਪਾਉਣਾ ਹੈ ਤਾਂ ਬ੍ਰਾਹਮਣ ਨੂੰ ਦਾਨ ਦੇਣਾ ਚਾਹੀਦਾ। ਇਨ੍ਹਾਂ ਸ਼ਾਸਤਰਾਂ ਵਿਚ ਆਤਮਾ-ਪਰਮਾਤਮਾ, ਬ੍ਰਾਹਮਣ ਦੀ ਸਤਾ ਨੂੰ ਸਵੀਕਾਰਿਆ ਗਿਆ ਹੈ, ਸਵਰਗ, ਨਰਕ ਦਾ ਭੈਅ ਦਿਖਾਇਆ ਗਿਆ ਹੈ। ਇਨ੍ਹਾਂ ਸ਼ਾਸਤਰਾਂ ਦੀ ਭਾਸ਼ਾ ਸੰਸਕ੍ਰਿਤ ਹੈ, ਜਿਸ ਨੂੰ ਕੇਵਲ ਪ੍ਰੋਹਿਤ ਪੜ੍ਹ ਸਕਦੇ ਹਨ, ਆਮ ਜਨਤਾ ਨਹੀਂ ਪੜ੍ਹ ਸਕਦੀ। ਕੋਈ ਵੀ ਗ੍ਰੰਥ ਕਿਸ ਸੰਨ ਵਿਚ ਲਿਖਿਆ ਗਿਆ ਅਤੇ ਪਹਿਲੀ ਵਾਰ ਕਿਸ ਪ੍ਰਕਾਸ਼ਕ ਨੇ ਪ੍ਰਕਾਸ਼ਿਤ ਕੀਤਾ ਇਹ ਕਿਸੇ ਵੀ ਸ਼ਾਸਤਰ ਵਿਚ ਨਹੀਂ ਲਿਖਿਆ ਗਿਆ। ਇਸ ਪਿੱਛੇ ਇਹੀ ਆਧਾਰ ਰਿਹਾ ਹੈ ਕਿ ਥੋੜੇ ਸਮੇਂ ਬਾਅਦ ਇਨ੍ਹਾਂ ਹਜ਼ਾਰਾਂ ਸਾਲ ਪੁਰਾਣਾ ਦੱਸਿਆ ਜਾ ਸਕਦਾ ਹੈ। ਕਿਸ ਸ਼ਾਸਤਰ ਦਾ ਕੌਣ ਰਚਨਹਾਰ ਹੈ, ਇਹ ਵੀ ਉਲੇਖ ਨਹੀਂ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਵੇਦ, ਕਤੇਬ, ਸਿਮਰਤੀਆਂ, ਸ਼ਾਸਤਰਾਂ ਨੂੰ ਮਨੁੱਖਤਾ ਵਿਰੋਧੀ ਦੱਸਦਿਆਂ ਕਿਹਾ ਹੈ ਕਿ ਇਸ ਨੂੰ ਪੜ੍ਹਨ ਨਾਲ ਮੁਕਤੀ ਨਹੀਂ ਮਿਲ ਸਕਦੀ। ਸਿਰਫ ਮੁਕਤੀ ਅਕਾਲ ਪੁਰਖ ਦੇ ਨਾਮ ਨਾਲ ਜੁੜ ਕੇ ਆਪਣਾ ਹਿਰਦਾ ਸ਼ੁਧ ਕਰਕੇ ਹੀ ਹੋ ਸਕਦੀ ਹੈ ;

*ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨਾ ਹੋਈ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੪੭)

ਇਹੀ ਸ਼ਾਸਤਰ ਵਿਹਲੜ, ਪਖੰਡੀ ਬ੍ਰਾਹਮਣਾਂ ਨੂੰ ਉਤਮ ਅਤੇ ਕਿਰਤੀ, ਮਿਹਨਤਕਸ਼ ਦਲਿਤ ਨੂੰ ਨੀਚ ਕਮੀਨ, ਛੋਟਾ ਹੋਣ ਦਾ ਹੁਕਮ ਦੇਂਦੇ ਹਨ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਖਤਮ ਕਰਕੇ ਉਨ੍ਹਾਂ ਦੇ ਗਲ ਵਿਚ ਗੁਲਾਮੀ ਪਾਉਂਦੇ ਹਨ ਜੋ ਕਿ ਹੁਣ ਤੱਕ ਚਲਿਆ ਆ

ਰਿਹਾ ਹੈ ਅਤੇ ਦਲਿਤ ਇਸ ਜੂਲੇ ਤੋਂ ਕਦੇ ਵੀ ਅਜ਼ਾਦ ਨਹੀਂ ਹੋ ਸਕੇ। ਸੱਚ ਤਾਂ ਇਹ ਹੈ ਕਿ ਇਹ ਸ਼ਾਸ਼ਤਰ ਭਾਰਤੀ ਸੰਵਿਧਾਨ ਵਿਰੋਧੀ ਵੀ ਹਨ। ਉਦਾਹਰਣ ਵਜੋਂ ਇਨ੍ਹਾਂ ਸ਼ਾਸ਼ਤਰਾਂ ਦੇ ਹੁਕਮਨਾਮੇ ਦੇਖਣ ਯੋਗ ਹਨ। ਮਨੂੰ ਸਿਮਰਤੀ (8/313) ਜੇਕਰ ਇਹ ਨੀਚ ਵਰਗ ਆਪਣੇ ਕੰਮ (ਸੇਵਾ ਭਾਵ ਗੁਲਾਮੀ) ਨਹੀਂ ਕਰਨਗੇ ਤਾਂ ਸਾਰੇ ਜਗਤ ਨੂੰ ਦੁਖੀ ਬਣਾ ਦੇਣਗੇ। (10/15) ਚੰਡਾਲ, ਭੰਗੀ, ਚਮਿਆਰ ਆਦਿ ਜਾਤੀਆਂ ਪਿੰਡਾਂ ਤੋਂ ਬਾਹਰ ਰਹਿਣ ਜਾਂ ਵੱਸਣ। ਇਨ੍ਹਾਂ ਦੇ ਬਰਤਨ ਬਹੁਤ ਘਟੀਆ ਹੋਣ। ਇਨ੍ਹਾਂ ਦੀ ਸੰਪਤੀ ਕੁੱਤੇ, ਗਧੇ ਤੇ ਸੂਰ ਆਦਿ ਹੋਣਗੇ। ਮੈਤਰਯਾਨੀ ਸੰਹਿਤਾ (4/113, 8) ਗੋਤਮ ਰਿਸ਼ੀ (ਅਧਿ. 12) ਵਸਿਸ਼ਠ ਸਿਮਰਤੀ (ਅਧਿ.18) ਜੇਕਰ ਸ਼ੂਦਰ ਸਵਰਨ ਇਸਤਰੀ ਨਾਲ ਭੋਗ ਕਰੇ ਤਾਂ ਰਾਜਾ ਉਸ ਦਾ ਲਿੰਗ ਕਟਵਾ ਦੇਵੇ। ਜੇਕਰ ਉਹ ਵੇਦ ਮੰਤਰ ਦਾ ਉਚਾਰਨ ਕਰੇ ਤਾਂ ਉਸ ਦੀ ਜੀਭ ਕਟਵਾ ਦੇਵੇ।

ਭਾਰਤ ਦੇ ਮਹਾਨ ਆਗੂ ਤੇ ਦਲਿਤਾਂ ਦੇ ਮਸੀਹਾ ਡਾ. ਅੰਬੇਡਕਰ ਨੇ ਇਨ੍ਹਾਂ ਸ਼ਾਸ਼ਤਰਾਂ ਦੇ ਹੁਕਮਨਾਮਿਆਂ ਨੂੰ ਰੱਦ ਵੀ ਕੀਤਾ ਹੈ। ਡਾਕਟਰ ਅੰਬੇਡਕਰ ਆਪਣੀ ਪੁਸਤਕ ਜਾਤ-ਪਾਤ ਦੀ ਬੀਜ ਨਾਸ਼ ਵਿਚ ਆਖਦੇ ਹਨ, "ਜੇ ਤੁਸੀਂ ਜਾਤ-ਪਾਤ ਸਿਸਟਮ ਵਿਚ ਪਾੜ ਲਗਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਦੇ ਵੇਦਾਂ ਅਤੇ ਸ਼ਾਸਤਰਾਂ ਨੂੰ ਬਰੂਦ ਦੇ ਗੋਲੇ ਨਾਲ ਉਡਾ ਦੇਣਾ ਹੋਵੇਗਾ, ਜੋ ਦਲੀਲ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਉਨ੍ਹਾਂ ਵੇਦਾਂ ਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਸਦਾਚਾਰ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਤੁਹਾਨੂੰ ਸ਼ਰੁਤੀਆਂ ਅਤੇ ਸਿਮਰਤੀਆਂ ਦਾ ਧਰਮ ਤਬਾਹ ਕਰਨਾ ਹੋਵੇਗਾ, ਕੋਈ ਹੋਰ ਗੱਲ ਬੇਫਾਇਦਾ ਹੋਵੇਗੀ। ਇਸ ਮਾਮਲੇ ਬਾਰੇ ਮੇਰਾ ਇਹੀ ਚੰਗੀ ਤਰ੍ਹਾਂ ਸੋਚਿਆ ਹੋਇਆ ਦ੍ਰਿਸ਼ਟੀਕੋਣ ਹੈ .....ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ ਉਹ ਹੁਕਮਨਾਮਿਆਂ ਤੇ ਪਾਬੰਦੀਆਂ ਦੀ ਵੰਡ ਤੋਂ ਛੁਟ ਹੋਰ ਕੁਝ ਨਹੀਂ। (ਹਵਾਲਾ ਲਾਹੌਰੀ ਰਾਮ ਬਾਲੀ, ਯੁੱਗ ਪੁਰਸ਼ ਡਾ. ਅੰਬੇਡਕਰ, ਪੰਨਾ 91)

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਜੇਕਰ ਦਲਿਤਾਂ ਨੇ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੁੜਨਾ ਪਵੇਗਾ, ਜੋ ਉਹਨਾਂ ਨੂੰ ਅਜ਼ਾਦੀ ਦਾ ਰਾਹ ਦਿਖਾਉਂਦੇ ਹਨ। ਸ਼ਾਸਤਰਾਂ ਦੇ ਹਰੇਕ ਹੁਕਮਨਾਮੇ ਨੂੰ ਰੱਦ ਕਰਦੇ ਹਨ ਅਤੇ ਮਨੁੱਖਤਾ ਦਾ ਸਬਕ ਪੜ੍ਹਾਉਂਦੇ ਹੋਏ ਬ੍ਰਾਹਮਣਵਾਦ ਨਾਲ ਜੂਝਣਾ ਸਿਖਾਉਂਦੇ ਹਨ।

* * *



# ਗੁਰਮਤਿ ਵਿਚਾਰਧਾਰਾ, ਮਾਨਵਵਾਦੀ ਧਰਮ ਅਤੇ ਹਿੰਦੂਤਵ

ਮਾਨਵਵਾਦੀ ਧਰਮਾਂ ਦੀ ਆਧਾਰਸ਼ਿਲਾ ਬ੍ਰਹਿਮੰਡਵਾਦੀ ਵਿਚਾਰਧਾਰਾ ਹੈ ਜੋ ਕਿ ਸਰਬੱਤ ਬਰਾਬਰੀ, ਸਰਬੱਤ ਆਜ਼ਾਦੀ, ਸਰਬੱਤ ਭਲਾਈ, ਸਰਬੱਤ ਲਈ ਨਿਆਂ 'ਤੇ ਆਧਾਰਿਤ ਹੈ। ਭਾਵੇਂ ਇਸ ਵਿਚਾਰਧਾਰਾ ਦਾ ਪ੍ਰਸਾਰ ਭਾਰਤ 'ਚ ਦ੍ਰਾਵਿੜ ਸਭਿਅਤਾ ਤੋਂ ਹੋ ਗਿਆ ਸੀ, ਪਰ ਬੁੱਧਇਜ਼ਮ, ਇਸਲਾਮ, ਸਿੱਖ ਧਰਮ, ਈਸਾਈ ਮੱਤ ਅਤੇ ਅੰਬੇਡਕਰਵਾਦ ਇਸ ਵਿਚਾਰਧਾਰਾ 'ਤੇ ਆਧਾਰਿਤ ਹਨ। ਇਨ੍ਹਾਂ ਵਿਚੋਂ ਸਿੱਖ ਧਰਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੁੱਚੇ ਦਲਿਤ ਮਹਾਂਪੁਰਖਾਂ ਦੀ ਬਾਣੀ ਸ਼ਾਮਲ ਕਰਕੇ ਅਸਲ ਅਰਥਾਂ ਵਿਚ ਮਨੁੱਖਤਾ ਨੂੰ ਪਰਿਭਾਸ਼ਤ ਕੀਤਾ ਅਤੇ ਬ੍ਰਹਿਮੰਡਵਾਦ ਦਾ ਉਸਾਰੂ ਅਤੇ ਨਿਖਰਿਆ ਚੇਹਰਾ ਪੇਸ਼ ਕੀਤਾ। ਜਿਵੇਂ ;

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ*
*ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ।*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੬੦)

ਇਸ ਅਨੁਸਾਰ ਸੰਸਾਰ ਵਿਚ ਰਹਿਣ ਵਾਲਾ ਹਰੇਕ ਜੀਵ, ਪ੍ਰਾਣੀ, ਮਿੱਤਰ ਅਤੇ ਸਾਥੀ ਹਨ ਅਤੇ ਸਾਨੂੰ ਸਭ ਨੂੰ ਮਿਲ ਕੇ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਅਕਾਲ ਉਸਤਤ' ਵਿਚ ਬ੍ਰਹਿਮੰਡਵਾਦ ਦੀ ਵਿਚਾਰਧਾਰਾ ਪੇਸ਼ ਕਰਦੇ ਹੋਏ ਮਨੁੱਖਤਾ ਨੂੰ ਇਕੋ ਜਾਤੀ ਸਮਝਦੇ ਹਨ ਅਤੇ ਮਨੁੱਖੀ ਏਕਤਾ ਵਿਚ ਵਿਸ਼ਵਾਸ ਦੇ ਧਾਰਨੀ ਹਨ ;

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ।*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ।*
*ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।*

ਕਹਿਣ ਤੋਂ ਭਾਵ ਸੰਤ-ਗੁਰੂਆਂ (ਸਿੱਖ ਵਿਚਾਰਧਾਰਾ) ਦਾ ਸਿਧਾਂਤ ਬਨਾਮ ਮਨੁੱਖੀ ਵਿਚਾਰਧਾਰਾ ਅਜਿਹਾ ਸੋਮਾ ਹੈ, ਜਿਸ ਦੇ ਅਮਲ ਵਿਚ ਸਰਬੱਤ ਦੇ ਭਲੇ ਦੀ ਸਾਰਥਕਤਾ, ਸਮੁੱਚੇ ਧਰਮਾਂ ਦੀ ਏਕਤਾ, ਸੰਸਾਰ ਵਿਚ ਸ਼ਾਂਤੀ, ਮਨੁੱਖੀ ਅਜ਼ਾਦੀ, ਭਲਾਈ ਦ੍ਰਿਸ਼ਟਮਾਨ ਹਨ। ਇਸ ਦਾ ਬ੍ਰਾਹਮਣਵਾਦ ਦੀ ਵਿਚਾਰਧਾਰਾ ਮਾਇਆਵਾਦ ਨਾਲ ਕਰੜਾ ਟਕਰਾਓ ਹੈ,

ਕਿਉਂਕਿ ਇਹ ਦੋਵੇਂ ਵਿਰੋਧੀ ਵਿਚਾਰਧਾਰਾਵਾਂ ਹਨ। ਮਾਨਵਵਾਦੀ ਧਰਮਾਂ ਦਾ ਬ੍ਰਹਿਮੰਡਵਾਦ ਮਨੁੱਖੀ ਹਿੱਤੂ ਹੈ, ਇਸ ਦੇ ਉਲਟ ਬ੍ਰਾਹਮਣਵਾਦ ਦਾ ਮਾਇਆਵਾਦ ਉੱਚ ਜਾਤੀ, ਅਮੀਰ ਸ਼੍ਰੇਣੀ, ਬਾਣੀਆਵਾਦੀ ਰੁਚੀ ਦਾ ਹਿੱਤੂ ਅਤੇ ਸ਼ੂਦਰਾਂ, ਦਲਿਤਾਂ, ਗਰੀਬਾਂ, ਦੂਸਰੇ ਧਰਮਾਂ ਅਤੇ ਇਸਤਰੀ ਜਾਤੀ ਦਾ ਵਿਰੋਧੀ ਹੈ। ਬ੍ਰਾਹਮਣਵਾਦ ਦੇ ਮਾਇਆਵਾਦ ਦਾ ਪਾਸਾਰਾ ਪੰਦਰਵੀਂ ਸਦੀ ਪੂਰਬ ਈਸਵੀ ਵਿਚ ਆਰੀਆ ਦੇ ਭਾਰਤ ਆਉਣ 'ਤੇ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਬਾਰੇ ਜਾਣਕਾਰੀ ਮਿਲਦੀ ਹੈ ਜੋ ਕਿ ਭਾਰਤ ਦੇ ਮੂਲ ਨਿਵਾਸੀ ਦ੍ਰਾਵਿੜਾਂ ਦੀ ਸਭਿਅਤਾ ਸੀ। ਇਹ ਲੋਕ ਵਰਨ ਵਿਵਸਥਾ, ਊਚ-ਨੀਚ, ਵਹਿਮਾਂ ਭਰਮਾਂ, ਅੰਧ ਵਿਸ਼ਵਾਸਾਂ ਵਿਚ ਵਿਸ਼ਵਾਸ ਕਰਨ ਦੇ ਧਾਰਨੀ ਨਹੀਂ ਸਨ ਅਤੇ ਹਾਕਮਾਂ ਤੇ ਪਰਜਾ ਵਿਚ ਆਪਸੀ ਮਿਲਵਰਤਨ ਸੀ।

ਇਹ ਲੋਕ ਪ੍ਰਗਤੀਸ਼ੀਲ, ਅਗਾਂਹਵਧੂ, ਆਤਮ-ਵਿਸ਼ਵਾਸੀ ਸਨ, ਪਰ ਆਰੀਅਨ ਲੋਕਾਂ ਨੇ ਸਾਜ਼ਿਸ਼ ਤਹਿਤ ਇਨ੍ਹਾਂ ਉਪਰ ਹਮਲਾਵਰ ਹੋ ਕੇ ਇਨ੍ਹਾਂ ਨੂੰ ਗੁਲਾਮ ਅਰਥਾਤ ਦਸਯੂ (ਦਾਸ) ਬਣਾ ਲਿਆ। ਰਿਗਵੇਦ ਦੀ ਰਚਨਾ ਉਪਰੰਤ ਚਾਰ ਵੇਦ, ਉਪਨਿਸ਼ਦ, ਛੇ ਸ਼ਾਸਤਰ, ਅਠਾਰਾਂ ਪੁਰਾਣ ਆਦਿ ਗ੍ਰੰਥ ਰਚ ਕੇ ਸਮਾਜ ਨੂੰ ਚਾਰ ਵਰਗਾਂ ਵਿਚ ਵੰਡ ਕੇ ਹਰ ਵਰਗ ਲਈ ਨਿਸਚਿਤ ਕਰਤਵ ਨੀਯਤ ਕਰ ਦਿੱਤੇ। ਇਸੇ ਰਚਨਾ ਨੂੰ ਬ੍ਰਾਹਮਣਵਾਦ ਦੇ ਮਾਇਆਵਾਦ ਦਾ ਪਸਾਰਾ ਕਿਹਾ ਜਾਂਦਾ ਹੈ ਜੋ ਕਿ ਅਕਾਲ ਪੁਰਖ ਦੇ ਵਿਧੀ ਵਿਧਾਨ 'ਬ੍ਰਹਿਮੰਡਵਾਦ' ਦਾ ਵਿਰੋਧੀ ਹੈ।

ਰਿਗਵੇਦ ਦੇ ਸ਼ਲੋਕ "ਬ੍ਰਾਹਮਣੋਸਯ ਮੁਖ ਮਾਸੀਦ ਬਾਹੂ ਰਾਜਨਯਃ ਕ੍ਰਤਃ। ਉਰੂ ਤਦਸਯ ਯਦੂ ਵੈਸ਼ਯ ਸ਼ੂਦਰੋ ਅਜਾਯਤ॥" (10/90/22) ਅਨੁਸਾਰ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ, ਕਸ਼ੱਤਰੀ ਬਾਹਾਂ ਵਿਚੋਂ ਵੈਸ਼ ਪੱਟਾਂ ਵਿਚੋਂ ਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਏ ਹਨ। ਇਨ੍ਹਾਂ ਵਰਨਾਂ ਵਿਚ ਆਪਸੀ ਮਿਲਵਰਤਨ 'ਤੇ ਪਾਬੰਦੀ ਲਗਾਈ ਗਈ ਤਾਂ ਜੋ ਲੋਕ ਫਿਰ ਇਕੱਠੇ ਹੋ ਕੇ ਬ੍ਰਾਹਮਣਵਾਦ ਦੇ ਮਾਇਆਵਾਦ ਦੇ ਪਾਸਾਰੇ ਨੂੰ ਖਤਮ ਨਾ ਕਰ ਦੇਣ। ਇਸ ਤਰ੍ਹਾਂ ਬ੍ਰਾਹਮਣਵਾਦ ਮਾਨਵ ਵਿਰੋਧੀ ਵਿਚਾਰਧਾਰਾ ਬਣ ਗਈ, ਜਿਸ ਵਿਚ ਬ੍ਰਾਹਮਣ ਸਿਰਫ ਮਨੁੱਖ ਤੋਂ ਸਰਵੋਤਮ ਹੀ ਨਹੀਂ, ਸਗੋਂ ਰੱਬ ਤੋਂ ਵੀ ਉਤਮ ਪੇਸ਼ ਕੀਤਾ ਗਿਆ ਸੀ। ਜਾਤੀ ਪਾਤੀ ਪ੍ਰਣਾਲੀ ਇਸ ਮਾਇਆਵਾਦੀ ਸਿਸਟਮ ਦਾ ਸਰੂਪ ਬਣੀ ਅਤੇ ਸ਼ੂਦਰ ਵਰਗ ਦੀ ਗੁਲਾਮ ਅਵਸਥਾ ਨੂੰ ਇਸ ਨੇ 'ਪ੍ਰਭੂ ਦੀ ਕ੍ਰਿਪਾ' ਨਾਲ ਰਲ ਗੱਡ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਸਾਹਿਬ ਨੇ ਇਸ 'ਮਾਇਆਵਾਦ' ਦੇ ਸੰਕਲਪ ਨੂੰ ਬ੍ਰਹਿਮੰਡੀ ਵਿਚਾਰਧਾਰਾ ਤਹਿਤ ਰੱਦ ਕਰਦਿਆਂ ਇਹ ਤਰਕਸ਼ੀਲ ਬਹਿਸ ਬ੍ਰਾਹਮਣਵਾਦੀ ਸਮਾਜ ਨਾਲ ਛੇੜੀ ਕਿ ਹੇ ਪੰਡਤ! ਤੂੰ ਬ੍ਰਾਹਮਣ ਕਿਥੋਂ ਦਾ ਹੈਂ? ਤੈਨੂੰ ਬ੍ਰਹਮ ਗਿਆਨ ਕਦੋਂ ਦਾ ਹੋ ਗਿਆ ਹੈ। ਤੂੰ ਆਪਣੇ ਆਪ ਨੂੰ ਬ੍ਰਹਮ ਗਿਆਨ ਦਾ ਗਿਆਤਾ ਹੋਣ ਦਾ ਦਾਅਵਾ ਕਰਕੇ ਆਪਣੀ ਬੇਅਕਲੀ ਦਾ ਸਬੂਤ ਕਿਉਂ ਦੇ ਰਿਹਾ ਹੈਂ? ਜੇ ਤੂੰ ਸੱਚਮੁੱਚ ਬ੍ਰਾਹਮਣੀ ਦਾ ਪੁੱਤਰ ਹੈਂ ਤੇ ਪਵਿੱਤਰ ਹੈਂ ਤਾਂ ਹੋਰ ਕਿਸੇ ਥਾਂ ਤੋਂ ਕਿਉਂ ਨਹੀਂ ਆਇਆ? ਫਿਰ ਤੇਰੇ ਤੇ ਸਾਡੇ ਵਿਚ ਕੀ ਫਰਕ ਹੈ? ਤੂੰ ਕਿਥੋਂ ਦਾ ਬ੍ਰਾਹਮਣ ਹੈ ਅਤੇ ਅਸੀਂ ਸ਼ੂਦਰ ਕਿਵੇਂ ਹਾਂ?



ਕੀ ਤੇਰੇ ਵਿਚੋਂ ਦੁੱਧ ਵਗਦਾ ਹੈ ਅਤੇ ਸਾਡੇ ਵਿਚੋਂ ਲਹੂ ;

*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥*
*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੨੪)

ਉਪਰੋਕਤ ਸਲੋਕ ਤੋਂ ਸਾਫ ਸਪੱਸ਼ਟ ਹੈ ਕਿ ਜਾਤੀ ਪਾਤੀ ਸਿਸਟਮ ਪ੍ਰਭੂ ਦੀ ਕ੍ਰਿਪਾ ਦੀ ਦੇਣ ਨਹੀਂ, ਬ੍ਰਾਹਮਣਵਾਦ ਦੇ ਮਾਇਆਵਾਦ ਦਾ ਢਕਵੰਜ ਹੈ ਅਤੇ ਸ਼ੈਤਾਨੀਅਤ ਹੈ, ਜਿਸ ਤੋਂ ਮਨੁੱਖੀ ਅਧਿਕਾਰਾਂ ਵਿਰੋਧੀ ਵੱਡੀ ਕੋਈ ਉਦਾਹਰਣ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲ ਸਕਦੀ। ਇਸ ਮਾਇਆਵਾਦੀ ਪ੍ਰਭਾਵ ਕਾਰਣ ਸਮਾਜ ਏਕਤਾ ਤੋਂ ਰਹਿਤ ਹੋ ਗਿਆ, ਵਿਦੇਸ਼ੀਆਂ ਦਾ ਗੁਲਾਮ ਬਣ ਗਿਆ, ਇਸਤਰੀ ਜਾਤੀ ਦੀ ਮਰਿਯਾਦਾ ਭੰਗ ਹੋ ਗਈ, ਮਨੁੱਖੀ ਅਜ਼ਾਦੀ ਖਤਮ ਹੋ ਗਈ, ਸਮਾਜ ਵਿਚ ਰਾਸ਼ਟਰੀ ਭਾਵਨਾ ਖਤਮ ਹੋ ਗਈ ਅਤੇ ਕਿਰਤ ਅਤੇ ਸਰਮ ਦੀ ਮਰਿਯਾਦਾ ਤਹਿਸ ਨਹਿਸ ਹੋ ਗਈ। ਭਾਵੇਂ ਇਸ ਦੇ ਖਿਲਾਫ ਬੁੱਧਇਜ਼ਮ, ਸੰਤ-ਗੁਰੂ ਵਿਚਾਰਧਾਰਾ (ਸਿੱਖ ਧਰਮ) ਅਤੇ ਅੰਬੇਡਕਰਇਜ਼ਮ ਵਲੋਂ ਧਰਮ-ਯੁੱਧ ਲੜੇ ਗਏ ਹਨ, ਪਰ ਇਸ ਮਾਇਆਵਾਦ ਦਾ ਪ੍ਰਭਾਵ ਜਿਉਂ ਦਾ ਤਿਉਂ ਹੈ।

ਬ੍ਰਾਹਮਣਵਾਦ ਦੇ ਮਾਇਆਵਾਦ ਦਾ ਅਰਥ ਸਿਰਫ ਪੈਸੇ 'ਤੇ ਕਬਜ਼ਾ ਨਹੀਂ ਹੁੰਦਾ, ਬਲਕਿ ਆਪਣੀ ਆਜ਼ਾਦੀ ਅਤੇ ਦੂਸਰਿਆਂ ਦੀ ਗੁਲਾਮੀ, ਦੂਸਰਿਆਂ ਦੇ ਧਰਮਾਂ, ਸਭਿਆਚਾਰਾਂ ਉੱਤੇ ਆਪਣਾ ਕਬਜ਼ਾ, ਮਨੁੱਖੀ ਅਧਿਕਾਰਾਂ ਵਿਰੋਧੀ ਪਹੁੰਚ, ਝੂਠ-ਕਪਟ ਅਤੇ ਹਿੰਸਾ ਦਾ ਪਾਸਾਰਾ, ਇਤਿਹਾਸ ਦੀ ਥਾਂ ਮਿਥ ਦਾ ਸਹਾਰਾ, ਕਰਮਕਾਂਡ, ਅਡੰਬਰ, ਵਹਿਮ ਭਰਮ, ਅੰਧ ਵਿਸ਼ਵਾਸ ਹੁੰਦਾ ਹੈ, ਜਿਸ ਨੂੰ ਧਰਮ ਦਾ ਨਾਂ ਦੇ ਕੇ ਅਧਰਮ ਪਸਾਰਿਆ ਜਾਂਦਾ ਹੈ ਅਤੇ ਮਨੁੱਖਤਾ ਵਿਚ ਵੰਡੀਆਂ ਪਾਈਆਂ ਜਾਂਦੀਆਂ ਹਨ। ਅਵਤਾਰਵਾਦ, ਪ੍ਰੋਹਿਤਵਾਦ, ਵਰਨਵੰਡ ਦਾ ਸਿਧਾਂਤ ਬ੍ਰਾਹਮਣਵਾਦ ਦੀ ਮਾਇਆ ਦੇ ਤਿੰਨ ਪ੍ਰਮੁੱਖ ਅੰਗ ਹਨ ਜੋ ਕਿ ਸਮਾਜ ਨੂੰ ਐਯਾਸ਼, ਜਾਹਿਲ, ਕਾਇਰ, ਅਨੈਤਿਕ, ਵਿਭਚਾਰੀ, ਅਸਭਿਅਕ ਅਤੇ ਅਸਿਖਿਅਤ ਬਣਾ ਰਹੇ ਹਨ।

ਅਵਤਾਰਵਾਦ ਮਨੁੱਖ ਨੂੰ ਕਰੋੜਾਂ ਦੇਵੀ, ਦੇਵਤਿਆਂ ਦੀ ਪੂਜਾ ਦੇ ਭਿਅੰਕਰ ਚੱਕਰਵਿਊ ਵਿਚ ਜਕੜਨ ਦਾ ਸਾਧਨ ਹੈ ਜੋ ਕਿ ਮਨੁੱਖ ਨੂੰ ਕਿਸਮਤਵਾਦੀ, ਅੰਧਵਿਸ਼ਵਾਸੀ ਅਤੇ ਡਰਪੋਕ ਬਣਾ ਦਿੰਦਾ ਹੈ। ਵੇਦਾਂ, ਸ਼ਾਸਤਰਾਂ, ਸਿਮਰਤੀਆਂ, ਮਹਾਂਭਾਰਤ, ਤੁਲਸੀ ਰਮਾਇਣ, ਮਨੂੰ ਸਿਮਰਤੀ ਆਦਿ ਜੋ ਕਿ ਬ੍ਰਾਹਮਣਵਾਦ ਦੀ ਮਾਇਆ ਦੇ ਪਸਾਰੇ ਦੇ ਵਿਚਾਰਧਾਰਕ ਹਥਿਆਰ ਹਨ, ਉਨ੍ਹਾਂ ਵਿਚ ਦੇਵੀ-ਦੇਵਤਿਆਂ ਸੰਬੰਧੀ ਅਸ਼ਲੀਲ ਵਰਣਨ ਉਪਲਬਧ ਹਨ, ਜਿਸ ਦਾ ਅਸਲੀ ਜੀਵਨ ਨਾਲ ਕੋਈ ਸੰਬੰਧ ਨਹੀਂ। ਸ੍ਰੀ ਮਦਭਗਵਦ (ਸੰਕਧ 1 ਅ-20) (35-39) - ਇੰਦਰ ਆਦਿ ਦੇਵਤਿਆਂ ਦੇ ਗੁਰੂ ਬ੍ਰਹਿਸਪਤੀ ਨੇ ਆਪਣੇ ਹੀ ਭਾਈ ਦੀ ਗਰਭਵਤੀ ਔਰਤ ਮਮਤਾ ਨਾਲ ਜਬਰਦਸਤੀ ਸੰਭੋਗ ਕੀਤਾ।

ਮਹਾਂ ਭਾਰਤ (ਆਦਿ ਪਰਵ ਅ - 63, 95-96) ਦੇਵਤਿਆਂ ਦੇ ਪਿਤਾ ਮਹਾਂਰਿਸ਼ੀ

(ਬ੍ਰਾਹਮਣ) ਪਰਾਸ਼ਰ ਨੇ ਯਮੁਨਾ ਨਦੀ ਪਾਰ ਕਰ ਰਹੀ ਸਤਿਆਵਤੀ ਨਾਲ ਉਸ ਦੇ ਲੱਖ ਮਨਾ ਕਰਨ 'ਤੇ ਵੀ ਭੋਗ ਕੀਤਾ। ਸਤਿਆਵਤੀ ਨੇ ਇਹ ਵੀ ਕਿਹਾ ਕਿ ਉਹ ਉਸ ਦੀ ਲੜਕੀ ਦੇ ਸਮਾਨ ਹੈ।

ਰਿਗਵੇਦ (10, 5-61/6) ਵਿਚ ਪਰਜਾਪਤੀ ਦੇ ਹੀ ਆਪਣੀ ਪੁੱਤਰੀ ਊਸ਼ਾ ਨਾਲ ਕਾਮ ਸੰਬੰਧ ਦੱਸੇ ਗਏ ਹਨ, ਜਿਸ ਤੋਂ ਰੁਦਰ ਦੇਵਤਾ ਪੈਦਾ ਹੋਇਆ। ਕਥਾ ਇਸ ਤਰ੍ਹਾਂ ਹੈ : ਜਦੋਂ ਪੁੱਤਰੀ ਪਿਤਾ ਤੋਂ ਡਰ ਕੇ ਭੱਜੀ ਤਾਂ ਪਿਤਾ ਪਿੱਛਾ ਕਰਨ ਲੱਗਿਆ। ਊਸ਼ਾ ਕਈ ਪ੍ਰਕਾਰ ਦੇ ਮਾਦਾ ਜਾਨਵਰਾਂ ਦਾ ਰੂਪ ਧਾਰਨ ਕਰਦੀ ਰਹੀ, ਪ੍ਰੰਤੂ ਪਿਤਾ ਵੀ ਉਸ ਜਾਨਵਰ ਦੇ ਨਰ ਰੂਪ ਵਿਚ ਪ੍ਰਗਟ ਹੋਣ ਲੱਗੇ ਅਤੇ ਅੰਤ ਮਨੋਰਥ ਪੂਰਾ ਕਰ ਹੀ ਲਿਆ।

ਬੁੱਧਇਜ਼ਮ, ਗੁਰਬਾਣੀ ਅਤੇ ਅੰਬੇਡਕਰਇਜ਼ਮ ਵਿਚ ਇਨ੍ਹਾਂ ਬ੍ਰਾਹਮਣੀ ਗ੍ਰੰਥਾਂ ਨੂੰ ਰੱਦ ਕਰਕੇ ਮਨੁੱਖ ਨੂੰ ਬ੍ਰਹਿਮੰਡੀ ਚੇਤਨਾ ਨਾਲ ਜੋੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਅਨੁਸਾਰ ਜੋ ਮਨੁੱਖ ਸ਼ਾਸਤਰ ਵੇਦ ਪੜ੍ਹ ਕੇ, ਵਿਚਾਰ ਕਰਕੇ ਅਮਲੀ ਜ਼ਿੰਦਗੀ ਦਾ ਅੰਗ ਬਣਾਉਂਦਾ ਹੈ, ਉਹ ਪਖੰਡ, ਮੈਲ ਵਿਚ ਗ੍ਰਸਿਆ ਜਾਂਦਾ ਹੈ, ਉਸ ਦੀ ਮਾਨਸਿਕਤਾ ਕਪਟ ਨਾਲ ਜੁੜ ਜਾਂਦੀ ਹੈ ;

*ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥*
*ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੩੫)

ਡਾ. ਅੰਬੇਡਕਰ ਇਸੇ ਲਈ ਆਖਦੇ ਹਨ ਕਿ "ਤੁਹਾਨੂੰ ਉਸੇ ਅਸੂਲ ਉਪਰ ਡੱਟ ਕੇ ਖੜਾ ਹੋਣਾ ਪਵੇਗਾ ਜਿਸ ਉੱਤੇ ਤਥਾਗਤ ਬੁੱਧ ਡੱਟ ਕੇ ਖਲੋਤੇ ਸਨ। ਤੁਹਾਨੂੰ ਉਸੇ ਅਸੂਲ 'ਤੇ ਡਟ ਕੇ ਖੜੇ ਹੋਣਾ ਪਵੇਗਾ, ਜਿਸ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਡਟ ਕੇ ਖਲੋਤੇ ਸਨ। ਤੁਹਾਨੂੰ ਕੇਵਲ ਇਹ ਹੀ ਨਹੀਂ ਕਰਨਾ ਚਾਹੀਦਾ ਕਿ ਸ਼ਾਸਤਰਾਂ ਨੂੰ ਛੱਡ ਦਿੱਤਾ ਜਾਵੇ, ਸਗੋਂ ਤੁਹਾਨੂੰ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਨ੍ਹਾਂ ਸ਼ਾਸਤਰਾਂ ਦੇ ਹੁਕਮਾਂ ਨੂੰ ਗਲਤ ਕਹਿਣਾ ਚਾਹੀਦਾ ਹੈ।" (ਜਾਤ-ਪਾਤ ਦੇ ਬੀਜ ਨਾਸ਼, ਪੰਨਾ 92)

ਬ੍ਰਾਹਮਣਵਾਦ ਨੇ ਬ੍ਰਹਮਾ, ਵਿਸ਼ਨੂੰ ਪ੍ਰਮੁੱਖ ਦੇਵੀਆਂ ਪਾਰਬਤੀ, ਬ੍ਰਾਹਮਚਾਰਨੀ ਚੰਦਰ ਘੰਟਾ, ਕੁਸ਼ਮਾਂਡਾ, ਸਕੰਦ ਮਾਤਾ, ਕਾਡ ਯਾਥਿਨੀ, ਕਾਲ ਰਾਤਰੀ, ਮਹਾਂਗੋਰੀ, ਸਿਧ ਦਾਤਰੀ, ਸਰਸਵਤੀ, ਸ਼ੈਲ ਪੁੱਤਰੀ, ਲਕਸ਼ਮੀ ਆਦਿ ਨੂੰ ਪ੍ਰਮੁੱਖਤਾ ਦਿੱਤੀ ਅਤੇ ਬਾਕੀ ਦੇਵੀ-ਦੇਵਤੇ ਇਨ੍ਹਾਂ ਦੇ ਅਧੀਨ ਸਿਰਜੇ ਹਨ। ਦੇਵੀ-ਦੇਵਤਿਆਂ ਦੀ ਪੂਜਾ ਮਨੁੱਖ ਨੂੰ ਅਕਾਲ ਪੁਰਖ ਅਥਵਾ ਨਿਰੰਕਾਰ ਤੋਂ ਤੋੜਦੀ ਹੈ ਅਤੇ ਮਨੁੱਖ ਦੀ ਮਾਨਸਿਕਤਾ ਨੂੰ ਭਰਮ ਜਾਲਾਂ ਅਤੇ ਅਡੰਬਰਾਂ ਵਿਚ ਫਸਾਉਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲੋਕਾਈ ਨੂੰ ਦੇਵੀ-ਦੇਵਤਿਆਂ ਦੇ ਮਾਇਆ ਜਾਲ ਨੂੰ ਰੱਦ ਕਰਕੇ ੧ਓਂ ਦੇ ਬ੍ਰਹਿਮੰਡੀਕਰਨ ਨਾਲ ਜੋੜਿਆ ਅਤੇ ਦੱਸਿਆ ਅਕਾਲ ਪੁਰਖ ਸਰਬ ਸ਼ਕਤੀਮਾਨ, ਅਜੂਨੀ, ਨਿਰਭਉ, ਨਿਰਵੈਰ, ਅਕਾਲ ਮੂਰਤ ਹੈ, ਪਰ ਇਸ ਦੇ ਉਲਟ ਕਿਸ਼ਨ, ਰਾਮ, ਅਨੇਕਾਂ ਦੇਵੀ ਦੇਵਤੇ, ਵੇਦ ਵਿਚਾਰ ਸਭ ਧੂੜ ਸਮਾਨ ਹਨ ਅਤੇ ਭਰਮ ਭਾਉ ਵਿਚ ਗ੍ਰਸੇ ਹੋਏ ਹਨ ;



*ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥*
*ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੬੪)

ਇਸ ਤਰ੍ਹਾਂ ਬ੍ਰਾਹਮਣਵਾਦ ਦਾ ਅਵਤਾਰਵਾਦ ਝੂਠ, ਪਖੰਡ ਅਤੇ ਮਾਇਆਵਾਦ ਦੇ ਉਪਰ ਉਸਰਿਆ ਹੋਇਆ ਹੈ ਜੋ ਕਿ ਮਨੁੱਖ ਨੂੰ ਭਰਮ ਜਾਲਾਂ, ਡਰ, ਅਡੰਬਰ, ਕਰਮਕਾਡਾਂ ਵਿਚ ਫਸਾਉਂਦਾ ਹੈ, ਜਦ ਕਿ ਇਸ ਦੇ ਉਲਟ ਗੁਰਮਤਿ ਦੇ ਸੰਤ- ਗੁਰੂਆਂ ਦਾ 'ਅਕਾਲ ਪੁਰਖ' ਸੰਕਲਪ ਬ੍ਰਹਿਮੰਡੀ ਚੇਤਨਾ ਦਾ ਪ੍ਰਤੀਨਿਧ ਹੈ ਜੋ ਕਿ ਮਨੁੱਖ ਨੂੰ ਭਰਮ, ਡਰ, ਅਡੰਬਰ ਕਰਮਕਾਂਡ ਅਤੇ ਝੂਠ ਆਦਿ ਤੋਂ ਰਹਿਤ ਕਰਕੇ ਮਨੁੱਖੀ ਮਨ ਨੂੰ ਠਾਰਦਾ ਹੈ ਅਤੇ ਆਤਮਿਕ ਆਨੰਦ ਪ੍ਰਦਾਨ ਕਰਦਾ ਹੈ। ਬ੍ਰਾਹਮਣਵਾਦ ਦਾ ਮਾਇਆਵਾਦ ਦਾ ਦੂਜਾ ਅੰਗ ਪ੍ਰੋਹਿਤਵਾਦ ਹੈ, ਜਿਸ ਦੀ ਉਤਪਤੀ ਸੂਰਜ, ਚੰਦਰਮਾ, ਦਰਖਤ, ਪੱਥਰਾਂ, ਪਿਤਰਾਂ ਦੀ ਪੂਜਾ ਤੋਂ ਹੋਈ। ਇਸ ਪੂਜਾ ਦੀ ਆਧਾਰ ਸ਼ਿਲਾ ਬ੍ਰਾਹਮਣਵਾਦ ਦੀ ਪੇਟ ਪੂਜਾ ਹੈ ਜੋ ਕਿ ਜਜਮਾਨਾਂ ਦੁਆਰਾ ਭੇਟਾ ਜਾਂ ਦਖਸ਼ਨਾ ਦੇ ਰੂਪ ਵਿਚ ਨਿਰੰਤਰ ਚਲਦੀ ਰਹਿੰਦੀ ਹੈ। ਜਾਂ ਇੰਝ ਆਖ ਲਓ ਕਿ ਇਹ ਪ੍ਰੋਹਿਤਵਾਦ ਦਾ ਜੀਵਨ ਨਿਰਬਾਹ ਹੈ। ਇਸ ਸੰਬੰਧ ਵਿਚ ਉਸ ਨੇ ਇਸ ਹੱਕ ਵਿਚ ਅਨੇਕਾਂ ਗ੍ਰੰਥ ਰਚ ਕੇ ਇਸ ਨੂੰ ਪ੍ਰਭੂ ਦੀ ਰਚਨਾ ਕਰਾਰ ਦੇ ਕੇ ਵਿਸ਼ਾਲ ਕਰਮਕਾਂਡ ਪ੍ਰਣਾਲੀ ਹੀ ਨਹੀਂ ਪੈਦਾ ਕਰ ਦਿੱਤੀ, ਸਗੋਂ ਜਨਮ ਤੋਂ ਮਰਨ ਤੱਕ ਕੀਤੀਆਂ ਜਾਂਦੀਆਂ ਰਸਮਾਂ ਵਿਚ ਆਪਣੀ ਹਾਜ਼ਰੀ ਜ਼ਰੂਰੀ ਪ੍ਰਵਾਨ ਕਰਵਾ ਕੇ ਆਪਣੇ ਲਈ ਜਜਮਾਨਾਂ ਤੋਂ ਦਾਨ ਲੈਣਾ ਪਵਿੱਤਰ ਕਾਰਜ ਪ੍ਰਵਾਨ ਕਰਵਾ ਲਿਆ। ਇਸ ਸੰਬੰਧ ਵਿਚ ਉਸ ਨੇ ਨਰਕ ਸੁਰਗ, ਪੁੰਨ, ਪਾਪ, ਯਗ, ਜੰਤਰ, ਮੰਤਰ, ਦਾਨ ਦਖਸ਼ਨਾ ਵਰਗੇ ਅਨੇਕਾਂ ਭਰਮ ਅਤੇ ਝੂਠ 'ਰੂਹਾਨੀ' ਸੱਚ ਦੇ ਰੂਪ ਵਿਚ ਸਿਰਜ ਦਿੱਤੇ ਜੋ ਕਿ ਮਨੁੱਖੀ ਜੀਵਨ ਦੇ ਵਿਕਾਸ ਵਿਚ ਰੁਕਾਵਟ ਬਣ ਗਏ ਹਨ।

ਪਰ ਸੰਤ-ਗੁਰੂਆਂ ਦਾ ਬ੍ਰਹਿਮੰਡੀ ਸਿਧਾਂਤ ਬ੍ਰਾਹਮਣਵਾਦ ਨੂੰ ਦਿੱਤੇ ਦਾਨ, ਸਵਰਗ, ਨਰਕ, ਜੰਤਰ-ਮੰਤਰ, ਯੱਗ ਆਦਿ ਅਡੰਬਰਾਂ ਸਭ ਨੂੰ ਰੱਦ ਕਰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪੰਡਤ, ਜੋਤਸ਼ੀ ਸਭ ਗ੍ਰੰਥ ਪੜ੍ਹ ਪੜ੍ਹ ਕੇ ਰਾਮ ਦਾ ਨਾਂ ਲੈ ਕੇ ਚੀਖ ਪੁਕਾਰ ਕਰਦੇ ਹਨ, ਪਰ ਉਨ੍ਹਾਂ ਦੀ ਮਾਨਸਿਕਤਾ ਮਾਇਆ, ਮੋਹ ਨਾਲ ਗਲਤਾਨ ਹੋਈ ਹੈ, ਕਿਉਂਕਿ ਉਹ ਧਰਮ ਦੇ ਨਾਂ 'ਤੇ ਵਪਾਰ ਕਰ ਰਹੇ ਹਨ ;

*ਪੰਡਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥*
*ਮਾਇਆ ਮੋਹੁ ਅੰਤਰਿ ਮਲੁ ਲਾਗੇ ਮਾਇਆ ਕੇ ਵਾਪਾਰਾ ਰਾਮ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੭੧)

ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਾਹਮਣਵਾਦ ਦੇ ਬਣਾਏ ਤਿਲਕ, ਇਸ਼ਨਾਨ, ਪੁੰਨ, ਪਾਪ, ਅਨੇਕਾਂ ਤਰ੍ਹਾਂ ਦੇ ਦਾਨ ਆਦਿ ਅਡੰਬਰੀ ਕਰਮਕਾਡਾਂ 'ਤੇ ਕਿੰਤੂ ਕਰਦੇ ਹੋਏ ਆਖਦੇ ਹਨ ਕਿ ਇਹ ਸਭ ਅਰਥਹੀਣ ਹਨ ਅਤੇ ਇਸ ਨਾਲ ਪ੍ਰਭੂ ਪ੍ਰਸੰਨ ਨਹੀਂ ਹੋ ਸਕਦਾ;

*ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥*

*ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੭੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬ੍ਰਾਹਮਣ' ਨੂੰ ਦਾਨ ਦੇਣ ਦੀ ਥਾਂ ਲੋੜਵੰਦ ਨੂੰ ਦਾਨ ਦੇਣ ਦਾ ਉਪਦੇਸ਼ ਦਿੰਦੇ ਹਨ ;

*ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨਾ ਲਾਗਤ ਨੀਕੋ ॥*

ਸਿੱਖ ਧਰਮ ਦਾ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦਾ ਸਿਧਾਂਤ ਬ੍ਰਾਹਮਣ ਨੂੰ ਦਾਨ ਦੇਣ ਦੀ ਰੀਤ ਨੂੰ ਰੱਦ ਕਰਦਾ ਹੈ। ਇਸ ਬ੍ਰਹਿਮੰਡੀ ਧਰਮ ਵਿਚ ਵਿਹਲੜ ਪੀਰ, ਫਕੀਰ, ਸਾਧ ਅਰਥਾਤ ਪ੍ਰੋਹਿਤਵਾਦ ਲਈ ਕੋਈ ਥਾਂ ਨਹੀਂ। *'ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥'* ਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਇਸ ਸੰਬੰਧ ਵਿਚ ਵਿਸ਼ੇਸ਼ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ *'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ'॥* ਅਨੁਸਾਰ ਅਕਾਲ ਪੁਰਖ ਦਾ ਮਾਰਗ ਉਹੀ ਪਛਾਣ ਸਕਦੇ ਹਨ ਜੋ ਲਹੂ ਪਸੀਨੇ ਦੀ ਕਮਾਈ ਕਰਦੇ ਹਨ ਅਤੇ ਉਸ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ। ਕਿਰਤ ਦਾ ਸੰਬੰਧ ਉਦਮ ਨਾਲ ਹੈ ਅਤੇ ਇਹ ਮਿਹਨਤ, ਅਣਖ ਅਤੇ ਗੌਰਵ ਦਾ ਪ੍ਰਤੀਕ ਹੈ। ਮਿਹਨਤ ਤੇ ਗੌਰਵ ਵਿਚ ਯਕੀਨ ਰੱਖਣ ਵਾਲਾ ਇਹ ਬ੍ਰਹਿਮੰਡੀ ਧਰਮ ਸਿੱਖ ਧਰਮ ਬ੍ਰਾਹਮਣਵਾਦ ਦੀ ਸਰਬਉੱਚਤਾ ਤੇ ਪ੍ਰੋਹਿਤਵਾਦ ਨੂੰ ਦਾਨ ਨਾਲ ਪਾਲਣ ਵਿਚ ਬਿਲਕੁਲ ਵਿਸ਼ਵਾਸ ਨਹੀਂ ਰੱਖਦਾ ਅਤੇ ਅਜਿਹੇ ਸ਼ੋਸ਼ਣ ਦੀ ਸਿੱਖ ਜੀਵਨ ਵਿਚ ਸਖਤ ਮਨਾਹੀ ਹੈ। ਬੁੱਧ ਮੱਤ ਵਿਚ ਵੀ 'ਪੁੰਨ' ਦੇ ਸੰਕਲਪ ਰਾਹੀਂ ਪ੍ਰੋਹਿਤਵਾਦ ਦੇ ਪਾਲਣ ਦੀ ਪ੍ਰਕਿਰਿਆ ਨੂੰ ਰੱਦ ਕੀਤਾ ਹੈ। ਉਸ ਨੇ ਪੁੰਨ (ਸਦਕਰਮ) ਦੇ ਤਿੰਨ ਗੁਣ ਦੱਸੇ ਹਨ : 'ਦਾਨ', 'ਸ਼ੀਲ' (ਸਦਾਚਾਰਕ ਗੁਣ ਅਪਨਾਉਣ) ਅਤੇ ਭਾਵਨਾ (ਯਾਨਿ ਭਗਤੀ)। ਈਸਾਈ ਧਰਮ ਵਿਚ ਅਜਿਹੇ ਦਾਨ ਨੂੰ 'ਚੈਰਿਟੀ', 'ਦਾਇਦ', 'ਧਾਰਮਿਕ ਕਰ' ਜਾਂ 'ਧਾਰਮਿਕ ਮਨੋਰਥਾਂ' ਲਈ ਦਿੱਤੇ ਜਾਂਦੇ ਟੈਕਸ ਕਿਹਾ ਜਾਂਦਾ ਹੈ, ਜਿਸ ਵਿਚ ਘੁਮੰਡ ਦਾ ਅਹਿਸਾਸ ਨਹੀਂ ਜੋ ਕਿ ਗਰੀਬਾਂ ਅਤੇ ਲੋੜਵੰਦਾਂ ਦੇ ਹਿੱਤਾਂ ਲਈ ਹੈ।

ਇਸਲਾਮ ਵਿਚ ਵੀ ਅਜਿਹੇ ਦਾਨ ਦਾ ਜ਼ਿਕਰ ਹੈ ਜੋ ਕਿ ਦੋ ਕਿਸਮ ਦਾ ਹੈ, ਇਕ 'ਇਖਤਿਆਰੀ' ਅਤੇ ਦੂਜਾ 'ਜ਼ਰੂਰੀ'। 'ਇਖਤਿਆਰੀ' ਦਾਨ ਨੂੰ 'ਇੰਤਫਾਕ' ਜਾਂ ਸਦਕੁਅ ਕਿਹਾ ਜਾਂਦਾ ਹੈ। ਜਦੋਂ ਕਿ 'ਜ਼ਰੂਰੀ' ਦਾਨ ਲਈ 'ਜਕਾਤ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। 'ਜਕਾਤ' ਨੂੰ ਇਸਲਾਮ ਵਿਚ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਹਰ ਇਕ ਮੁਸਲਮਾਨ ਨੂੰ 'ਖੈਰਾਤ' ਦੇ ਮਨੋਰਥ ਲਈ ਆਪਣੀ ਆਮਦਨ ਦਾ 'ਚਾਲੀਵਾਂ' ਹਿੱਸਾ ਦੇਣਾ ਪੈਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਹੁਕਮ ਹੈ ਕਿ ਗਰੀਬਾਂ, ਯਤੀਮਾਂ ਅਤੇ ਮੁਥਾਜਾਂ ਦੀ ਸੇਵਾ ਕਰਨਾ ਸੱਚਾ ਮਾਰਗ ਹੈ, ਜਿਹੜਾ ਕਿਸੇ ਵੀ ਮਨੁੱਖ ਨੂੰ ਖੁਦਾ ਤੱਕ ਲੈ ਜਾਂਦਾ ਹੈ। ਪਵਿੱਤਰ ਕੁਰਾਨ ਵਿਚ ਖੈਰਾਤ ਦਾ ਮਹੱਤਵ ਇਸ ਤਰ੍ਹਾਂ ਦੱਸਿਆ ਗਿਆ ਹੈ, "ਜਿਹੜੇ 'ਅਗਮ ਅਗੋਚਰ' ਵਿਚ ਯਕੀਨ ਕਰਦੇ ਹਨ ਅਤੇ ਦੁਆ ਕਰਦੇ ਹਨ ਅਤੇ ਜੋ ਕੁਝ 'ਅਸੀਂ' ਉਨ੍ਹਾਂ ਨੂੰ ਦਿੱਤਾ ਹੈ, ਉਸ ਵਿਚੋਂ ਦਰਿਆ-ਦਿਲੀ ਨਾਲ ਖਰਚ ਕਰਦੇ ਹਨ, ਉਹ ਖੁਦਾ ਦੇ ਦੱਸੇ ਠੀਕ



ਰਾਹ 'ਤੇ ਚੱਲ ਰਹੇ ਹਨ ਅਤੇ ਉਹੀ ਕਾਮਯਾਬ ਹੋਣਗੇ।" ਕੁਰਾਨ ਵਿਚ ਅੱਗੇ ਲਿਖਿਆ ਹੈ ਕਿ 'ਦਾਨੀ' ਨੂੰ ਘੁਮੰਡ ਨਹੀਂ ਕਰਨਾ ਚਾਹੀਦਾ ਜਾਂ ਇਸ ਨੂੰ ਗਰੀਬਾਂ ਲਈ ਵਿਖਾਈ ਗਈ ਤਰਸ ਦੀ ਭਾਵਨਾ ਨਹੀਂ ਸਮਝਣਾ ਚਾਹੀਦਾ (ਜਿਨ੍ਹਾਂ ਨੂੰ ਦਾਨ ਦਿੱਤਾ ਗਿਆ ਹੈ), ਸਗੋਂ ਇਹ ਮੰਨਣਾ ਚਾਹੀਦਾ ਹੈ ਕਿ ਲੋੜਵੰਦਾਂ ਦਾ ਉਨ੍ਹਾਂ ਦੀ ਦੌਲਤ ਉੱਤੇ ਵਿਸ਼ੇਸ਼ ਹੱਕ ਹੈ।

ਇਸ ਚਰਚਾ ਤੋਂ ਸਪੱਸ਼ਟ ਹੈ ਕਿ ਬ੍ਰਾਹਮਣਇਜ਼ਮ ਦੀ ਪ੍ਰੋਹਿਤਵਾਦ ਨੂੰ 'ਦਾਨ ਭੇਟ' ਧਾਰਨਾ ਮਾਇਆਵਾਦ ਦਾ ਜਕੜ ਜਾਲ ਹੈ, ਜਿਸ ਨਾਲ ਸਮੁੱਚੀ ਮਨੁੱਖਤਾ ਅਤੇ ਲੋੜਵੰਦਾਂ ਦਾ ਕੋਈ ਫਾਇਦਾ ਨਹੀਂ ਹੋ ਸਕਦਾ, ਸਿਰਫ ਵਿਹਲੜ ਪੁਜਾਰੀ ਸ਼੍ਰੇਣੀ ਦਾ ਪੇਟ ਪੂਰਤੀ ਦਾ ਸਾਧਨ ਹੈ। ਸੰਸਾਰ ਦੇ ਕਿਸੇ ਧਰਮ ਦੀ ਅਜਿਹੀ ਅਣਮਨੁੱਖੀ ਰਵਾਇਤ ਨਹੀਂ ਅਤੇ ਸੰਸਾਰ ਦੇ ਸਾਰੇ ਧਰਮ ਲੋੜਵੰਦਾਂ ਨੂੰ 'ਦਾਨ ਦੇਣ' ਵਿਚ ਵਿਸ਼ਵਾਸ ਦੇ ਧਾਰਨੀ ਹਨ। ਸਿੱਖ ਧਰਮ, ਬੁੱਧ ਮੱਤ, ਈਸਾਈ ਧਰਮ ਅਤੇ ਇਸਲਾਮ ਵਿਚ 'ਦਾਨ' ਦੀ ਪ੍ਰਕਿਰਿਆ ਕਿਰਤ ਅਤੇ ਸਦਗੁਣਾਂ ਨਾਲ ਜੁੜੀ ਹੋਈ ਹੈ, ਜੋ ਕਿ ਸੁਚੱਜੇ ਸਮਾਜ ਦੀ ਉਸਾਰੀ ਲਈ ਅਤੇ ਸਰਬੱਤ ਦੇ ਭਲੇ ਲਈ ਵਿਸ਼ੇਸ਼ ਮਹੱਤਵ ਦੀ ਲਖਾਇਕ ਹੈ।

ਬ੍ਰਾਹਮਣਵਾਦ ਦਾ ਮਾਇਆਵਾਦ ਦਾ ਤੀਜਾ ਅੰਗ ਵਰਨ ਵੰਡ ਹੈ, ਜਿਸ ਨੇ ਜਾਤੀ-ਪਾਤੀ ਸਿਸਟਮ ਦੀ ਰਚਨਾ ਕਰਕੇ ਸਮਾਜ ਨੂੰ ਸਥਿਰ ਕੀਤਾ ਹੈ। ਇਸ ਮਾਇਆਵਾਦੀ ਸਿਸਟਮ ਕਾਰਣ ਪੂਰਾ ਸਮਾਜ ਅਮੀਰ-ਗਰੀਬ, ਸ਼ੋਸ਼ਿਤ-ਸ਼ੋਸ਼ਿਕ, ਅਗਿਆਨੀ-ਗਿਆਨੀ, ਅਛੂਤ-ਸਛੂਤ, ਦੁਖੀ-ਸੁਖੀ, ਅਪਮਾਨਿਤ-ਸਨਮਾਨਿਤ, ਨੀਚ-ਉਚ ਅਤੇ ਸਾਸ਼ਿਤ-ਸ਼ਾਸ਼ਕ ਦੋ ਭਾਗਾਂ ਵਿਚ ਵੰਡਿਆ ਗਿਆ। ਬ੍ਰਾਹਮਣਵਾਦ ਨੇ ਸ਼ੂਦਰ/ਕਿਰਤੀ ਵਰਗ ਨੂੰ ਸਮਾਨਤਾ, ਅਜ਼ਾਦੀ ਤੋਂ ਵਿਰਵੇ ਕਰ ਦਿੱਤਾ ਅਤੇ ਉਸ ਦਾ ਜੀਵਨ ਨਰਕ ਭਰਪੂਰ ਸਿਰਜ ਦਿੱਤਾ। ਗਿਆਨ, ਧਿਆਨ, ਸਿਖਿਆ ਅਤੇ ਭਗਤੀ ਨਾਲ ਜੁੜਨ 'ਤੇ ਉਸ ਉਪਰ ਪਾਬੰਦੀ ਲਗਾ ਦਿੱਤੀ, ਪੁਰਾਣੇ ਕਪੜੇ, ਜੂਠ ਖਾਣ, ਉੱਚ ਜਾਤੀਆਂ ਤੋਂ ਅਲੱਗ ਘਟੀਆ ਬਸਤੀਆਂ ਵਿਚ ਰਹਿਣ ਨੂੰ ਉਸ ਦਾ ਸਭਿਆਚਾਰ ਮਿੱਥ ਦਿੱਤਾ। ਅਪਸਤੰਭ ਧਰਮ ਸੂਤਰ (1,4,5) - ਚਾਰ ਵਰਣ ਹਨ, ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ। ਸ਼ੂਦਰ ਨਾਲੋਂ ਵੈਸ਼, ਵੈਸ਼ ਨਾਲੋਂ ਖੱਤਰੀ, ਖੱਤਰੀ ਨਾਲੋਂ ਬ੍ਰਾਹਮਣ ਉੱਤਮ ਹਨ।

ਮਨੂੰ ਸਿਮਰਤੀ (7/61) - ਜੋ ਬ੍ਰਾਹਮਣ ਆਪਣੇ ਧਰਮ ਦੇ ਭੇਦ ਕਿਸੇ ਸ਼ੂਦਰ ਨੂੰ ਸਿਖਾਏਗਾ ਤਾਂ ਉਹ ਸ਼ੂਦਰ ਦੇ ਨਾਲ ਨਰਕ ਵਿਚ ਸੁਟਿਆ ਜਾਵੇਗਾ।

ਮਨੂੰ ਸਿਮਰਤੀ (5-104) - ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸ਼ੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਵੇ, ਨਹੀਂ ਤਾਂ ਬ੍ਰਾਹਮਣ ਸਵਰਗ 'ਚ ਨਹੀਂ ਜਾ ਸਕੇਗਾ।

ਮਹਾਂਰਿਸ਼ੀ ਆਂਗਰਸ - ਅਗਨੀ ਭੇਟਾ ਕਰਨ ਵਾਲਾ ਬ੍ਰਾਹਮਣ ਜੇ ਸ਼ੂਦਰ ਦਾ ਅੰਨ ਖਾ ਲਵੇ ਤਾਂ ਉਸ ਦਵਿਜ ਦੇ ਵੇਦ ਪਾਠ, ਆਤਮਾ ਅਤੇ ਹਵਨ ਤਿੰਨੇ ਭ੍ਰਿਸ਼ਟ ਹੋ ਜਾਂਦੇ ਹਨ।

ਮਨੂੰ ਸਿਮਰਤੀ (5-104) - ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਸ਼ੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਵੇ, ਨਹੀਂ ਤਾਂ ਬ੍ਰਾਹਮਣ ਸਵਰਗ 'ਚ ਨਹੀਂ ਜਾ

ਸਕੇਗਾ। (2-283) – ਜਦੋਂ ਕੋਈ ਅਭਿਮਾਨੀ ਸ਼ੂਦਰ, ਬ੍ਰਾਹਮਣ ਦੀ ਬੋਦੀ, ਪੈਰ, ਦਾੜ੍ਹੀ, ਗਰਦਨ ਜਾਂ ਅੰਡਕੋਸ਼ ਨੂੰ ਹੱਥ ਪਾਵੇ ਤਾਂ ਰਾਜਾ ਬਿਨਾਂ ਵਿਚਾਰ ਕੀਤਿਆਂ ਉਸ ਦੇ ਦੋਵੇਂ ਹੱਥ ਕਟਵਾ ਦੇਵੇ।

ਅਪਸਤੰਭ ਸਿਮਰਤੀ (11) – ਸ਼ੂਦਰ ਦਾ ਅੰਨ ਪੇਟ ਵਿਚ ਹੋਵੇ ਤੇ ਉਹ ਬ੍ਰਾਹਮਣ ਮਰ ਜਾਵੇ ਤਾਂ ਉਹ ਸੂਅਰ ਜਾਂ ਕੁੱਤੇ ਦਾ ਜਨਮ ਲੈਂਦਾ ਹੈ।

ਮਨੂੰ ਸਿਮਰਤੀ (11-13) – ਜਦੋਂ ਕਿਸੇ ਕਸ਼ੱਤਰੀ ਆਦਿ ਤੋਂ ਧਨ ਨਾ ਮਿਲੇ ਤਾਂ ਬ੍ਰਾਹਮਣ ਬੇ-ਰਹਿਮੀ ਨਾਲ ਸ਼ੂਦਰ ਦੇ ਘਰੋਂ ਖੋਹ ਲਵੇ। (11-3) – ਜਦੋਂ ਯੱਗ ਦੇ ਦੋ ਜਾਂ ਤਿੰਨ ਹਿੱਸੇ ਅਪੂਰਨ ਰਹਿ ਜਾਣ ਤਾਂ ਸ਼ੂਦਰਾਂ ਦੇ ਘਰਾਂ ਨੂੰ ਲੁੱਟ ਕੇ ਯੱਗ ਨੂੰ ਪੂਰਾ ਕੀਤਾ ਜਾਵੇ। (1-91) – ਈਸ਼ਵਰ ਨੇ ਸ਼ੂਦਰਾਂ ਲਈ ਇਹੀ ਕੰਮ ਕਰਨ ਦਾ ਆਦੇਸ਼ ਦਿੱਤਾ ਹੈ ਕਿ ਉਹ ਤਿੰਨਾਂ ਵਰਨਾਂ (ਸਵਰਨਾਂ) ਦੀ ਸੇਵਾ ਕਰਨ। (8-313) – ਜੇਕਰ ਇਹ ਨੀਚ ਵਰਗ ਆਪਣੇ ਕੰਮ ਨੂੰ (ਸੇਵਾ ਭਾਵ ਗੁਲਾਮੀ ਨੂੰ) ਨਹੀਂ ਕਰਨਗੇ ਤਾਂ ਸਾਰੇ ਜਗਤ ਨੂੰ ਦੁਖੀ ਬਣਾ ਦੇਣਗੇ। (10-125) – ਸ਼ੂਦਰਾਂ ਨੂੰ ਖਾਣ ਲਈ ਉੱਚ ਜਾਤੀਆਂ ਦੀ ਜੂਠ, ਪਹਿਨਣ ਲਈ ਫਟੇ-ਪੁਰਾਣੇ ਕੱਪੜੇ ਤੇ ਜੇਕਰ ਉਨ੍ਹਾਂ ਨੂੰ ਅੰਨ ਦੇਣਾ ਹੋਵੇ ਤਾਂ ਬਿਲਕੁਲ ਘਟੀਆ ਅੰਨ ਦਿੱਤਾ ਜਾਵੇ। ਕੁੱਤਿਆਂ, ਪਤਿਤਾਂ, ਨੀਚ, ਪਾਪੀ, ਰੋਗੀ, ਕਾਵਾਂ ਤੇ ਕੀੜਿਆਂ ਨੂੰ ਜੇਕਰ ਚੀਜ਼ ਦੇਣੀ ਹੋਵੇ ਤਾਂ ਦੂਰੋਂ ਹੀ ਸੁੱਟ ਦਿੱਤੀ ਜਾਵੇ। (10-52) – ਇਹ ਸ਼ੂਦਰ ਮੁਰਦਿਆਂ ਦੇ ਕੱਪੜੇ ਲਾਹ ਕੇ ਪਹਿਨਣ, ਟੁੱਟੇ ਬਰਤਨਾਂ ਵਿਚ ਰੋਟੀ ਖਾਣ, ਲੋਹੇ ਦੇ ਗਹਿਣੇ ਪਹਿਨਣ ਤੇ ਏਧਰ ਓਧਰ ਪਿੰਡਾਂ ਵਿਚ ਘੁੰਮਦੇ ਰਹਿਣ। (10-54) – ਇਨ੍ਹਾਂ ਦੀ ਰੋਜ਼ੀ ਵੀ ਉੱਚ ਜਾਤੀਆਂ ਦੇ ਅਧੀਨ ਹੈ। ਇਨ੍ਹਾਂ ਨੂੰ ਟੁੱਟੇ ਬਰਤਨਾਂ ਵਿਚ ਅੰਨ ਦੇਣਾ ਚਾਹੀਦਾ ਹੈ। ਇਹ ਲੋਕ ਸ਼ਾਮ ਜਾਂ ਰਾਤ ਸਮੇਂ ਪਿੰਡ ਜਾਂ ਸ਼ਹਿਰ ਤੋਂ ਬਾਹਰ ਨਾ ਨਿਕਲਣ। (12-131) – ਸ਼ੂਦਰਾਂ ਦੀ ਹੱਤਿਆ ਕੁੱਤੇ ਦੇ ਬਰਾਬਰ ਹੈ।

ਅਪਸਤੰਭ ਧਰਮ ਸੂਤਰ (1,4,5) – ਚਾਰ ਵਰਣ ਹਨ – ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਇਨ੍ਹਾਂ ਚਾਰਾਂ ਵਰਣਾਂ 'ਚੋਂ ਹਰ ਕੋਈ ਵਰਨ ਕਰਮ ਅਨੁਸਾਰ ਆਪਣੇ ਨਿਚਲੇ ਵਰਗ ਤੋਂ ਉਤਮ ਹੈ। ਸ਼ੂਦਰ ਪਤਿਤ ਹੈ। ਉਸ ਨੂੰ ਛੱਡ ਕੇ ਬਾਕੀ ਤਿੰਨਾਂ ਵਰਣਾਂ ਨੂੰ ਜਨੇਊ ਪਾਉਣ, ਵੇਦ ਪਾਠ ਅਤੇ ਯੱਗ ਕਰਨ ਦਾ ਅਧਿਕਾਰ ਹੈ।

ਮਨੂੰ ਸਿਮਰਤੀ (4/60) – ਸ਼ੂਦਰ ਦੇ ਰਾਜ ਵਿਚ ਵੱਸਣਾ ਨਹੀਂ ਚਾਹੀਦਾ।

ਬਿਰਧ ਅਤਰ ਸਹਿਤਾ (ਅ-5) – ਸ਼ੂਦਰ ਦਾ ਅੰਨ ਖਾ ਕੇ ਬ੍ਰਾਹਮਣ ਸੱਤ ਜਨਮ ਕੁੱਤਾ ਹੁੰਦਾ ਹੈ, ਸੱਤ ਜਨਮ ਸੂਰ ਅਤੇ ਅੱਠ ਜਨਮ ਗਿਰਝ ਬਣਦਾ ਹੈ।

ਮਨੂੰ ਸਿਮਰਤੀ (10/96) – ਜੇ ਸ਼ੂਦਰ ਉੱਚ ਜਾਤੀ ਵਾਲੇ ਕੰਮ ਕਰਕੇ ਧਨ ਕਮਾ ਲਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਤੋਂ ਧਨ ਖੋਹ ਕੇ ਉਸ ਨੂੰ ਦੇਸ ਨਿਕਾਲਾ ਦੇ ਦੇਵੇ।

ਬ੍ਰਹਮ ਸੂਤਰ (13/38) – ਸ਼ੂਦਰਾਂ ਨੂੰ ਗਿਆਨ ਨਹੀਂ ਦੇਣਾ ਚਾਹੀਦਾ। ਸ਼ੂਦਰ ਸ਼ਮਸ਼ਾਨ ਭੂਮੀ ਦੇ ਬਰਾਬਰ ਹੁੰਦਾ ਹੈ। ਇਸ ਲਈ ਉਸ ਦੇ ਲਾਗੇ ਖੜਨਾ ਵੀ ਨਹੀਂ ਚਾਹੀਦਾ।

ਗੋਤਮ ਧਰਮ ਸੂਤਰ (20, 4-5) – ਜੇਕਰ ਸ਼ੂਦਰ ਵੇਦਾਂ ਨੂੰ ਜਾਣ ਬੁੱਝ ਸੁਣੇ ਜਾਂ ਪੜ੍ਹੇ



ਤਾਂ ਉਸ ਦੇ ਕੰਨਾਂ ਵਿਚ ਪਿਘਲਾਇਆ ਹੋਇਆ ਸ਼ੀਸ਼ਾ (ਸਿੱਕਾ ਜਾਂ ਲੋਹਾ) ਪਾ ਦਿਓ। ਜੇਕਰ ਉਹ ਵੇਦਾਂ ਦਾ ਉਚਾਰਨ ਕਰੇ ਤੇ ਵੇਦਾਂ ਨੂੰ ਯਾਦ ਕਰ ਲਵੇ ਤਾਂ ਉਸ ਦੇ ਟੁਕੜੇ ਕਰ ਦਿਓ।

ਪਰਾਸ਼ਰ ਸਿਮਰਤੀ (8/33) – ਸ਼ੂਦਰ ਜਾਤੀ ਦਾ ਵਿਅਕਤੀ ਚਾਹੇ ਕਿੰਨਾ ਵੀ ਸੁਘੜ ਸਿਆਣਾ ਹੋਵੇ ਉਹ ਆਦਰ ਯੋਗ ਨਹੀਂ। (6/26) ਚੰਡਾਲ ਦਾ ਬਰਤਨ ਜੇ ਖੂਹ ਨਾਲ ਲੱਗ ਜਾਵੇ ਤੇ ਖੂਹ ਤੋਂ ਕੋਈ ਪਾਣੀ ਪੀ ਲਵੇ ਤਾਂ ਉਸ ਨੂੰ ਤਿੰਨ ਦਿਨ ਤੱਕ ਗਊ ਦਾ ਪਿਸ਼ਾਬ ਪੀਣਾ ਚਾਹੀਦਾ ਹੈ।

ਨਾਰਦ ਸਿਮਰਤੀ (ਅ. 5) – ਸ਼ੂਦਰ ਦਾ ਕੰਮ ਦਰਵਾਜ਼ਿਆਂ, ਟੱਟੀ ਖਾਨਿਆਂ, ਸੜਕਾਂ 'ਤੇ ਕੂੜਾ ਸੁੱਟਣ ਦੀ ਥਾਂ ਝਾੜੂ ਫੇਰਨਾ, ਸਰੀਰ ਦੇ ਗੁਪਤ ਅੰਗਾਂ ਦੀ ਮਾਲਿਸ਼ ਕਰਨਾ, ਜੂਠਾ ਭੋਜਨ ਅਤੇ ਟੱਟੀ ਪਿਸ਼ਾਬ ਇਕੱਠਾ ਕਰਕੇ ਸੁੱਟਣਾ।

ਅੱਜ ਜਦੋਂ ਕਿ ਗੁਰਬਾਣੀ ਅਤੇ ਅੰਬੇਡਕਰਇਡਜ਼ਮ ਦੇ ਕਾਰਣ ਦਲਿਤ ਚੇਤਨਾ ਪੂਰੇ ਦੇਸ ਵਿਚ ਸਿਆਸੀ ਸਾਮਾਜਿਕ ਅਤੇ ਧਾਰਮਿਕ ਪੱਧਰ 'ਤੇ ਬ੍ਰਾਹਮਣਵਾਦ ਦੇ ਖਿਲਾਫ ਉਠ ਰਹੀ ਹੈ ਤਾਂ ਸਮਾਜ ਵਿਚ ਅਨਾਰਕੀ ਤੇ ਗੜਬੜ ਫੈਲਣ ਦਾ ਖਤਰਾ ਪੈਦਾ ਹੋ ਗਿਆ ਹੈ, ਜਿਸ ਦੀ ਜ਼ਿੰਮੇਵਾਰੀ ਬ੍ਰਾਹਮਣਵਾਦ 'ਤੇ ਆਉਂਦੀ ਹੈ, ਕਿਉਂਕਿ ਅਜਿਹਾ ਸਿਸਟਮ ਉਸ ਦੀ ਹੀ ਦੇਣ ਹੈ, ਜੋ ਮਨੁੱਖ ਨੂੰ ਪਸ਼ੂ ਦੇ ਨਿਆਂਈ ਸਿਰਜ ਕੇ ਆਪਣੀ ਅਜ਼ਾਦੀ ਭਾਲਦਾ ਹੈ ਅਤੇ ਆਪਣੇ ਐਸ਼ ਪ੍ਰਸਤੀ ਦੇ ਸਾਧਨ ਸਿਰਜਦਾ ਹੈ।

ਸੰਤ ਗੁਰੂਆਂ ਦੀ ਬ੍ਰਹਿਮੰਡੀ ਵਿਚਾਰਧਾਰਾ (ਸਿੱਖ ਧਰਮ), ਬੁੱਧਇਜ਼ਮ, ਈਸਾਈ ਮੱਤ, ਇਸਲਾਮ ਅਤੇ ਅੰਬੇਡਕਰਇਜ਼ਮ ਸਭ ਸਮਾਜ ਦੀ ਬਰਾਬਰੀ ਦੇ ਹੱਕ ਵਿਚ ਹਨ। ਖਾਸ ਕਰਕੇ ਬੁੱਧਇਜ਼ਮ, ਸੰਤ ਗੁਰੂਆਂ ਦਾ ਸਿਧਾਂਤ (ਗੁਰਮਤਿ ਵਿਚਾਰਧਾਰਾ) ਅਤੇ ਅੰਬੇਡਕਰਇਜ਼ਮ ਬ੍ਰਾਹਮਣਵਾਦ ਦੇ ਇਸ ਮਾਇਆਵਾਦੀ ਸਿਧਾਂਤ ਨੂੰ ਸਿਰਫ ਰੱਦ ਹੀ ਨਹੀਂ ਕਰਦੇ, ਸਗੋਂ ਉਪਰ ਕਰੜੀ ਚੋਟ ਕਰਕੇ ਸਰਬੱਤ ਦੇ ਭਲੇ ਦੇ ਸਮਾਜ ਦੀ ਸਿਰਜਣਾ ਕਰਨ ਦਾ ਸੁਨੇਹਾ ਦਿੰਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਵਰਨ ਵੰਡ/ਜਾਤੀਪਾਤੀ ਸਿਸਟਮ ਨੂੰ ਰੱਦ ਕਰਦੇ ਹੋਏ ਫੁਰਮਾਉਂਦੇ ਹਨ ਕਿ ਜਾਤ ਅਤੇ ਸ਼ਾਨ ਦਾ ਘੁਮੰਡ ਫਜ਼ੂਲ ਹੈ, ਕਿਉਂਕਿ ਸਭ ਜੀਅ ਅਕਾਲ ਪੁਰਖ ਦੇ ਬਣਾਏ ਹੋਏ ਹਨ ;

*ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੩)

ਸਿੱਖੀ ਦਾ ਇਹ ਬ੍ਰਹਿਮੰਡੀ ਸੰਕਲਪ ਕੁਦਰਤੀ ਬਰਾਬਰੀ ਨੂੰ ਪ੍ਰਗਟਾਉਂਦਾ ਹੈ, ਜਿਸ ਦਾ ਅਰਥ ਹੈ ਕਿ ਸਾਰੇ ਮਨੁੱਖ ਇਕੋ ਸਾਂਝੇ ਸਰੋਤ ਵਿਚੋਂ ਪੈਦਾ ਹੋਏ ਹਨ ਅਰਥਾਤ ਅਕਾਲ ਪੁਰਖ ਦੀ ਰਚਨਾ ਹਨ, ਇਸ ਤਰ੍ਹਾਂ ਉਚੇ, ਨੀਵੇਂ ਦਾ ਸਵਾਲ ਬੇਅਰਥ ਹੈ ;

*ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬)

ਸੰਤ-ਗੁਰੂਆਂ ਦੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਲੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ ਜੋ ਕਿ ਸੀਸ ਤਲੀ 'ਤੇ ਰੱਖਣ ਦਾ ਕੌਤਕ ਸੀ, ਉਹ ਵਰਨ ਵੰਡ 'ਤੇ ਕਰਾਰੀ ਚੋਟ ਸੀ, ਜਿਨ੍ਹਾਂ ਨੇ ਦਲਿਤਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਕੇ ਲੜਨ ਮਰਨ ਦਾ ਵੱਲ ਹੀ ਨਹੀਂ ਸਿਖਾਇਆ, ਸਗੋਂ ਰਾਜ ਕਰਨ ਦੀ ਜਾਚ ਵੀ ਸਿਖਾਈ। ਬੂਟੇ ਸ਼ਾਹ "ਤਵਾਰੀਖੇ ਪੰਜਾਬ" ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਿਰਜਣਾ ਸਮੇਂ ਦਿੱਤੇ ਭਾਸ਼ਨ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ, "ਅੰਮ੍ਰਿਤ ਦੀ ਰਸਮ ਪੂਰੀ ਕਰਕੇ ਗੁਰੂ ਜੀ ਨੇ ਸਿੱਖ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਧਰਮ ਦੇ ਵਖਰੇਵਿਆਂ ਨੂੰ ਖਤਮ ਕਰਕੇ ਇਕੋ ਧਰਮ ਨੂੰ ਅਪਨਾ ਲਓ। ਹਿੰਦੂਆਂ ਦੀਆਂ ਚਾਰੇ ਜਾਤਾਂ ਜੋ ਵੱਖ-ਵੱਖ ਵਰਗਾਂ ਲਈ ਵੱਖ-ਵੱਖ ਨਿਯਮ ਨਿਰਧਾਰਿਤ ਕਰਦੀਆਂ ਹਨ, ਸਭ ਨੂੰ ਖਤਮ ਕਰਕੇ ਭਜਨ ਪਾਠ ਦਾ ਇਕੋ ਹੀ ਢੰਗ ਅਪਨਾਓ ਅਤੇ ਭਰਾ-ਭਰਾ ਬਣ ਜਾਓ। ਆਪਣੇ ਆਪ ਨੂੰ ਕਿਸੇ ਨਾਲੋਂ ਉੱਚਾ ਨਾ ਸਮਝੋ।"

ਡਾ. ਅੰਬੇਡਕਰ ਬ੍ਰਾਹਮਣਵਾਦ ਦੀ ਵਰਨ ਵੰਡ 'ਤੇ ਟਿਪਣੀ ਕਰਦੇ ਹੋਏ ਆਪਣੀ ਪੁਸਤਕ 'ਜਾਤ-ਪਾਤ ਦਾ ਬੀਜ ਨਾਸ਼' ਪੰਨਾ 48 ਉਪਰ ਆਖਦੇ ਹਨ ;

"ਜਾਤ ਪਾਤ ਸਿਸਟਮ ਕੇਵਲ ਮਿਹਨਤ ਦੀ ਵੰਡ ਨਹੀਂ ਹੈ, ਇਹ ਮਿਹਨਤਕਸ਼ਾਂ ਦੀ ਵੰਡ ਵੀ ਹੈ। ਜਾਤ ਪਾਤ ਸਿਸਟਮ ਕੇਵਲ ਮਿਹਨਤ ਦੀ ਵੰਡ ਤੋਂ ਬਿਲਕੁਲ ਅੱਡ ਕਿਸਮ ਦੀ ਮਿਹਨਤ ਕਰਨ ਵਾਲਿਆਂ ਦੀ ਵੰਡ ਹੀ ਨਹੀਂ, ਸਗੋਂ ਇਹ ਇਕ ਅਜਿਹਾ ਪਿਤਾ ਪੁਰਖੀ ਸ਼ਾਸ਼ਨ ਹੈ, ਜਿਸ ਵਿਚ ਮਿਹਨਤ ਕਰਨ ਵਾਲਿਆਂ ਨੂੰ ਇਕ ਦੇ ਉਪਰ ਦੂਜਾ ਦਰਜੇ ਵਾਰ ਵੰਡਿਆ ਜਾਂਦਾ ਹੈ। ਜਾਤ ਪਾਤ ਸਿਸਟਮ ਸਾਂਝੀ ਸਰਗਰਮੀ ਨੂੰ ਰੋਕਦਾ ਹੈ, ਸਾਂਝੀ ਸਰਗਰਮੀ ਨੂੰ ਰੋਕ ਕੇ ਇਹਨੇ ਹਿੰਦੂਆਂ ਨੂੰ ਇਕ ਅਜਿਹਾ ਸਮਾਜ ਬਣਨ ਤੋਂ ਰੋਕ ਦਿੱਤਾ ਹੈ, ਜਿਸ ਦਾ ਏਕਤਾ ਭਰਿਆ ਜੀਵਨ ਹੋਵੇ ਅਤੇ ਜਿਸ ਨੂੰ ਆਪਣੀ ਹਸਤੀ ਦੀ ਅਨੁਭਵਤਾ ਹੋਵੇ।" ਇਸ ਤਰ੍ਹਾਂ ਬ੍ਰਾਹਮਣਵਾਦ ਦਾ ਵਰਨਵੰਡ ਸਿਧਾਂਤ ਮਨੁੱਖ ਏਕਤਾ ਅਤੇ ਕੁਦਰਤੀ ਵਾਤਾਵਰਨ ਨੂੰ ਖੇਰੂੰ-ਖੇਰੂੰ ਕਰਦਾ ਹੈ, ਜੋ ਕਿ ਕੁਦਰਤੀ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।

ਬ੍ਰਾਹਮਣਵਾਦ ਦੀ ਮਾਇਆਵੀ ਵਿਚਾਰਧਾਰਾ ਔਰਤ ਦੇ ਅਧਿਕਾਰਾਂ ਨੂੰ ਪ੍ਰਵਾਨਗੀ ਨਹੀਂ ਦਿੰਦੀ, ਨਾਰੀ ਸਨਮਾਨ ਦੀ ਵਿਰੋਧੀ ਹੈ ਅਤੇ ਇਸ ਨੂੰ ਗੁਲਾਮ ਰੱਖਣ ਦੀ ਇੱਛਾਵਾਨ ਹੈ। ਇਸ ਨੇ ਇਸ ਜਾਤੀ ਨਾਲ ਅਸਭਿਅਕ ਵਤੀਰਾ ਬਹਾਲ ਰੱਖਣ ਲਈ ਅਤੇ ਆਪਣੀ ਵਿਲਾਸਤਾ ਨੂੰ ਧਾਰਮਿਕ ਰੰਗਣ ਦੇ ਕੇ ਧਾਰਮਿਕ ਗ੍ਰੰਥਾਂ ਵਿਚ ਅਜਿਹੇ ਨਿਯਮ ਘੜ ਕੇ ਇਸ ਨੂੰ 'ਪਰਮਾਤਮਾ' ਦੀ ਮਰਜ਼ੀ ਕਰਾਰ ਦਿੱਤਾ। ਅਕਲਹੀਣ, ਬੇਵਫਾ, ਬੇਰਹਿਮ, ਅਸ਼ੁਭ ਕਹਿ ਕੇ ਭੰਡਿਆ ਗਿਆ। ਇਕ ਪੁਰਸ਼ ਨੂੰ ਦਰਜਨਾਂ ਪਤਨੀਆਂ ਰੱਖਣ ਦੀ ਛੁੱਟ ਦਿੱਤੀ ਗਈ। ਹਿੰਦੂ ਅਵਤਾਰਾਂ ਨੇ 16-16 ਹਜ਼ਾਰ ਨਾਰੀਆਂ ਰੱਖੀਆਂ। ਕ੍ਰਿਸ਼ਨ, ਇੰਦਰ ਇਸ ਦੀ ਵਿਸ਼ੇਸ਼ ਮਿਸਾਲ ਹਨ। ਦੇਵਦਾਸੀ ਪ੍ਰਥਾ ਦੇ ਨਾਂ 'ਤੇ ਦਲਿਤ ਇਸਤਰੀਆਂ ਨੂੰ ਪੁਜਾਰੀਵਾਦ ਅਤੇ ਉੱਚ ਜਾਤੀਆਂ ਨੇ ਇਸ ਨੂੰ ਧਾਰਮਿਕ ਰੀਤ ਬਣਾ ਕੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਵਿਧਵਾ ਨੂੰ ਪਾਪਮਈ ਤੇ ਕਲੰਕਣੀ ਕਿਹਾ ਗਿਆ ਅਤੇ ਦੁਬਾਰਾ ਵਿਆਹ 'ਤੇ ਪਾਬੰਦੀ ਲਗਾ ਕੇ ਉਸ ਨੂੰ ਭਿਖਾਰਨ ਬਣਾ ਦਿੱਤਾ। ਇਹ ਹੁਕਮ ਦਿੱਤਾ ਗਿਆ ਕਿ ਉਹ ਕਿਸੇ ਸ਼ੁਭ



ਮੌਕੇ 'ਤੇ ਹਾਜ਼ਰ ਨਾ ਹੋਵੇ। ਸਤੀ ਵਰਗੀ ਬੇਰਹਿਮ ਰਸਮ ਅਧੀਨ ਉਸ ਨੂੰ ਪਤੀ ਦੀ ਲਾਸ਼ ਨਾਲ ਸੜਨ ਦਾ ਨਿਯਮ ਬਣਾ ਦਿੱਤਾ ਗਿਆ।

ਨਿਯੋਗ ਦੇ ਨਾਂ 'ਤੇ ਇਸਤਰੀ ਦੇ ਨਾਲ ਸੰਭੋਗ ਲਈ ਬ੍ਰਾਹਮਣ/ਖੱਤਰੀ ਨੂੰ ਸੁਤੰਤਰ ਕਰ ਦਿੱਤਾ ਗਿਆ। ਧ੍ਰਿਤਰਾਸ਼ਟਰ, ਪਾਂਡੂ ਤੇ ਵਿਦਰ (ਸ਼ੂਦਰਨੀ ਦਾ ਪੁੱਤਰ) ਵਿਆਸ ਰਿਸ਼ੀ ਦੇ ਵੀਰਜ ਤੋਂ ਨਿਯੋਗ ਵਿਧੀ ਨਾਲ ਸੰਸਾਰ ਵਿਚ ਪ੍ਰਗਟ ਹੁੰਦੇ ਦਿਖਾਏ ਗਏ ਹਨ। ਯੁਧਿਸ਼ਟਰ, ਭੀਮ, ਅਰਜਨ, ਨਕਲ, ਸਹਿਦੇਵ ਵੀ ਨਿਯੋਗ ਵਿਧੀ ਦੁਆਰਾ ਉਤਪੰਨ ਹੁੰਦੇ ਦੱਸੇ ਗਏ ਹਨ। ਸੰਤਾਂ-ਗੁਰੂਆਂ ਦੀ ਬ੍ਰਹਿਮੰਡੀ ਵਿਚਾਰਧਾਰਾ *'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'* ਨੇ ਔਰਤ ਨੂੰ ਰਾਜਿਆਂ, ਰਿਸ਼ੀਆਂ, ਮੁਨੀਆਂ ਨੂੰ ਜਨਮ ਦਾਤੀ ਕਰਾਰ ਦਿੰਦੇ ਬ੍ਰਾਹਮਣਵਾਦ ਦੇ ਇਸ ਮਾਇਆ ਜਾਲ ਨੂੰ ਤੋੜਿਆ ਜੋ ਕਿ ਇਸਤਰੀ ਜਾਤੀ ਨੂੰ ਗੁਲਾਮੀ ਦੇ ਰਾਹੇ ਪਾਉਂਦਾ ਸੀ। ਇਥੋਂ ਤੱਕ ਗੁਰੂ ਸਾਹਿਬਾਂ ਨੇ ਸਤੀ ਰਸਮ ਦੀ ਨਿਖੇਧੀ ਕਰਦਿਆਂ ਆਖਿਆ ਕਿ ਸਤੀ ਉਹੀ ਅਖਵਾਉਣ ਦੇ ਯੋਗ ਹੈ ਜੋ ਪਤੀ ਦੇ ਮਰਨ ਉਪਰੰਤ ਆਪਣਾ ਜੀਵਨ ਪਵਿੱਤਰ ਰੱਖਦੇ ਹੋਏ ਆਪਣੇ ਪਤੀ ਦੀ ਯਾਦ ਵਿਚ ਜੀਵਨ ਬਤੀਤ ਕਰੇ ਜਾਂ ਪਤੀ ਮਰਨ ਦੇ ਦੁੱਖ ਦਾ ਅਹਿਸਾਸ ਕਰੇ ;

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੭)

ਸਿੱਖੀ, ਈਸਾਈਅਤ, ਬੁੱਧਇਜ਼ਮ, ਅੰਬੇਡਕਰਵਾਦ ਵਿਚ ਬ੍ਰਾਹਮਣਇਜ਼ਮ ਦੀ ਅਜਿਹੀ ਅਵਸਥਾ ਨੂੰ ਪ੍ਰਵਾਨਗੀ ਨਹੀਂ, ਕਿਉਂਕਿ ਕੁਦਰਤੀ ਸਿਧਾਂਤ ਅਤੇ ਮਨਮੁਖੀ ਵਿਚਾਰਧਾਰਾ ਦਾ ਟਕਰਾਓ ਹੈ। ਬ੍ਰਾਹਮਣਇਜ਼ਮ ਗੈਰ ਕੁਦਰਤੀ ਅਤੇ ਮਾਇਆਵਾਦ ਦਾ ਸਿਧਾਂਤ ਹੈ ਜੋ ਗੈਰ ਬਰਾਬਰੀ 'ਤੇ ਆਧਾਰਿਤ ਹੈ, ਜਦ ਕਿ ਗੁਰਮਤਿ, ਅੰਬੇਡਕਰਇਜ਼ਮ, ਇਸਲਾਮ, ਇਸਾਈਅਤ ਅਤੇ ਬੁੱਧਇਜ਼ਮ ਆਦਿ ਦੀ ਵਿਚਾਰਧਾਰਾ ਬ੍ਰਹਿਮੰਡਵਾਦ ਦੀ ਪ੍ਰਕਿਰਿਆ ਨੂੰ ਬਹਾਲ ਰੱਖਦੀ ਹੈ।

ਅੱਜ ਸਾਡੇ ਸਮਾਜ ਦੀ ਹਾਲਤ ਇਹ ਹੈ ਕਿ ਬ੍ਰਾਹਮਣਵਾਦ ਜੀਵਨ ਦਾ ਅੰਗ ਬਣ ਗਿਆ ਹੈ। ਭਾਰਤ ਦਾ ਹਰੇਕ ਮਨੁੱਖ ਇਸ ਦਾ ਗੁਲਾਮ ਹੈ, ਜਿਸ ਅਧੀਨ ਕਦੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਹੁੰਦਾ ਹੈ, ਕਦੇ ਸ੍ਰੀ ਅਕਾਲ ਤਖਤ ਸਾਹਿਬ ਢਹਿ ਢੇਰੀ ਹੁੰਦਾ ਹੈ, ਕਦੇ ਹਿੰਦੂਤਵੀ ਨਵੰਬਰ 84 'ਚ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਅਤੇ ਦਿੱਲੀ 'ਚ ਸਿੱਖਾਂ ਦੀਆਂ ਜਾਇਦਾਦਾਂ ਨੂੰ ਅੱਗ ਲਾਉਂਦੇ ਅਤੇ ਲੁੱਟਮਾਰ ਕਰਦੇ ਹਨ, ਸਿੱਖ ਇਸਤਰੀਆਂ ਦੀ ਪੱਤ ਲੁੱਟਦੇ ਹਨ, ਸਿੱਖਾਂ ਦੇ ਗਲਾਂ ਵਿਚ ਸੜਦੇ ਬਲਦੇ ਟਾਇਰ ਪਵਾ ਕੇ ਭੰਗੜਾ ਪਾਉਂਦੇ ਹਨ, ਕਦੇ ਸਿੱਖਾਂ ਦਾ ਇਤਿਹਾਸ ਸਰਕਾਰੀ ਤੌਰ 'ਤੇ ਬਦਲਿਆ ਤੇ ਮਿਟਾਇਆ ਜਾਂਦਾ ਹੈ, ਕਦੇ ਬਾਬਰੀ ਮਸਜਿਦ ਢਹਿ ਢੇਰੀ ਕਰਦੇ ਹਨ, ਕਦੇ ਸਿੱਖਾਂ ਦੀ ਨਸਲਕੁਸ਼ੀ ਹੁੰਦੀ ਹੈ, ਕਦੇ ਈਸਾਈਆਂ 'ਤੇ ਹਮਲੇ ਹੁੰਦੇ ਹਨ, ਕਦੇ ਇਸਲਾਮ ਨੂੰ ਦਬਾਉਣ ਲਈ ਗੁਜਰਾਤ, ਬੰਬਈ 'ਚ ਮੁਸਲਮਾਨਾਂ ਦਾ ਕਤਲੇਆਮ ਕੀਤਾ ਜਾਂਦਾ ਹੈ। ਸੰਵਿਧਾਨ, ਕਾਨੂੰਨ ਸਭ ਦੀਆਂ ਧੱਜੀਆਂ

ਉਡਾਈਆਂ ਜਾਂਦੀਆਂ ਹਨ।

ਜੇਕਰ ਅਜਿਹੀ ਵਿਧੀ ਜਾਰੀ ਰਹੀ ਤਾਂ ਦੇਸ ਆਰਥਿਕ, ਸਾਮਾਜਿਕ, ਰਾਜਨੀਤਕ, ਗਿਆਨ, ਸਭਿਆਚਾਰਕ ਪੱਖੋਂ ਖਿੰਡ ਜਾਵੇਗਾ, ਕਿਉਂਕਿ ਬ੍ਰਾਹਮਣਵਾਦ ਦੇ ਬੋਲ ਬਾਲੇ ਕਾਰਣ ਹੀ ਹਿੰਦੋਸਤਾਨ, ਭੇਦ-ਭਾਵ, ਅਸਮਾਨਤਾ, ਗਰੀਬੀ, ਅਨਪੜ੍ਹਤਾ, ਅੰਧ-ਵਿਸ਼ਵਾਸਾਂ, ਪਖੰਡਾਂ, ਭ੍ਰਿਸ਼ਟਾਚਾਰ, ਹਿੰਸਾ, ਘਪਲਿਆਂ ਦਾ ਸ਼ਿਕਾਰ ਹੈ। ਇਥੇ ਇਹ ਕਹਿਣਾ ਵਾਜਬ ਹੈ ਕਿ ਬ੍ਰਾਹਮਣਵਾਦ ਦਾ ਮਾਇਆਵਾਦ ਦੇਸ, ਸਮਾਜ ਅਤੇ ਵਿਅਕਤੀ ਦੀ ਪ੍ਰਗਤੀ ਵਿਚ ਰੁਕਾਵਟ ਹੈ। ਬ੍ਰਾਹਮਣਵਾਦ ਦਾ ਮਾਇਆਵਾਦ ਦਾ ਮਾਨਵਵਾਦੀ ਧਰਮਾਂ ਦੇ ਬ੍ਰਹਿਮੰਡੀਕਰਨ ਨਾਲ ਲਗਾਤਾਰ ਟਕਰਾਓ ਹੈ, ਕਿਉਂਕਿ ਬ੍ਰਹਿਮੰਡਵਾਦ ਨਵੀਨਤਾ, ਪ੍ਰਗਤੀ, ਮੌਲਿਕਤਾ, ਸਚਾਈ, ਬਰਾਬਰੀ, ਸਰਬੱਤ ਹਿੱਤ, ਸਰਬੱਤ ਅਜ਼ਾਦੀ, ਗਿਆਨ ਦਾ ਹਿੱਤੂ ਹੈ। 'ਫੁਟ ਪਾਓ, ਰਾਜ ਕਰੋ', 'ਖਾਓ, ਪੀਓ ਭੋਗ ਕਰੋ ਬ੍ਰਾਹਮਣਵਾਦ ਦਾ ਮਾਇਆਵਾਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਜੇਕਰ ਅਮਲ ਵਿਚ ਲਿਆ ਕੇ ਇਸ ਵਿਰੁੱਧ ਜਮਹੂਰੀ ਢੰਗ ਨਾਲ ਸੰਘਰਸ਼ ਨਹੀਂ ਕੀਤਾ ਜਾਂਦਾ, ਉਨ੍ਹਾਂ ਚਿਰ ਮਨੁੱਖਤਾ ਦਾ ਭਲਾ ਨਹੀਂ ਹੋ ਸਕਦਾ, ਸਰਬੱਤ ਹਿੱਤ ਸੁਰੱਖਿਅਤ ਨਹੀਂ ਰਹਿ ਸਕਦੇ, ਜਾਤ-ਪਾਤ ਦਾ ਬੀਜ ਨਾਸ਼ ਨਹੀਂ ਹੋ ਸਕਦਾ, ਮਨੁੱਖੀ ਅਧਿਕਾਰਾਂ ਦਾ ਬੋਲਬਾਲਾ ਨਹੀਂ ਹੋ ਸਕਦਾ। ਲੋੜ ਹੈ ਬਾਬੇ ਨਾਨਕ ਦੇ ਸਿੱਖਾਂ ਨੂੰ ਜਾਗਣ ਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਰਧਾਰਾ ਨੂੰ ਅਮਲੀ ਤੌਰ 'ਤੇ ਪ੍ਰਚਾਰਨ ਅਤੇ ਪ੍ਰਸਾਰਨ ਦੀ।

* * *



# ਗੁਰਮਤਿ ਵਿਚਾਰਧਾਰਾ ਅਤੇ ਮਾਰਕਸਵਾਦ

ਪਿਛਲੇ ਦੌਰ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਸ਼ੀਰਾਜਾ ਰੂਸ ਖੰਡ ਖੰਡ ਹੋ ਚੁੱਕਿਆ ਹੈ। ਕਾਰਣ ਇਹ ਹੈ ਕਿ ਰੂਸ ਦੇ ਮਾਰਕਸਵਾਦੀ ਆਗੂਆਂ ਨੇ ਨਾ ਸਮੇਂ ਦੀ ਨਬਜ਼ ਨੂੰ ਪਛਾਣਿਆ ਹੈ ਅਤੇ ਨਾ ਹੀ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਹੈ। ਨਤੀਜੇ ਵਜੋਂ ਉਨ੍ਹਾਂ ਦਾ ਜਨਤਾ ਵਿਚ ਆਧਾਰ ਖਤਮ ਹੋ ਗਿਆ। ਪਰ ਪਿੱਛੇ ਜਿਹੇ ਉਨ੍ਹਾਂ ਨੇ ਡੂੰਘੀ ਨੀਝ ਤੇ ਸਿਆਣਪ ਤੋਂ ਕੰਮ ਲੈ ਕੇ ਅਜੋਕੇ ਯੁਗ ਵਿਚ ਧਰਮ ਦੇ ਮਹੱਤਵ ਨੂੰ ਸਮਝਦਿਆਂ ਹੋਇਆ ਆਪਣਾ ਵਿਰਸਾ ਤੇ ਵਰਤਮਾਨ ਈਸਾਈਅਤ ਨਾਲ ਜੋੜ ਲਿਆ ਹੈ ਤਾਂ ਜੋ ਉਹ ਲੋਕਾਂ ਵਿਚ ਆਪਣਾ ਆਧਾਰ ਦੁਬਾਰਾ ਸਿਰਜ ਸਕਣ। ਇਸ ਦਾ ਨਤੀਜਾ ਇਹ ਹੋਇਆ ਕਿ ਰੂਸ ਦੇ ਲੋਕਾਂ ਵਿਚ ਉਨ੍ਹਾਂ ਦੀ ਪੁਛ ਪ੍ਰਤੀਤ ਦੁਬਾਰਾ ਹੋਣ ਲੱਗ ਪਈ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦੇ ਮਾਰਕਸਵਾਦੀ ਸਿੱਖ ਚਿੰਤਕਾਂ ਨੇ ਇਸ ਤੋਂ ਕੋਈ ਸਬਕ ਨਹੀਂ ਸਿਖਿਆ। ਉਨ੍ਹਾਂ ਦੀ ਸੋਚ ਇਥੇ ਖੜ੍ਹੀ ਹੈ ਕਿ ਰੂਸ ਦੇ ਲੋਕਾਂ ਨੇ ਮਾਰਕਸਵਾਦੀ ਵਿਚਾਰਧਾਰਾ ਨੂੰ ਨਹੀਂ ਨਕਾਰਿਆ, ਬਲਕਿ ਉਥੋਂ ਦੇ ਆਗੂਆਂ ਦੀ ਨੀਤੀ ਨੂੰ ਨਕਾਰਿਆ ਹੈ ਜੋ ਕਿ ਸੁਚੱਜੇ ਢੰਗ ਨਾਲ ਲੋਕਾਂ ਦੀ ਅਗਵਾਈ ਨਹੀਂ ਕਰ ਸਕੇ। ਇਨ੍ਹਾਂ ਚਿੰਤਕਾਂ ਦੀ ਸੋਚ ਇਸੇ ਰੂੜੀਵਾਦੀ ਸਿਧਾਂਤ ਨੂੰ ਲੈ ਕੇ ਖੜੀ ਹੈ ਕਿ 'ਮਾਰਕਸ ਅਨੁਸਾਰ ਧਰਮ ਅਫੀਮ' ਹੈ। ਇਸੇ ਰੂੜੀਵਾਦੀ ਸਿਧਾਂਤ ਕਾਰਣ ਉਹ ਗੁਰੂ ਗ੍ਰੰਥ ਸਾਹਿਬ ਜੀ ਵਰਗੀ ਅਗਾਂਹਵਧੂ ਵਿਚਾਰਧਾਰਾ ਨਾਲ ਟੱਕਰ ਲੈ ਕੇ ਆਪਣੇ ਲੋਕਾਂ ਵਿਚੋਂ ਆਧਾਰਹੀਣ ਹੋ ਗਏ ਹਨ। ਜੇਕਰ ਇਹ ਰੂਸ ਦੇ ਮਾਰਕਸੀਆਂ ਵਾਂਗ ਸਿੱਖ ਧਰਮ ਨੂੰ ਆਪਣਾ ਆਧਾਰ ਬਣਾ ਕੇ ਚਲਦੇ ਤਾਂ ਉਹ ਲੋਕਾਂ ਦੇ ਹਿਰਦੇ 'ਤੇ ਰਾਜ ਕਰਦੇ। ਇਨ੍ਹਾਂ ਲੋਕਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਮਾਰਕਸ ਨੇ ਉਸ ਧਰਮ ਨੂੰ ਅਫੀਮ ਕਿਹਾ ਹੈ ਜੋ ਕਿ ਅੰਧ-ਵਿਸ਼ਵਾਸ ਫੈਲਾਉਂਦੇ ਹਨ। ਸਿੱਖ ਧਰਮ ਤਾਂ ਤਰਕਸ਼ੀਲ, ਅਗਾਂਹਵਧੂ ਅਤੇ ਉਤਮ ਕੀਮਤਾਂ ਦਾ ਪ੍ਰਸਾਰਨ ਕਰਨ ਵਾਲਾ ਧਰਮ ਹੈ। ਕੀ ਅਜਿਹਾ ਧਰਮ ਅਫੀਮ ਹੋ ਸਕਦਾ ਹੈ ?

ਪਰ ਪੰਜਾਬ ਦੇ ਸਿੱਖ ਮਾਰਕਸਵਾਦੀ ਜੋ ਕਿ ਜ਼ਿਆਦਾਤਰ ਦਿਹਾਤੀ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਹਨ, ਨੇ ਇਸ ਸਚਿਆਈ ਨੂੰ ਸਮਝਣ ਦਾ ਯਤਨ ਨਹੀਂ ਕੀਤਾ, ਸਗੋਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਰੋਧੀ ਨੀਤੀ ਅਪਨਾ ਕੇ ਪੰਜਾਬ ਦੀ ਜਵਾਨੀ ਨੂੰ ਵੀ ਗੁੰਮਰਾਹ ਕੀਤਾ ਅਤੇ ਪੰਜਾਬ ਦੀ ਸਿਆਸਤ ਨੂੰ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਕਮਿਊਨਿਸਟ

ਜਾਂ ਮਾਰਕਸੀ ਵਿਚਾਰਧਾਰਾ ਵਿਚ ਢਾਲਣ ਦੀ ਅਸਫਲ ਕੋਸ਼ਿਸ਼ ਕੀਤੀ। ਪੰਜਾਬ ਵਿਚ ਕਮਿਊਨਿਸਟਾਂ ਦੇ ਤਿੰਨ ਧੜੇ ਰਹੇ - ਰੂਸ ਪੱਖੀ, ਚੀਨ ਪੱਖੀ ਅਤੇ ਖਾੜਕੂ ਮਾਰਕਸਵਾਦੀ ਲੈਨਿਨਵਾਦੀ। ਅਜਿਹਾ ਨਹੀਂ ਕਿ ਇਹੀ ਤਿੰਨ ਧੜੇ ਸਨ, ਬਲਕਿ ਛੋਟੇ ਛੋਟੇ ਗਰੁੱਪ ਗਿਣ ਲਈਏ ਤਾਂ ਇਹ ਗਿਣਤੀ ਦਰਜਨ ਦੇ ਨੇੜੇ ਜਾ ਢੁਕਦੀ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਇਨ੍ਹਾਂ ਨੇ ਇਸ ਢੰਗ ਨਾਲ ਘੁਸਪੈਠ ਕਰ ਲਈ ਕਿ ਅਠਵੇਂ ਦਹਾਕੇ ਤੱਕ ਬਹੁਗਿਣਤੀ ਕਾਲਜ/ਯੂਨੀਵਰਸਿਟੀਆਂ ਦੇ ਅਧਿਆਪਕ ਕਮਿਊਨਿਸਟਾਂ ਵਿਚੋਂ ਹੀ ਆਉਂਦੇ ਸਨ। ਨਤੀਜਾ ਇਹ ਹੋਇਆ ਕਿ ਬਹੁਤੇ ਸਿੱਖ ਨੌਜਵਾਨ ਆਪਣੇ ਸਿੱਖ ਧਰਮ ਨੂੰ ਅਲਵਿਦਾ ਆਖ ਕੇ ਇਸ ਮਾਰਕਸੀ ਵਿਚਾਰਧਾਰਾ ਨਾਲ ਜਾ ਜੁੜੇ ਅਤੇ ਆਪਣੇ ਧਾਰਮਿਕ ਚਿੰਨ ਕੇਸ-ਦਾਹੜੀਆਂ ਤੱਕ ਕਟਾ ਕੇ ਨਸ਼ਿਆਂ, ਸ਼ਰਾਬਾਂ ਅਤੇ ਸਿਗਰਟਾਂ ਦੇ ਦੌਰ ਵਿਚ ਜਾ ਬਿਰਾਜੇ। ਇਸ ਕਿਸਮ ਨਾਲ ਉਹ ਆਪਣੇ ਆਪ ਨੂੰ ਅਗਾਂਹਵਧੂ ਅਤੇ ਆਧੁਨਿਕ ਆਖਣ ਲੱਗ ਪਏ। ਇਸ ਰੁਝਾਨ ਨੇ ਸਾਡੇ ਨੌਜਵਾਨਾਂ ਨੂੰ ਆਪਣੇ ਬਹੁਮੁੱਲੇ ਵਿਰਸੇ ਨਾਲੋਂ ਤੋੜ ਕੇ ਬਿਗਾਨੇ ਸਭਿਆਚਾਰ ਦੀ ਮਾਨਸਿਕ ਗੁਲਾਮੀ ਦਾ ਸ਼ਿਕਾਰ ਬਨਾਉਣ ਦੀ ਅਨਜਾਣੀ ਅਤੇ ਅਣਚਾਹੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਬਿਗਾਨੇ ਸਭਿਆਚਾਰ ਪ੍ਰਸਾਰਨ ਵਾਲੇ ਸਿੱਖ ਧਰਮ ਨਾਲ ਸੰਬੰਧਿਤ ਕਾਮਰੇਡ ਆਗੂਆਂ ਨੇ ਇਸ ਇਤਿਹਾਸ ਵੱਲ ਵੀ ਖਿਆਲ ਨਹੀਂ ਕੀਤਾ ਕਿ ਜਦ 1947 ਵਿਚ ਦੇਸ ਅਜ਼ਾਦ ਹੋਇਆ ਸੀ ਤਾਂ ਰੂਸ ਵਿਚੋਂ ਮਾਰਕਸਵਾਦ ਵਿਚਾਰਧਾਰਾ ਅਪਨਾ ਕੇ ਆਏ ਪੰਜਾਬ ਦੇ ਬਹੁਤ ਸਾਰੇ ਗਦਰੀ ਬਾਬੇ ਅਖੰਡ ਕੀਰਤਨੀ ਜਥੇ ਦੇ ਸਿਰਜਣਹਾਰ ਸੰਤ ਭਾਈ ਰਣਧੀਰ ਸਿੰਘ ਜੀ ਦੀ ਸਿਖਿਆ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਭਿਆਚਾਰ ਨਾਲ ਮੁੜ ਜੁੜ ਗਏ ਸਨ। ਉਨ੍ਹਾਂ ਨੇ ਆਪਣੀਆਂ ਧਾਰਮਿਕ ਰਸਮਾਂ ਨਿਤਨੇਮ, ਸਿੱਖ ਰਹਿਤ ਮਰਿਯਾਦਾ, ਸਿੱਖੀ ਸਰੂਪ ਨੂੰ ਦੁਬਾਰਾ ਅਪਨਾ ਲਿਆ ਸੀ।

ਹੁਣ ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿੱਖ ਧਰਮ ਜੇਕਰ ਇਨ੍ਹਾਂ ਵਧੀਆ ਵਿਚਾਰਧਾਰਕ ਧਰਮ ਸੀ ਤਾਂ ਉਹ ਸਿੱਖ ਨੌਜਵਾਨਾਂ ਨੂੰ ਮਾਰਕਸਵਾਦ ਪੱਛਮੀ ਸਭਿਆਚਾਰ ਅਤੇ ਪਤਿਤਪੁਣੇ ਵੱਲ ਜਾਣ ਤੋਂ ਰੋਕ ਕਿਉਂ ਨਹੀਂ ਸਕਿਆ ?

ਕਾਰਨ ਇਹੀ ਹੈ ਕਿ ਸਿੱਖ ਧਰਮ ਵਿਚ ਪ੍ਰਚਾਰ ਤੇ ਪ੍ਰਸਾਰ ਦੀ ਘਾਟ ਸੀ। ਇਨ੍ਹਾਂ ਦੇ ਆਗੂਆਂ ਅਤੇ ਜਥੇਬੰਦੀਆਂ ਦਾ ਰੋਲ ਨਕਾਰਾਤਮਕ ਸੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਵੱਲ ਇਨ੍ਹਾਂ ਦੀ ਪਹੁੰਚ ਸਾਰਥਕ ਨਹੀਂ ਸੀ। ਇਹ ਸੰਗਤ ਦੀ ਥਾਂ ਸੰਗਮਰਮਰ ਦੇ ਗੁਰਧਾਮ ਸਿਰਜਣ ਵੱਲ ਰੁਚਿਤ ਹੁੰਦੇ ਰਹੇ। ਇਸ ਲੀਡਰਸ਼ਿਪ ਬਾਰੇ ਆਮ ਲੋਕਾਂ ਦਾ ਵਿਸ਼ਵਾਸ ਸੀ ਕਿ ਇਹ ਪੰਥ ਦੇ ਨਾਂ 'ਤੇ ਰੋਟੀਆਂ ਸੇਕ ਰਹੇ ਹਨ, ਪਰ ਇਨ੍ਹਾਂ ਵਿਚ ਪੰਥਕ ਜਾਗ੍ਰਿਤੀ ਨਾਂ ਦੀ ਕੋਈ ਅਵਸਥਾ ਨਹੀਂ। ਇਥੋਂ ਤੱਕ ਸੰਤ ਫਤਹਿ ਸਿੰਘ ਦੇ ਹਵਨ ਕੁੰਡ ਨੇ ਸਿੱਖ ਲੀਡਰਸ਼ਿਪ ਪ੍ਰਤੀ ਕਈ ਸ਼ੰਕੇ ਖੜ੍ਹੇ ਕਰ ਦਿੱਤੇ, ਜਿਵੇਂ ਕਿ ਹੁਣ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਹਵਨ, ਯੱਗ, ਜੋਤਿਸ਼ ਨੂੰ ਅਪਨਾ ਰਹੇ ਹਨ ਅਤੇ ਵਾਹਿਗੁਰੂ ਜੀ ਦਾ ਖਾਲਸਾ ਕਹਿਣ ਦੀ ਥਾਂ ਜੈ ਸ੍ਰੀ ਰਾਮ ਕਹਿਣ ਦੀ ਪਿਰਤ ਪਾ ਰਹੇ ਹਨ। ਇਹ ਤਾਂ ਸੱਚ ਹੈ ਜਿਹੋ ਜਿਹਾ ਬੀਜੋਗੇ, ਤਿਹੋ ਜਿਹਾ ਪਾਓਗੇ। ਜੇਕਰ ਸਿੱਖ ਧਰਮ ਦੇ



ਪ੍ਰਚਾਰਕਾਂ ਨੇ ਬਿਲਡਿੰਗਾਂ ਉਸਾਰਨੀਆਂ ਸਨ ਅਤੇ ਗੁਰਮਤਿ ਵਿਚਾਰਧਾਰਾ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਵਿਚ ਫਿਟ ਕਰਨਾ ਹੈ ਤਾਂ ਬਿਲਡਿੰਗ ਦੀ ਗਿਣਤੀ ਹੀ ਵਧਣੀ ਸੀ, ਨਾ ਕਿ ਸੰਗਤ ਦੀ। ਜੇਕਰ ਸੰਗਤ ਉਸਰਨੀ ਵੀ ਸੀ, ਉਹ ਵੀ ਹਿੰਦੂਤਵੀ ਵਿਸ਼ਵਾਸਾਂ ਵਾਲੀ। ਸਿੱਖ ਲੀਡਰਸ਼ਿਪ ਗੁਰਮਤਿ ਸਿਧਾਂਤ ਉਸਾਰਨ 'ਤੇ ਬਲ ਦਿੰਦੇ ਤਾਂ ਕਿਵੇਂ ਹੋ ਸਕਦਾ ਸੀ ਕਿ ਸਿੱਖ ਨੌਜਵਾਨ ਸਿੱਖ ਧਰਮ ਨੂੰ ਅਲਵਿਦਾ ਕਹਿ ਕੇ ਮਾਰਕਸਵਾਦ ਵੱਲ ਚਲੇ ਜਾਂਦੇ। ਇਸ ਦੇ ਉਲਟ ਮਾਰਕਸਵਾਦੀ ਚਿੰਤਕ ਸਿੱਖ ਚਿੰਤਕਾਂ ਅਤੇ ਪ੍ਰਚਾਰਕਾਂ ਨਾਲ ਵੱਧ ਸਿਆਣੇ ਸਨ, ਜਿਸ ਕਾਰਣ ਉਹ ਸਿੱਖ ਨੌਜਵਾਨਾਂ ਨੂੰ ਆਪਣੇ ਵੱਲ ਖਿਚ ਸਕੇ।

ਜਦੋਂ ਰੂਸ ਟੁਟਿਆ ਤਾਂ ਪੰਜਾਬ ਵਿਚੋਂ ਮਾਰਕਸਵਾਦੀ ਲਹਿਰ ਵੀ ਦਮ ਤੋੜਨ ਲੱਗੀ। ਇਸ ਨੂੰ ਸਭ ਤੋਂ ਵੱਡਾ ਝਟਕਾ 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ 1980 ਈਸਵੀ ਵਿਚ ਦਿੱਤਾ। ਉਨ੍ਹਾਂ ਨੇ ਅਕਾਲੀਆਂ ਦੇ ਕਾਲੇ ਕਲਚਰ ਦੀ ਥਾਂ ਉਨ੍ਹਾਂ ਨੇ ਗੁਰਮਤਿ ਦੇ ਸਭਿਆਚਾਰ ਨੂੰ ਅਪਨਾ ਕੇ, ਲੋਭ-ਲਾਲਚ ਤੋਂ ਉਪਰ ਉਠ ਕੇ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਦੀ ਇਸ ਪਹੁੰਚ ਕਰਕੇ ਸਿੱਖ ਨੌਜਵਾਨ ਸਿੱਖੀ ਵੱਲ ਮੁੜ ਪਰਤਣ ਲੱਗੇ। ਇਸ ਬੁਖਲਾਹਟ ਤੋਂ ਘਬਰਾ ਕੇ ਕਾਮਰੇਡ ਆਗੂ ਸੰਤ ਭਿੰਡਰਾਂਵਾਲਿਆਂ ਦੀ ਅੰਨ੍ਹੇਵਾਹ ਵਿਰੋਧਤਾ ਕਰਨ ਲੱਗ ਪਏ ਅਤੇ ਉਨ੍ਹਾਂ ਨੇ ਪੰਜਾਬ ਦੀਆਂ ਮੁੱਖ ਮੰਗਾਂ ਦੇ ਏਜੰਡੇ ਅਨੰਦਪੁਰ ਮਤੇ ਦੀ ਵਿਰੋਧਤਾ ਵੀ ਕਰ ਦਿੱਤੀ। ਇਹ ਪੰਜਾਬੀਆਂ ਨੂੰ ਇਹ ਗੱਲ ਸਮਝ ਆ ਗਈ ਕਿ ਮਾਰਕਸਵਾਦੀ ਆਗੂਆਂ ਦੀ ਸਿੱਖਾਂ ਤੇ ਪੰਜਾਬ ਪ੍ਰਤੀ ਪਹੁੰਚ ਸਿਹਤਮੰਦ ਨਹੀਂ।

ਹੁਣ ਸਿੱਖ ਧਰਮ ਦੇ ਪ੍ਰਚਾਰਕ ਅਤੇ ਜਥੇਬੰਦੀਆਂ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਦਰਿਆ ਨੂੰ ਪਾਰ ਕਰਨ ਦੀਆਂ ਅੰਗੜਾਈਆਂ ਲੈ ਰਹੇ ਹਨ। ਇਨ੍ਹਾਂ ਨੂੰ ਹੁਣ ਇਹ ਸਮਝਣ ਦੀ ਲੋੜ ਹੈ ਕਿ ਉਹ ਆਪਣੇ ਗਿਆਨਵਾਨ ਵਿਅਕਤੀਆਂ ਨੂੰ ਜੋ ਮਾਰਕਸੀ ਵਿਚਾਰਧਾਰਾ ਦੇ ਅਧੀਨ ਆਪਣੇ ਵਿਰਸੇ ਨੂੰ ਤਿਲਾਂਜਲੀ ਦੇ ਗਏ ਸਨ, ਕਿਵੇਂ ਨਾ ਕਿਵੇਂ ਆਪਣੇ ਧਰਮ ਵਿਚ ਵਾਪਸ ਲਿਆਂਦਾ ਜਾਵੇ। ਇਸ ਸੰਬੰਧ ਵਿਚ ਸਭ ਤੋਂ ਵੱਡੀ ਲੋੜ ਇਨ੍ਹਾਂ ਵਿਦਵਾਨਾਂ ਨੂੰ ਗੁਰਮਤਿ ਨਾਲ ਜੋੜਨ ਦੀ ਹੈ, ਨਾ ਕਿ ਉਨ੍ਹਾਂ ਨੂੰ ਕਾਮਰੇਡ ਤੇ ਨਾਸਤਕ ਕਹਿ ਕੇ ਆਪਣੇ ਧਰਮ ਨਾਲ ਹੋਰ ਪਾੜਾ ਵਧਾਉਣ ਦੀ ਲੋੜ ਹੈ। ਜੇਕਰ ਮਾਰਕਸੀ ਸਿੱਖ ਵਿਦਵਾਨ ਸਿੱਖ ਧਰਮ ਉਪਰ ਵਿਚਾਰਧਾਰਕ ਹਮਲਾ ਕਰਦੇ ਹਨ ਤਾਂ ਉਨ੍ਹਾਂ ਦਾ ਜੁਆਬ ਦੇਣ ਲਈ ਸਿੱਖ ਵਿਦਵਾਨਾਂ ਨੂੰ ਦਲੀਲ ਨਾਲ ਢੁਕਵਾਂ ਜੁਆਬ ਚਾਹੀਦਾ ਹੈ। ਸਿੱਖ ਵਿਦਵਾਨਾਂ ਨੂੰ ਇਹ ਸੱਚ ਮੰਨ ਕੇ ਚੱਲਣਾ ਪਵੇਗਾ ਕਿ ਅਸੀ ਸ਼ਬਦ ਗੁਰੂ ਵਾਲੇ ਕੋਈ ਕੱਚੇ ਪੈਰੀਂ ਨਹੀਂ ਜੋ ਕਿ ਮਾਰਕਸੀ ਚਿੰਤਕਾਂ ਨੂੰ ਦਲੀਲ ਨਾਲ ਨਾ ਸਮਝਾ ਸਕੀਏ। ਮਾਰਕਸਵਾਦੀ ਚਿੰਤਕਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਉਹ ਰੋਮਾਂਟਿਕ ਇਨਕਲਾਬ ਵਿਚ ਮਸਤ ਹੋ ਕੇ ਸਿੱਖ ਧਰਮ ਵਰਗੇ ਅਗਾਂਹਵਧੂ ਧਰਮ ਨੂੰ ਨਾ ਨਕਾਰਨ। ਜੇਕਰ ਉਹ ਇਸੇ ਤਰ੍ਹਾਂ ਕਰਦੇ ਰਹੇ ਤਾਂ ਉਹ ਆਪਣੇ ਲੋਕਾਂ ਤੋਂ ਨਿਖੜ ਕੇ ਨਕਾਰਾ ਹੋ ਜਾਣਗੇ। ਇਸ ਵਿਚ ਕੋਈ ਸ਼ੱਕ ਨਹੀਂ ਗੁਰਮਤਿ ਅਤੇ ਮਾਰਕਸਵਾਦ ਦਾ ਸਿਧਾਂਤ ਪੱਖੋਂ ਬਾਕੀ ਵਿਚਾਰਧਾਰਾਵਾਂ ਨਾਲ ਜ਼ਿਆਦਾ ਮੇਲ ਹੈ ਅਤੇ

ਇਕ ਸਾਂਝ ਵੀ ਹੈ। ਪਰ ਜਿਥੇ ਮਾਰਕਸ ਆਪਣੀ ਗੱਲ ਅਧੂਰੀ ਛੱਡਦਾ ਹੈ ਜਾਂ ਉਕਾਈ ਕਰਦਾ ਹੈ, ਉਥੇ ਗੁਰਮਤਿ ਸੰਪੂਰਨ ਕਰਦੀ ਹੈ ਅਤੇ ਮਨੁੱਖ ਨੂੰ ਪਰਮ ਮਨੁੱਖ ਬਨਾਉਣ ਲਈ ਵਚਨਬੱਧ ਹੈ। ਹਲੇਮੀ ਰਾਜ ਅਤੇ ਬੇਗਮਪੁਰੇ ਦਾ ਸਿਧਾਂਤ ਇਸੇ ਗੱਲ ਦਾ ਪ੍ਰਮਾਣ ਹਨ, ਜਿਸ ਵਿਚ ਹਰੇਕ ਮਨੁੱਖ ਨੂੰ ਆਪਣੀ ਅਜ਼ਾਦੀ ਮਾਨਣ ਦਾ ਹੱਕ ਹੈ ਅਤੇ ਹਰੇਕ ਦੇ ਅਧਿਕਾਰ ਉਥੇ ਸੁਰੱਖਿਅਤ ਹਨ। ਗੁਰਮਤਿ ਨੇ ਇਸ ਜੱਗ ਨੂੰ ਸੱਚੇ ਦੀ ਕੋਠੜੀ ਮੰਨ ਕੇ ਇਸ ਵਿਚ ਕਰਮਸ਼ੀਲ ਹੋਣ, ਹੱਸ, ਖੇਡ ਕੇ ਪਹਿਨ ਕੇ ਅਜ਼ਾਦ ਰਹਿਣ ਦਾ ਸੰਦੇਸ਼ ਦਿੱਤਾ ਹੈ ;

*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੨੨)

ਇਹੀ ਕਾਰਨ ਹੈ ਕਿ ਸਿੱਖ ਅੱਜ ਤੁਲਨਾਤਮਕ ਰੂਪ ਵਿਚ ਵਧੇਰੇ ਖਾਂਦੇ-ਪੀਂਦੇ, ਮਿਹਨਤੀ ਅਤੇ ਕਰਮਸ਼ੀਲ ਕੌਮੀਅਤ ਹਨ।

ਮਾਰਕਸਵਾਦ ਤੇ ਗੁਰਮਤਿ ਦੋਵੇਂ ਹੀ ਪਦਾਰਥਵਾਦੀ ਸੋਚ ਦੇ ਵਿਰੁੱਧ ਹੁੰਦੇ ਹੋਏ ਸਖਸ਼ੀਅਤ ਨੂੰ ਕਾਇਮ ਰੱਖਣ ਅਤੇ ਰਚਨਾਤਮਕ ਬਨਾਉਣ ਦੇ ਹੱਕ ਵਿਚ ਹਨ, ਬਿਨਾਂ ਮੌਕੇ ਤੇ ਸਹੂਲਤਾਂ ਦੇਣ, ਜਿਉਂਦੇ ਰਹਿਣ ਦੀ ਅੰਨੀ ਦੌੜ ਵਿਚ ਬੇ-ਮੁਹਾਰੀ ਅਜ਼ਾਦੀ ਦੇਣ ਦੇ ਹੱਕ ਵਿਚ ਨਹੀਂ। ਦੋਵਾਂ ਵਿਚਾਰਧਾਰਾਵਾਂ ਦਾ ਸਿਧਾਂਤ ਇਹੀ ਹੈ ਕਿ ਸਾਰੇ ਸਾਧਨ ਮਨੁੱਖਤਾ ਦੀ ਭਲਾਈ ਹਿੱਤ ਵਰਤੇ ਜਾਣੇ ਚਾਹੀਦੇ ਹਨ, ਨਾ ਕਿ ਅਮੀਰ ਲੋਕਾਂ ਦੇ ਹਿੱਤਾਂ ਦੀ ਪੂਰਤੀ ਅਤੇ ਉਨ੍ਹਾਂ ਦੇ ਮੁਨਾਫੇ ਵਧਾਉਣ ਲਈ, ਜਿਸ ਨਾਲ ਕਿ ਆਰਥਿਕ ਨਾ ਬਰਾਬਰੀ ਦਾ ਸੰਕਟ ਗਹਿਰਾ ਹੁੰਦਾ ਹੋਵੇ। ਗੁਰਬਾਣੀ ਦਾ ਨਾਮ ਜਪਣ, ਵੰਡ ਛਕਣ, ਕਿਰਤ ਕਰਨ ਦਾ ਸਿਧਾਂਤ ਆਰਥਿਕ ਬਰਾਬਰੀ ਸਿਰਜਣ ਵਾਲਾ ਸਿਧਾਂਤ ਹੈ ਜੋ ਕਿ ਮਾਰਕਸ ਤੋਂ ਪਹਿਲਾਂ ਸਿੱਖ ਗੁਰੂਆਂ ਨੇ ਪ੍ਰਸਾਰਿਤ ਕੀਤਾ ਸੀ। ਮਾਰਕਸ ਜ਼ੋਰ ਦਿੰਦਾ ਹੈ ਕਿ ਪਦਾਰਥ ਬਹੁਲਤਾ ਹੀ ਇਕ ਐਸਾ ਕਾਰਨ ਹੈ ਜੋ ਮਾਨਵੀ ਜੀਵਨ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਆਪਣੀ ਪੁਸਤਕ "ਏ ਕੰਟਰੀ ਬਿਉਸ਼ਨ ਟੂ ਦਾ ਕਰਿਟੀਕ ਆਫ ਪੁਲਿਟੀਕਲ ਇਕਾਨਮੀ" ਦੀ ਭੂਮਿਕਾ ਵਿਚ ਉਹ ਲਿਖਦਾ ਹੈ ;

"ਪਦਾਰਥਕ ਜੀਵਨ ਦਾ ਪੈਦਾਵਰੀ ਢੰਗ ਸਾਮਾਜਿਕ, ਰਾਜਨੀਤਕ ਅਤੇ ਬੌਧਿਕ ਜੀਵਨ ਦੇ ਆਮ ਅਮਲ ਨੂੰ ਨਿਸ਼ਚਿਤ ਕਰਦਾ ਹੈ। ਇਹ ਚੇਤਨਾ ਨਹੀਂ, ਜਿਹੜੀ ਮਨੁੱਖਾਂ ਦੀ ਹੋਂਦ ਨੂੰ ਨਿਸ਼ਚਿਤ ਕਰਦੀ ਹੈ, ਸਗੋਂ ਉਨ੍ਹਾਂ ਦੀ ਸਾਮਾਜਿਕ ਹੋਂਦ ਹੀ ਹੈ, ਜਿਹੜੀ ਉਨ੍ਹਾਂ ਦੀ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ।"

ਉਪਰੋਕਤ ਬਿਆਨ ਸਪੱਸ਼ਟ ਤੌਰ 'ਤੇ ਮਨੁੱਖੀ ਜੀਵਨ ਅਤੇ ਸਮਾਜ ਦੇ ਪਿਛੇ ਕੰਮ ਕਰਦੇ ਆਰਥਿਕ ਮੰਤਵਾਂ ਦੇ ਮਹੱਤਵ ਨੂੰ ਕਾਇਮ ਕਰਦਾ ਹੈ। ਇਸ ਦਾ ਅਰਥ ਇਹ ਵੀ ਹੈ ਕਿ ਪਦਾਰਥਕ ਭਲਾਈ ਤੋਂ ਬਿਨਾਂ ਮਨੁੱਖੀ ਜੀਵਨ ਲਈ ਕਿਸੇ ਚੀਜ਼ ਦੀ ਅਹਿਮੀਅਤ ਨਹੀਂ। ਇਸ ਤਰ੍ਹਾਂ ਮਾਰਕਸ ਦੀ ਵਿਚਾਰਧਾਰਾ ਵਿਚ ਨੈਤਿਕ ਅਤੇ ਰੂਹਾਨੀ ਪੱਖ ਦੀ ਅਣਹੋਂਦ ਹੈ। ਜਦ ਕਿ ਗੁਰਮਤਿ ਵਿਚਾਰਧਾਰਾ ਸਦਾਚਾਰਕ, ਨੈਤਿਕ ਅਤੇ ਰੂਹਾਨੀ ਪੱਖ ਤੇ ਬਲ ਦਿੰਦੀ ਹੋਈ ਪਦਾਰਥ ਦੇ ਮਹੱਤਵ ਨੂੰ ਸਮਝਦੀ ਹੈ। ਪ੍ਰਸਿੱਧ ਵਿਦਵਾਨ ਵੂਦਰੋ ਵਿਲਸਨ ਨੇ



ਠੀਕ ਹੀ ਕਿਹਾ ਹੈ ਕਿ ਸਾਡੀ ਸਭਿਅਤਾ ਪਦਾਰਥਕ ਤੌਰ 'ਤੇ ਜਿਉਂਦਾ ਨਹੀਂ ਰਹਿ ਸਕਦੀ, ਜਦੋਂ ਤੱਕ ਇਸ ਨੂੰ ਰੂਹਾਨੀ ਤੌਰ 'ਤੇ ਅਜ਼ਾਦ ਨਹੀਂ ਕਰਦੇ।

ਮਾਰਕਸ ਕਿਰਤੀਆਂ ਨੂੰ ਅਮੀਰਾਂ/ਜਾਗੀਰਦਾਰਾਂ ਤੋਂ ਆਪਣੇ ਹੱਕ ਖੋਹਣ ਅਤੇ ਸੰਘਰਸ਼ ਕਰਨ ਲਈ ਪ੍ਰੇਰਦਾ ਹੈ। ਜਦ ਕਿ ਗੁਰਬਾਣੀ ਦਾ ਸਿਧਾਂਤ ਅਜਿਹੇ ਖੂਨੀ ਸੰਘਰਸ਼ ਤੋਂ ਉਪਰ ਉਠ ਕੇ ਅਮੀਰਾਂ ਨੂੰ ਕਿਰਤ ਕਮਾਈ ਅਤੇ ਦਸਵੰਧ ਸੰਕਲਪ ਅਪਨਾਉਣ 'ਤੇ ਜ਼ੋਰ ਦਿੰਦਾ ਹੈ ਤਾਂ ਜੋ ਸਮਾਜ ਵਿਚ ਬਰਾਬਰਤਾ ਹੋ ਸਕੇ। ਇਸ ਤਰ੍ਹਾਂ ਗੁਰਬਾਣੀ ਦਾ ਸਿਧਾਂਤ ਮਾਰਕਸਵਾਦ ਤੋਂ ਅਗਾਂਹਵਧੂ ਅਤੇ ਭਵਿੱਖ ਵਿਚ ਸਥਿਰਤਾ ਕਾਇਮ ਰੱਖਣ ਵਾਲਾ ਸਿਧਾਂਤ ਹੈ। ਪ੍ਰਸਿੱਧ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਨੇ ਮਾਰਕਸ ਤੇ ਸਿੱਖ ਸਿਧਾਂਤ ਦੇ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਚਰਚਾ ਕਰਦੇ ਹੋਏ ਕਿਹਾ ਹੈ; "ਖਾਲਸੇ ਅਤੇ ਕਮਿਊਨਿਸਟ ਪਾਰਟੀ ਦੇ ਮੱਤਾਂ ਵਿਚਕਾਰ ਸਦਾਚਾਰਕ ਪਾੜਾ ਜਿਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਕਮਿਊਨਿਜ਼ਮ ਦਾ ਅਨੈਤਿਕਤਾਵਾਦ ਇਸ ਦਾ ਮੂਲ ਸਿਧਾਂਤ ਹੈ। ਜਦੋਂ ਕਿ ਖਾਲਸਾ ਮੱਤ ਮਨੋਰਥਾਂ ਤੋਂ ਵੀ ਵੱਧ ਸਾਧਨਾਂ ਦੇ ਨੈਤਿਕ ਚਰਿਤਰ ਨੂੰ ਬੁਨਿਆਦੀ ਮਹੱਤਵ ਦੇਂਦਾ ਹੈ ਅਤੇ ਖਾਲਸਾ ਮੱਤ ਨੈਤਿਕ ਕਦਰਾਂ ਕੀਮਤਾਂ ਨੂੰ ਉਤਮ ਮੰਨਦਾ ਹੈ, ਨਾ ਕਿ ਸਮਝੌਤੇ ਯੋਗ। ਭਾਵੇਂ ਵੱਖ-ਵੱਖ ਸਮਾਜਾਂ ਅਤੇ ਜੁਗਾਂ ਵਿਚ ਇਨ੍ਹਾਂ ਨੂੰ ਕਿੰਨਾ ਵੀ ਘੱਟ ਕਿਉਂ ਨਾ ਅਪਨਾਇਆ ਗਿਆ ਹੋਵੇ।"

ਮਾਰਕਸਵਾਦੀਆਂ ਦਾ ਇਹ ਦਾਅਵਾ ਗਲਤ ਹੈ ਕਿ ਕਿਰਤੀ ਜਮਾਤਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਪਹਿਲੀ ਵਿਚਾਰਧਾਰਾ ਮਾਰਕਸਵਾਦ ਹੈ, ਜਦ ਕਿ ਗੁਰਮਤਿ ਦਾ ਸਿਧਾਂਤ ਕਿਰਤੀ ਜਮਾਤਾਂ ਦੇ ਹਿੱਤਾਂ ਦੀ ਰਖਵਾਲੀ ਲਈ ਵਚਨਬੱਧ ਹੈ। ਸਿੱਖ ਇਤਿਹਾਸ ਵਿਚ ਅਜਿਹੀਆਂ ਬਹੁਤ ਮਿਸਾਲਾਂ ਹਨ, ਜਦੋਂ ਕਿ ਕਿਰਤੀ ਜਮਾਤਾਂ ਨੂੰ ਬਹੁਤ ਸਤਿਕਾਰ ਦਿੱਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਇਨ੍ਹਾਂ ਦੀ ਸ਼ਲਾਘਾ ਕਰਦੇ ਹੋਏ ਆਖਦੇ ਹਨ ;

*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੋ ਗਰੀਬ ਕ੍ਰੋਰ ਪਰੇ।*

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਰੂਸੋ ਵਲੋਂ ਸ਼ੋਸ਼ਣ ਕਨਟਰੈਕਟ ਲਿਖਣ ਤੋਂ ਤਕਰੀਬਨ ਸੱਠ ਵਰ੍ਹੇ ਪਹਿਲਾਂ ਅਤੇ ਮਾਰਕਸ ਵਲੋਂ ਕਮਿਊਨਿਸਟ ਮੈਨੀਫੈਸਟੋ ਲਿਖਣ ਤੋਂ ਕੋਈ ਡੇਢ ਸੌ ਸਾਲ ਪਹਿਲਾਂ ਖਾਲਸੇ ਦੀ ਸਿਰਜਣਾ ਕਰਕੇ ਸਾਮਾਜਿਕ ਕ੍ਰਾਂਤੀ ਲੈ ਆਉਂਦੀ ਸੀ।

ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਇਕ ਇਨਕਲਾਬੀ ਵਿਚਾਰਧਾਰਾ ਹੈ, ਜਿਸ ਦਾ ਮੰਤਵ ਸਾਮਾਜਿਕ, ਆਰਥਿਕ, ਸਭਿਆਚਾਰਕ, ਰਾਜਨੀਤਕ ਆਦਿ ਹਰ ਖੇਤਰ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਖਤਮ ਕਰਕੇ ਰੂਹਾਨੀ ਅਤੇ ਇਖਲਾਕੀ ਕਦਰਾਂ-ਕੀਮਤਾਂ ਨੂੰ ਅਪਨਾ ਕੇ ਇਕ ਆਦਰਸ਼ਵਾਦੀ ਵਿਸ਼ਵ-ਸਮਾਜ ਦੀ ਸੰਭਾਵਨਾ ਬਨਾਉਣਾ ਹੈ। ਹੱਕ ਸੱਚ ਤੇ ਨਿਆਂ ਦਾ ਅਜਿਹਾ ਹਲੇਮੀ ਰਾਜ, ਬੇਗਮਪੁਰਾ ਸਥਾਪਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਹਰ ਤਰ੍ਹਾਂ ਪ੍ਰੇਰਨਾ ਦਿੱਤੀ ਹੈ। ਇਸ ਤਰ੍ਹਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਮਾਰਕਸ ਤੋਂ ਅੱਗੇ ਅਤੇ ਪਾਰ ਦੀ ਗੱਲ ਕਰਦੀ ਹੈ। ਇਹ ਵੀ ਸੱਚ ਹੈ ਕਿ ਮਾਰਕਸਵਾਦ ਸਮੇਂ ਤੋਂ ਪਛੜ ਗਿਆ ਹੈ ਅਤੇ ਪੂੰਜੀਵਾਦੀ ਸਭਿਅਤਾ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ। ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਸਮੇਂ ਸਥਿਤੀ, ਕਾਲ ਤੋਂ ਪਾਰ ਹੈ ਅਤੇ ਹਰੇਕ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝਣ ਅਤੇ ਹੱਲ ਕਰਨ ਦੇ ਸਮਰੱਥ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਸਰਬੱਤ ਦੇ ਭਲੇ ਦੇ ਨਿਸ਼ਾਨੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿਚ ਵਿਸ਼ਵ ਵਿਆਪੀ ਸਾਮਾਜਿਕ, ਆਰਥਿਕ, ਸਭਿਆਚਾਰਕ ਢਾਂਚਾ ਘੜ ਕੇ ਲਾਗੂ ਕੀਤਾ ਜਾਵੇ ਅਤੇ ਮਨੁੱਖਤਾ ਨੂੰ ਸੇਧ ਦਿੱਤੀ ਜਾਵੇ।

* * *



# ਗੁਰਮਤਿ ਵਿਚਾਰਧਾਰਾ ਅਨੁਸਾਰ ਵਿਦਿਅਕ ਪਾਲਿਸੀ

ਵਿਦਿਆ ਦੀ ਅਹਿਮੀਅਤ ਸਦੀਆਂ ਤੋਂ ਚਲੀ ਆ ਰਹੀ ਹੈ, ਜਿਸ ਕਰਕੇ ਮਨੁੱਖ ਹਮੇਸ਼ਾਂ ਗਿਆਨ ਦੀ ਖੋਜ ਅਤੇ ਪ੍ਰਾਪਤੀ ਲਈ ਆਪਸ ਵਿਚ ਸੰਵਾਦ ਰਚਾਉਂਦਾ ਰਿਹਾ ਹੈ ਅਤੇ ਸਿੱਖਣ ਅਤੇ ਸਿਖਾਉਣ ਦੀ ਭਾਵਨਾ ਉਸ ਵਿਚ ਪ੍ਰਬਲ ਰਹੀ ਹੈ। ਭਾਰਤੀ ਵਿਦਿਆ ਦੀ ਆਧਾਰ ਸ਼ਿਲਾ ਧਰਮ ਹੀ ਹੈ, ਕਿਉਂਕਿ ਪ੍ਰਾਚੀਨ ਕਾਲ ਦੀਆਂ ਸੁਪ੍ਰਸਿਧ ਟੈਕਸਿਲਾ, ਨਾਲੰਦਾ ਯੂਨੀਵਰਸਿਟੀਆਂ, ਰਿਸ਼ੀਆਂ ਦੇ ਆਸ਼ਰਮ, ਬੋਧੀ ਭਿਖਸ਼ੂਆਂ ਦੇ ਮੱਠ, ਮਸਜਿਦ ਖਾਨਗਾਹਾਂ ਵਿਚਲੇ ਮਦਰਸੇ ਅਤੇ ਧਰਮਸ਼ਾਲਾਵਾਂ ਧਾਰਮਿਕ ਮਹਾਂਪੁਰਸ਼ਾਂ ਦੀ ਦੇਣ ਹਨ। ਪਰ ਇਨ੍ਹਾਂ ਸਮੁੱਚੇ ਵਿਦਿਅਕ ਆਸ਼ਰਮਾਂ ਦੀ ਭਾਵਨਾ ਅਮੀਰ-ਗਰੀਬ, ਜਾਤ-ਪਾਤ, ਇਸਤਰੀ-ਮਰਦ, ਧਰਮ ਦੇ ਵਿਤਕਰਿਆਂ ਨਾਲ ਜੁੜੀ ਹੋਣ ਕਰਕੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਸਮਰਪਿਤ ਨਹੀਂ ਸੀ, ਜਿਸ ਕਰਕੇ ਇਹ ਵੱਖ-ਵੱਖ ਧਰਮਾਂ ਦੇ ਆਸ਼ਰਮ ਸੁਚੱਜੇ ਸਮਾਜ ਦੀ ਸਿਰਜਣਾ ਕਰਨ ਤੋਂ ਆਯੋਗ ਸਨ। ਪਰ ਵਿਦਿਆ ਦੇ ਇਤਿਹਾਸ ਵਿਚ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਦਾ ਉਪਦੇਸ਼ "ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ (ਪੰਨਾ 83)" ਦੇ ਕੇ ਵਿਦਿਆ ਦੇ ਸੰਕਲਪ ਨੂੰ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਜੋੜ ਕੇ "ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ (ਪੰਨਾ 1329)" ਸਮਾਜ ਵਿਚ ਨਵੀਂ ਕ੍ਰਾਂਤੀ ਲਿਆਂਦੀ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਵੱਖ-ਵੱਖ ਧਰਮਾਂ ਅਤੇ ਜਾਤ-ਵਿਤਕਰਿਆਂ ਤੋਂ ਨਿਰਲੇਪ ਹੋ ਕੇ ਮਹਾਂਪੁਰਸ਼ਾਂ, ਸੰਤਾਂ ਅਤੇ ਗੁਰੂਆਂ ਦੀ ਬਾਣੀ ਲੈ ਕੇ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਜੋਤੀ ਜੋਤਿ ਸਮਾਉਣ ਦੇ ਸਮੇਂ ' ਸ੍ਰੀ ਆਦਿ ਗ੍ਰੰਥ' ਨੂੰ ਗੁਰਿਆਈ ਦੇ ਕੇ ਇਸ ਨੂੰ ਗੁਰੂ ਦੀ ਮਾਨਤਾ ਦੇਣ ਦਾ ਅਰਥ ਸਿੱਖ ਨੂੰ ਗਿਆਨ ਸਿੱਖਣ ਦੀ ਭਾਵਨਾ ਵੱਲ ਪ੍ਰੇਰਿਤ ਕਰਨਾ ਸੀ।

ਅਜੋਕਾ ਯੁਗ ਵਿਗਿਆਨਕ ਅਤੇ ਟੈਕਨਾਲੋਜੀ ਦਾ ਯੁਗ ਹੈ, ਜਿਸ ਨਾਲ ਸਿੱਖਣ ਤੇ ਸਿਖਾਉਣ ਦੀ ਭਾਵਨਾ ਪ੍ਰਬਲ ਹੋਈ ਹੈ। ਕੀ ਇਸ ਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਸਾਰਥਕ ਹਨ ਜਾਂ ਨਹੀਂ, ਕੀ ਇਸ ਦੇ ਆਧਾਰ 'ਤੇ ਵਿਦਿਅਕ ਪਾਲਿਸੀ ਤਹਿ ਕਰਨ ਦੀ ਲੋੜ ਹੈ ਜਾਂ ਨਹੀਂ? ਅਹਿਮ ਸੁਆਲ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਗਿਆਨ ਖੇਤਰ ਵਿਚ ਇਕ ਅਹਿਮ ਅਤੇ ਪਵਿੱਤਰ ਇਲਾਹੀ ਦਸਤਾਵੇਜ਼ ਹਨ, ਜਿਸ ਵਿਚੋਂ ਜੀਵਨ ਦੇ ਹਰ ਖੇਤਰ ਬਾਰੇ ਸਿਰਫ ਕੁਝ ਸਿਖਿਆ ਹੀ ਨਹੀਂ ਜਾ ਸਕਦਾ, ਸਗੋਂ ਜੀਵਨ ਦੀਆਂ ਕਈ ਸਮੱਸਿਆਵਾਂ ਦੇ ਹੱਲ ਅੱਜ ਵੀ ਇਸ ਤੋਂ ਮਿਲ ਸਕਦੇ ਹਨ ਅਤੇ ਯੁੱਗਾਂ ਯੁੱਗਾਂ ਤੱਕ ਮਿਲਦੇ ਹੀ ਰਹਿਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਤੇ ਆਧਾਰਿਤ ਸਿੱਖ ਵਿਦਿਅਕ ਪਾਲਿਸੀ ਦੀ ਮਹੱਤਾ ਇਸ ਲਈ ਵੱਧ ਜਾਂਦੀ ਹੈ, ਕਿਉਂਕਿ ਇਹ ਵਿਚਾਰਧਾਰਾ ਆਪਣੇ ਸਿਧਾਂਤਕ ਅਤੇ ਵਿਹਾਰਕ ਸੰਕਲਪਾਂ ਰਾਹੀਂ ਵਿਸ਼ਵ ਨੂੰ ਮੁਕਤੀ ਅਤੇ ਪ੍ਰਗਤੀ ਦਾ ਮਾਰਗ ਦਿਖਾਉਂਦੀ ਹੈ। ਜਦ ਕਿ ਇਸ ਦੇ ਉਲਟ ਪੂੰਜੀਵਾਦੀ ਫਿਲਾਸਫੀ ਵਿਭਿੰਨ ਤਰੀਕਿਆਂ ਨਾਲ ਵਿਦਿਆ ਨੂੰ ਵਪਾਰ ਦਾ ਕੇਂਦਰ ਹੀ ਨਹੀਂ ਬਣਾ ਰਹੀ, ਸਗੋਂ ਇਸ ਨੇ ਵਿਦਿਆ ਨੂੰ ਮਾਇਆਧਾਰੀ ਲੋਕਾਂ ਤੱਕ ਸੀਮਤ ਕਰ ਦਿੱਤਾ ਹੈ। ਅਜਿਹੀ ਨੀਤੀ ਅਪਨਾਉਣ ਨਾਲ ਨਾ ਸਮਾਜ ਦੀ ਭਲਾਈ ਹੋ ਸਕਦੀ ਹੈ ਅਤੇ ਨਾ ਹੀ ਕੌਮ, ਰਾਸ਼ਟਰ ਅਤੇ ਵਿਸ਼ਵ ਦੀ ਪ੍ਰਗਤੀ ਦਾ ਮਾਰਗ ਖੋਜਿਆ ਜਾ ਸਕਦਾ ਹੈ। ਗੁਰਬਾਣੀ ਦਾ ਸਿਧਾਂਤ ਮਨੁੱਖ ਨੂੰ ਪਰਉਪਕਾਰੀ, ਬਿਬੇਕੀ, ਭਰਮ ਤੇ ਪਾਪ ਤੋਂ ਮੁਕਤ ਕਰਾਉਣ ਵਾਲਾ, ਪ੍ਰਭੂ ਵਿਧਾਨ ਦੀ ਬੁਝਾਰਤ ਨੂੰ ਬੁਝਾਉਣ ਵਾਲਾ, ਅਮਲ ਤੇ ਅਭਿਆਸ ਦਾ ਧਾਰਨੀ ਬਨਾਉਣ ਵਾਲਾ, ਕਿਰਤ ਤੇ ਵਿਹਾਰ ਵਿਚ ਸ਼ੁਧ ਬਨਾਉਣ ਵਾਲਾ ਸਾਂਝੀਵਾਲਤਾ ਦਾ ਸਿਧਾਂਤ ਹੈ। ਇਸ ਸਿਧਾਂਤ ’ਤੇ ਆਧਾਰਿਤ ਜੋ ਵਿਦਿਅਕ ਪਾਲਿਸੀ ਉਲੀਕੀ ਜਾਣੀ ਚਾਹੀਦੀ, ਉਹ ਸਮਾਜ ਵਿਚਲੀ ਲੁਟ ਖਸੁੱਟ ਦਾ ਪਰਦਾ ਫਾਸ਼ ਕਰਨ ਵਾਲੀ ਅਤੇ ਦੁਰਾਚਾਰੀ ਬਿਰਤੀ ਦੇ ਸੰਪੂਰਨ ਖਾਤਮੇ ਲਈ ਵਚਨਬੱਧ ਹੀ ਨਹੀਂ ਹੋਣੀ ਚਾਹੀਦੀ ਹੈ, ਸਗੋਂ ਸਰਬੱਤ ਦੇ ਭਲੇ ਲਈ ਸਮਰਪਿਤ ਹੋਣੀ ਚਾਹੀਦੀ ਹੈ। ਅਜਿਹੀ ਪਾਲਿਸੀ ਹੀ ਸਮਾਜ ਨੂੰ ਆਪਣੀ ਬੰਦ ਖਲਾਸੀ ਆਪ ਕਰਨ ਲਈ ਪ੍ਰੇਰਿਤ ਤੇ ਸਿਖਿਅਤ ਕਰ ਸਕਦੀ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਦੇ ਸਾਇੰਸ ਅਤੇ ਟੈਕਨਾਲੋਜੀ ਦੇ ਇਸ ਬਹੁਤਰਫੀ ਵਿਕਾਸ ਕਾਰਨ ਸਿੱਖ ਵਿਦਿਅਕ ਅਦਾਰੇ ਬਾਕੀ ਵਿਦਿਅਕ ਅਦਾਰਿਆਂ ਵਾਂਗ ਵਧੇਰੇ ਗੁੰਝਲਦਾਰ ਅਤੇ ਜਟਿਲ ਸੁਭਾ ਦੇ ਬਣਨ ਦੇ ਨਾਲ-ਨਾਲ ਮਿਆਰ ਤੋਂ ਡਿੱਗ ਚੁੱਕੇ ਹਨ। ਜਿਵੇਂ ਸਿੱਖ ਵਿਦਿਅਕ ਸੰਸਥਾਵਾਂ ਅੰਦਰ ਧਾਰਮਿਕ ਅਤੇ ਸਦਾਚਾਰਕ ਸਿੱਖਿਆ ਦਾ ਪ੍ਰਬੰਧ ਨਾ ਹੋਣਾ, ਵਿਦਿਅਕ ਵੰਨਗੀ, ਪਾਠ ਕਰਮ ਅਤੇ ਵਿਦਿਅਕ ਪ੍ਰਬੰਧ ਆਦਿ ਦਾ ਦਿਸ਼ਾਹੀਣ ਹੋਣਾ ਅਤੇ ਸਮੇਂ ਦੇ ਹਾਣ ਦਾ ਨਾ ਹੋਣਾ ਧਾਰਮਿਕ ਆਗੂਆਂ ਦਾ ਆਚਰਣਹੀਣ ਹੋਣਾ, ਇਸਤਰੀ ਵਿਦਿਆ ਵੱਲ ਧਿਆਨ ਨਾ ਦੇਣਾ, ਸਿੱਖ ਘਰਾਂ ਵਿਚ ਸਾਮਾਜਿਕ ਕਦਰਾਂ ਕੀਮਤਾਂ ਅਤੇ ਸਿੱਖ ਮਰਿਯਾਦਾ ਦਾ ਕਮਜ਼ੋਰ ਹੋਣਾ ਆਦਿ। ਭਾਵੇਂ ਇਹ ਖੁਸ਼ੀ ਦੀ ਗੱਲ ਹੈ ਕਿ ਸਿੱਖ ਵਿਦਿਅਕ ਅਦਾਰੇ ਗਿਣਾਤਮਕ ਪੱਖੋਂ ਬਹੁਤ ਫੈਲ ਰਹੇ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਗੁਣਾਤਮਕ ਪਖੋਂ ਮਨਫੀ ਹਨ, ਕਿਉਂਕਿ ਇਹ ਅਦਾਰੇ ਅਵਿਗਿਆਨਕ, ਪਰੰਪਰਾਗਤ ਮਾਇਆਧਾਰੀ ਪ੍ਰਬੰਧ ਦੇ ਹਿਤੂ ਬਣ ਕੇ ਰਹਿ ਗਏ ਹਨ। ਇਨ੍ਹਾਂ ਸਿੱਖ ਵਿਦਿਅਕ ਅਦਾਰਿਆਂ ਦਾ ਵਪਾਰੀਕਰਨ ਹੋਣ ਕਰਕੇ ਇਸ ਵਿਚੋਂ ‘ਵਿਦਿਆ ਵੀਚਾਰੀ ਤਾਂ ਪਰਉਪਕਾਰੀ’ ਵਾਲੀ ਆਦਰਸ਼ਕ ਭਾਵਨਾ ਆਲੋਪ ਹੋ ਗਈ ਹੈ।



ਦੇਖਣ ਵਿਚ ਆ ਰਿਹਾ ਹੈ ਕਿ ਕੁਝ ਕੁ ਅਮੀਰ ਸਿੱਖਾਂ ਨੇ ਪੈਸਾ ਕਮਾਉਣ ਦੀ ਹੋੜ ਵਿਚ ਗੁਰੂ ਸਾਹਿਬਾਨਾਂ, ਇਤਿਹਾਸਕ ਮਹਾਂਪੁਰਸ਼ਾਂ ਦੇ ਨਾਂ ਅਤੇ ਖਾਲਸਾ ਸ਼ਬਦ ਜੋੜ ਕੇ ਵਿਦਿਅਕ ਅਦਾਰਿਆਂ ਰਾਹੀਂ ਆਪਣੀ ਵਪਾਰਕ ਮੰਡੀ ਸਥਾਪਿਤ ਕਰ ਲਈ ਹੈ। ਸਿੱਖ ਧਰਮ ਦੇ ਨਾਮ ’ਤੇ ਅਜਿਹੇ ਢੌਂਗ ਰਚਨ ਵਾਲੇ ਵਿਦਿਅਕ ਅਦਾਰਿਆਂ ਵਿਚ ਰਤੀ ਭਰ ਵੀ ਵਿਦਿਆਰਥੀਆਂ ਨੂੰ ਸਿੱਖ ਵਿਰਸੇ ਬਾਰੇ ਦ੍ਰਿੜ ਨਹੀਂ ਕਰਵਾਇਆ ਜਾਂਦਾ ਅਤੇ ਮਾਤ ਭਾਸ਼ਾ ਪੰਜਾਬੀ ਬਾਰੇ ਸਿੱਖਿਆ ਦੇਣ ਦੀ ਬਜਾਏ ਅੰਗਰੇਜ਼ੀ ਤੇ ਹਿੰਦੀ ਉਪਰ ਜ਼ਿਆਦਾ ਬਲ ਦਿੱਤਾ ਜਾਂਦਾ ਹੈ। ਕਈ ਅਜਿਹੇ ਵਿਦਿਅਕ ਅਦਾਰਿਆਂ ਵਿਚ ਸਾਲਾਨਾ ਫੇਟ ਸਮਾਗਮਾਂ ਦੌਰਾਨ ਲੱਚਰ ਕਿਸਮ ਦੇ ਡਾਂਸ, ਨਾਚ ਅਤੇ ਗਾਣਿਆਂ ਵੱਲ ਵਿਦਿਆਰਥੀਆਂ ਨੂੰ ਰੁਚਿਤ ਕੀਤਾ ਜਾਂਦਾ ਹੈ ਅਤੇ ਇਸ ਸਮੇਂ ਦੌਰਾਨ ਜੂਇਆਂ ਦੀ ਖੇਡਾਂ ਵਿਚ ਸ਼ੈਂਪੀਅਨ ਦੀਆਂ ਬੋਤਲਾਂ ਰੱਖ ਕੇ ਵਿਦਿਆਰਥੀਆਂ ਦਾ ਆਰਥਿਕ ਤੇ ਆਤਮਿਕ ਸੋਸ਼ਨ ਵੀ ਕੀਤਾ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਵਿਦਿਆਰਥੀ ਆਪਣੇ ਅਮੀਰ ਵਿਰਸੇ ਤੋਂ ਟੁੱਟਣ ਕਰਕੇ ਆਪਣੇ ਆਪ ਨੂੰ ਸਿੱਖ ਅਖਵਾਉਣ ਤੋਂ ਸੰਗਦੇ ਹਨ ਅਤੇ ਆਪਣੀ ਵਿਲੱਖਣ ਦਿਖ ਵਿਚ ਆਪਣਾ ਮਾਣ ਨਹੀਂ ਸਮਝਦੇ। ਇਸ ਤਰ੍ਹਾਂ ਉਨ੍ਹਾਂ ਦਾ ਝੁਕਾਅ ਅਖੌਤੀ ਆਧੁਨਿਕਪੁਣੇ ਅਰਥਾਤ ਪਤਿਤਪੁਣੇ ਵੱਲ ਹੋ ਜਾਂਦਾ ਹੈ। ਇਹ ਗੱਲਾਂ ਸਿੱਖ ਧਰਮ ਲਈ ਚੈਲਿੰਜ ਹਨ ਕਿ ਸਾਡੇ ਸਿੱਖ ਵਿਦਿਅਕ ਅਦਾਰੇ ਦਿਨੋਂ ਦਿਨ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਸਿਰਫ ਅਸਮਰਥ ਹੀ ਨਹੀਂ, ਸਗੋਂ ਗੁਰਬਾਣੀ ਦੀਆਂ ਸਿਖਿਆਵਾਂ ਨੂੰ ਅਮਲ ਵਿਚ ਲਿਆਉਣ ਤੋਂ ਕਿਨਾਰਾ ਕਰਕੇ ਮਾਇਆਧਾਰੀ ਪ੍ਰਬੰਧ ਦੇ ਪ੍ਰਤੀਕ ਬਣ ਕੇ ਰਹਿ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਵਿਦਿਆ ਦੇ ਵਪਾਰ ਕਰਨ ਵਾਲੇ ਦੀ ਸਖਤ ਆਲੋਚਨਾ ਕੀਤੀ ਗਈ ਹੈ;

*ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੦੩)

ਇਸ ਚੈਲਿੰਜ ਨੂੰ ਕਬੂਲਣ ਲਈ ਜ਼ਰੂਰੀ ਹੈ ਕਿ ਅਸੀਂ ਨਵੀਆਂ ਤਬਦੀਲੀਆਂ ਦੇ ਪ੍ਰਭਾਵਾਂ ਅਤੇ ਵਿਵਸਥਾ ਦੀਆਂ ਕਮਜ਼ੋਰੀਆਂ ਉੱਤੇ ਗੰਭੀਰਤਾ ਨਾਲ ਵਿਚਾਰ ਕਰੀਏ ਅਤੇ ਉਨ੍ਹਾਂ ਨੂੰ ਦੂਰ ਕਰਨ ਦਾ ਉਪਾਅ ਸੋਚੀਏ ਤਾਂ ਹੀ ਸਿੱਖ ਵਿਦਿਅਕ ਅਦਾਰੇ ਇਕੀਵੀਂ ਸਦੀ ਦੇ ਸੁਚੱਜੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾ ਸਕਣਗੇ ਅਤੇ ਅਰਥ ਭਰਪੂਰ ਬਣ ਸਕਣਗੇ।

ਸਿੱਖ ਵਿਦਿਅਕ ਅਦਾਰੇ ਉਨ੍ਹਾਂ ਚਿਰ ਉਸਾਰੂ ਭੂਮਿਕਾ ਨਿਭਾਉਣ ਦੇ ਸਮਰੱਥ ਨਹੀਂ, ਜਿਨ੍ਹਾਂ ਚਿਰ ਤੱਕ ਇਸ ਦੀ ਸਿਖਿਆ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ ‘ਮਲਕ ਭਾਗੋਆਂ’ ਹੱਥੋਂ ਭਾਈ ਲਾਲੋਆਂ ਦੀ ਲੁੱਟ ਖਸੁੱਟ ਅਤੇ ਮਾਨਵਤਾ ਦੇ ਸ਼ੋਸ਼ਨ ਵਿਰੁੱਧ ਚੇਤੰਨ ਕਰਕੇ ਸਰਬੱਤ ਦੇ ਭਲੇ ਦੀ ਨੀਤੀ ਵੱਲ ਸੇਧਿਤ ਨਹੀਂ ਕੀਤਾ ਜਾਂਦਾ। ਲੋੜ ਇਸ ਗੱਲ ਦੀ ਹੈ ਕਿ ਸਿੱਖ ਵਿਦਿਅਕ ਅਦਾਰਿਆਂ ਦੇ ਮਿਆਰੀਕਰਨ ਵੱਲ ਧਿਆਨ ਦਿੱਤਾ ਜਾਵੇ। ਇਸ ਲਈ ਲੋੜੀਂਦੀ ਨੀਤੀ ਅਤੇ ਹੋਰ ਸਾਧਨ ਮੁਹੱਈਆ ਕਰਨੇ ਹੀ ਅਤਿ ਜ਼ਰੂਰੀ ਹਨ।

ਸਿੱਖਾਂ ਦੀ ਘੱਟ ਗਿਣਤੀ ਹੋਣ ਦੇ ਨਾਤੇ ਆਈ.ਐਸ.ਸੀ. ਵਾਂਗ ਵਿਦਿਅਕ ਬੋਰਡ ਦੀ

ਸਥਾਪਨਾ ਹੋਵੇ ਜੋ ਪ੍ਰੀਖਿਆ ਤੋਂ ਇਲਾਵਾ ਸਿੱਖ ਸਕੂਲਾਂ ਨੂੰ ਨਵੀਆਂ ਖੋਜਾਂ ਅਤੇ ਉਨ੍ਹਾਂ ਦੀ ਵਰਤੋਂ ਤੋਂ ਜਾਣੂ ਕਰਾਵੇ ਅਤੇ ਕੋਰਸ ਆਦਿ ਨਿਸ਼ਚਤ ਕਰੇ। ਇਸ ਪਾਲਿਸੀ ਅਧੀਨ ਸਮੁੱਚੀਆਂ ਸਿੱਖ ਵਿਦਿਅਕ ਸੰਸਥਾਵਾਂ ਨੂੰ ਇਕ ਝੰਡੇ ਦੇ ਥੱਲੇ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਕ ਬੋਰਡ ਦੇ ਅੰਤਰਗਤ ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੋਣੀ ਚਾਹੀਦੀ ਹੈ।

ਸਿੱਖ ਵਿਦਿਅਕ ਪ੍ਰਣਾਲੀ ਤਾਂ ਹੀ ਅਸਰਦਾਇਕ ਬਣ ਸਕਦੀ ਹੈ, ਜੇਕਰ ਪਾਠ ਕਰਮ ਵਿਚ ਬੱਚਿਆਂ ਦੀ ਮਨੋਵਿਗਿਆਨਕ ਬਣਤਰ ਨੂੰ ਸਮਝਦਿਆਂ ਇਤਿਹਾਸਕ, ਮਨੋਵਿਗਿਆਨਕ, ਧਾਰਮਿਕ, ਬੌਧਿਕ, ਸਦਾਚਾਰਕ ਅਤੇ ਸੁਹਜਾਤਮਕ ਵਿਸ਼ਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਅਜਿਹੇ ਵਿਸ਼ਿਆਂ ਵਿਚ ਵਿਭਿੰਨ ਉਮਰ ਦੇ ਬੱਚਿਆਂ ਨੂੰ ਸਿੱਖ ਇਤਿਹਾਸ, ਸਿੱਖ ਕਲਚਰ, ਸਿੱਖੀ ਸਰੂਪ ਦੀ ਮਹਾਨਤਾ ਸੰਬੰਧੀ ਜਾਣਕਾਰੀ, ਪੰਜਾਬੀ ਭਾਸ਼ਾ ਦੀ ਮਹਾਨਤਾ ਅਤੇ ਫੈਲਾਅ ਸੰਬੰਧੀ ਜਾਣਕਾਰੀ ਦੇਣ ਤੋਂ ਇਲਾਵਾ ਉਨ੍ਹਾਂ ਵਿਚ ਸਿਰਜਣਾਤਮਕ ਰੁਚੀਆਂ ਅਤੇ ਖੇਡ ਕੁਦ ਜਿਹੀਆਂ ਗਿਆਨਆਤਮਕ ਪ੍ਰਕਿਰਿਆਵਾਂ ਵੱਲ ਪ੍ਰੇਰਿਤ ਕਰਨਾ ਜ਼ਰੂਰੀ ਹੈ। ਐਫ.ਏ. ਫਰੋਬਲ (1783-1852) ਇਕ ਪ੍ਰਸਿੱਧ ਜਰਮਨ ਸਿਖਿਆ ਸ਼ਾਸਤਰੀ ਹੋਇਆ ਹੈ, ਜੋ ਵਿਦਿਆਰਥੀਆਂ ਦੀਆਂ ਅਧਿਆਤਮਕ ਸ਼ਕਤੀਆਂ ਨੂੰ ਵਿਕਸਤ ਕਰਨ ਤੇ ਬਲ ਦਿੰਦਾ ਹੈ, "ਸਿਖਿਆ ਨੂੰ ਮਨੁੱਖ ਦੀ ਅਗਵਾਈ ਤੇ ਰਹਿਨੁਮਾਈ ਕਰਨੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਆਪ ਸੰਬੰਧੀ ਸਪੱਸ਼ਟਤਾ ਜਾਂ ਸੱਚੇ ਗਿਆਨ ਰਾਹੀਂ ਕੁਦਰਤ ਨਾਲ ਇਕਸੁਰ ਅਤੇ ਈਸ਼ਵਰ ਨਾਲ ਇਕਮਿਕ ਹੋ ਸਕੇ।"

ਇਸ ਲਈ ਵਿਦਿਆਰਥੀ ਨੂੰ ਇਹ ਅਨੁਭਵ ਪ੍ਰਾਪਤ ਕਰਨ ਲਈ ਢੁਕਵੇਂ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਠੀਕ ਜਾਂ ਗਲਤ ਕੀਮਤਾਂ ਦੀ ਨਿਰਖ ਪਰਖ ਕਰਕੇ ਉਚਿਤ ਕੀਮਤਾਂ ਨੂੰ ਪਹਿਲ ਦੇ ਸਕੇ। ਇਸ ਪਹੁੰਚ ਨਾਲ ਹੀ ਸਿੱਖ ਵਿਦਿਅਕ ਅਦਾਰੇ ਦਾ ਪੜ੍ਹਿਆ ਵਿਦਿਆਰਥੀ ਆਪਣੇ ਆਪ ਨੂੰ ਵਾਸਤਵਿਕ ਜੀਵਨ ਦੇ ਹਾਣ ਦਾ ਬਣਾ ਸਕੇਗਾ ਅਤੇ ਅੰਤਰ-ਰਾਸ਼ਟਰੀ ਬਰਾਦਰੀ ਵਿਚ ਸਿੱਖ ਕੌਮ ਦਾ ਸਨਮਾਨ ਅਤੇ ਗੌਰਵ ਵਧਾ ਸਕੇਗਾ।

ਅਜੋਕੇ ਯੁਗ ਵਿਚ ਸਾਇੰਸ ਅਤੇ ਟੈਕਨਾਲੋਜੀ ਹੀ ਕੌਮ ਦੀ ਉਨਤੀ ਦਾ ਸਾਧਨ ਬਣ ਸਕਦੀ ਹੈ ਅਤੇ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕਦੀ ਹੈ। ਇਸ ਲਈ ਸਿੱਖ ਵਿਦਿਅਕ ਅਦਾਰਿਆਂ ਵਿਚ ਸਾਇੰਸ ਅਤੇ ਟੈਕਨਾਲੋਜੀ ਨਾਲ ਸੰਬੰਧਿਤ ਉੱਚ ਸਿਖਿਆ ਦੇ ਕੋਰਸਾਂ ਨੂੰ ਵਿਸ਼ੇਸ਼ ਸਥਾਨ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਨਵੇਂ ਯੁਗ ਵਿਚ ਕੌਮ ਦੇ ਸਾਹਮਣੇ ਜੋ ਨਵੀਆਂ ਵੰਗਾਰਾਂ ਸਿਰ ਚੁੱਕ ਰਹੀਆਂ ਹਨ, ਉਨ੍ਹਾਂ ਦਾ ਅਸਰਦਾਰ ਤਰੀਕੇ ਨਾਲ ਸਾਹਮਣਾ ਕਰਨ ਲਈ ਉਚੇਰੀ ਟੈਕਨੀਕਲ ਵਿਦਿਆ, ਕਿੱਤਾ ਮੂਲਕ ਸਿੱਖਿਆ ਅਤੇ ਖੋਜ ਸੰਸਥਾਵਾਂ ਨੂੰ ਅੰਤਰ ਰਾਸ਼ਟਰੀ ਪੱਧਰ ਦੀ ਯੋਗਤਾ ਵਾਲੇ ਸਿੱਖ ਬੁੱਧੀਜੀਵੀਆਂ ਜਿਵੇਂ ਸਾਇੰਸਦਾਨ, ਅਰਥ ਸ਼ਾਸਤਰੀ, ਇੰਜੀਨੀਅਰ ਅਤੇ ਵੱਖ-ਵੱਖ ਖੇਤਰਾਂ ਵਿਚ ਯੋਗਤਾ ਹਾਸਲ ਕਰਨ ਵਾਲੇ ਬੁੱਧੀਜੀਵੀਆਂ ਦਾ ਕਮਿਸ਼ਨ ਜਾਂ ਡਾਇਰੈਕਟੋਰੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਦਾ ਮੁੱਖ ਨਿਸ਼ਾਨਾ



ਸਿੱਖ ਕੌਮ ਦੇ ਸਰਮਾਏ ਅਤੇ ਵਸੀਲਿਆਂ ਨੂੰ ਸਹੀ ਢੰਗ ਨਾਲ ਪ੍ਰਯੋਗ ਕਰਕੇ ਖੇਤੀਬਾੜੀ, ਇੰਜਨੀਅਰਿੰਗ, ਮੈਡੀਕਲ ਕਾਲਜ ਖੋਲ੍ਹਣ ਦਾ, ਬਾਗਬਾਨੀ, ਪਸ਼ੂ ਪਾਲਣ ਆਦਿ ਪ੍ਰੋਜੈਕਟ ਸਥਾਪਿਤ ਕਰਨ ਦਾ, ਵੋਕੇਸ਼ਨਲ ਟਰੇਨਿੰਗ ਸੈਂਟਰ ਅਤੇ ਆਈ.ਏ.ਐਸ., ਪੀ.ਸੀ.ਐਸ., ਪੀ.ਐਮ.ਟੀ., ਪੀ.ਈ.ਟੀ. ਅਤੇ ਗਜਟਿਡ ਪੋਸਟ ਤੇ ਸਿੱਖ ਵਿਦਿਆਰਥੀਆਂ ਨੂੰ ਸਥਾਪਿਤ ਕਰਨ ਲਈ ਸਿਖਲਾਈ ਕੇਂਦਰ ਸਥਾਪਿਤ ਕਰਨ ਦਾ ਹੋਵੇ ਤਾਂ ਜੋ ਹਰ ਖੇਤਰ ਵਿਚ ਸਿੱਖ ਉਨਤ ਹੋ ਸਕਣ ਅਤੇ ਆਦਰਸ਼ ਸਮਾਜ ਦੀ ਸਿਰਜਣਾ ਲਈ ਕਾਰਜ ਕਰਕੇ ਆਪਣੀ ਕੌਮ ਦਾ ਨਾਮ ਰੌਸ਼ਨ ਕਰ ਸਕਣ। ਇਸ ਸੰਬੰਧ ਵਿਚ ਵਿਦੇਸ਼ਾਂ 'ਚ ਵਸ ਰਹੇ ਸਿੱਖ ਵੀ ਉਘਾ ਰੋਲ ਨਿਭਾ ਸਕਦੇ ਹਨ। ਸਿੱਖਾਂ ਦੀ ਵਸੋਂ ਜ਼ਿਆਦਾਤਰ ਪਿੰਡਾਂ ਵਿਚ ਹੈ, ਇਸ ਲਈ ਇਥੇ ਵੀ ਮਿਆਰੀ ਪੱਧਰ ਦੇ ਸਕੂਲ, ਕਾਲਜ ਖੋਲ੍ਹੇ ਜਾਣ ਦੀ ਅਤਿਅੰਤ ਲੋੜ ਹੈ।

ਸਿੱਖ ਵਿਦਿਅਕ ਅਦਾਰਿਆਂ ਵਿਚ ਕਿਰਤ ਤੋਂ ਵਿਯੋਗੇ, ਵਿਦਿਆ ਨੂੰ ਇਕ ਕਿੱਤੇ ਵਜੋਂ ਸਵੀਕਾਰ ਕਰਨ ਵਾਲੇ ਅਤੇ ਸਿਫਾਰਸ਼ੀ ਅਧਿਆਪਕਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ, ਕਿਉਂਕਿ ਅਜਿਹੇ ਅਧਿਆਪਕ ਜਿਥੇ ਆਪਣੇ ਕਿੱਤੇ ਵਿਚ ਅਯੋਗ ਹੁੰਦੇ ਹਨ, ਉਥੇ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰਨ ਦਾ ਕਾਰਣ ਵੀ ਬਣਦੇ ਹਨ। ਇਸ ਲਈ ਸਿੱਖ ਵਿਦਿਅਕ ਅਦਾਰਿਆਂ ਵਿਚ ਉਹੀ ਅਧਿਆਪਕ ਸਵੀਕਾਰ ਕਰਨੇ ਚਾਹੀਦੇ ਹਨ ਜੋ ਅਧਿਆਪਕ ਨੂੰ ਇਕ ਕਿੱਤੇ ਵਜੋਂ ਨਹੀਂ, ਇਕ ਸਿਰਜਣਾਤਮਕ ਸਰਗਰਮੀ ਵਜੋਂ ਸਵੀਕਾਰ ਕਰਦੇ ਹਨ ਅਤੇ ਇਕ ਵਿਗਿਆਨਕ, ਅਕਾਦਮਿਕ, ਅਧਿਆਪਨ ਯੋਗਤਾ ਤੇ ਪੜ੍ਹਾਉਣ ਦੀ ਕਲਾ ਨਾਲ ਭਰਪੂਰ ਹੋਣੇ ਚਾਹੀਦੇ ਹਨ। ਅਜਿਹੇ ਅਧਿਆਪਕ ਦੀ ਹੀ ਗੁਰਬਾਣੀ ਵਿਚ ਉਸਤਤ ਹੈ ;

*ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥*
*ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩੮)

ਸੋ ਸਿੱਖ ਵਿਦਿਅਕ ਅਦਾਰੇ ਦੇ ਅਧਿਆਪਕ ਨੂੰ ਇਹ ਸਪੱਸ਼ਟ ਹੋਣ ਦੀ ਲੋੜ ਹੈ ਕਿ ਭਾਵੇਂ ਜੀਵਨ ਦੀਆਂ ਪ੍ਰਾਪਤੀਆਂ ਲਈ ਦੌਲਤ ਦੀ ਲੋੜ ਹੈ, ਪਰ ਵਿਦਿਆ ਨੂੰ ਧਨ ਇਕੱਠਾ ਕਰਨ ਜਾਂ ਰੁਜ਼ਗਾਰ ਕਮਾਉਣ ਤੱਕ ਸੀਮਤ ਨਹੀਂ ਕਰਨਾ ਚਾਹੀਦਾ।

ਹੁਣ ਭਾਰਤ ਸਰਕਾਰ ਵਿਦਿਆ ਦੇ ਹਰੇਕ ਖੇਤਰ ਪ੍ਰਾਈਵੇਟ ਸੰਸਥਾਵਾਂ ਦੇ ਹੱਥਾਂ ਵਿਚ ਸੌਂਪਣ ਦੀ ਪੂਰੀ ਦਿਲਚਸਪੀ ਲੈ ਰਹੀ ਹੈ। ਇਹੀ ਕਾਰਣ ਹੈ ਕਿ ਸਰਕਾਰੀ ਸਕੂਲਾਂ ਨਾਲੋਂ ਪ੍ਰਾਈਵੇਟ ਸਕੂਲਾਂ ਦੀ ਮਹੱਤਤਾ ਵੱਧ ਰਹੀ ਹੈ। ਪਰ ਇਸ ਨਾਲ ਵਿਦਿਅਕ ਅਦਾਰੇ ਵਪਾਰ ਦੇ ਕੇਂਦਰ ਬਣ ਜਾਣਗੇ ਅਤੇ ਵਿਦਿਆ ਅਮੀਰ ਲੋਕਾਂ ਤੱਕ ਸੀਮਤ ਹੋ ਕੇ ਰਹਿ ਜਾਵੇਗੀ, ਜਿਵੇਂ ਕਿ ਪੁਰਾਤਨ ਕਾਲ ਵਿਚ ਸਿਰਫ ਉਚ ਜਾਤ ਨੂੰ ਹੀ ਵਿਦਿਆ ਪੜ੍ਹਨ ਦਾ ਅਧਿਕਾਰ ਸੀ। ਇਸ ਲਈ ਸਿੱਖ ਵਿਦਿਅਕ ਅਦਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਅਜਿਹੀ ਪਾਲਿਸੀ ਬਨਾਉਣ ਦੀ ਲੋੜ ਹੈ, ਜਿਸ ਨਾਲ ਵਿਦਿਅਕ ਅਦਾਰੇ ਵਪਾਰ ਦਾ ਕੇਂਦਰ ਨਾ ਹੋ ਕੇ ਸਰਬੱਤ ਦੇ ਭਲੇ ਦਾ ਚਾਨਣ ਮੁਨਾਰਾ ਬਣ ਕੇ ਅਜਿਹੀ ਉਦਾਹਰਣ

ਬਣਨ ਤਾਂ ਜੋ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਗੈਰ ਸਿੱਖ ਵਿਦਿਅਕ ਅਦਾਰੇ ਵੀ ਸਿੱਖ ਵਿਦਿਅਕ ਅਦਾਰਿਆਂ ਤੋਂ ਕੁਝ ਗ੍ਰਹਿਣ ਕਰ ਸਕਣ। ਪਰ ਮਹਿੰਗਾਈ ਦੇ ਦੌਰ ਵਿਚ ਅਜਿਹੀ ਅਸੰਭਵ ਨੀਤੀ ਨੂੰ ਸੰਭਵ ਬਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਅਗਵਾਈ ਵਿਚ ਸਮੁੱਚੀਆਂ ਪੰਥਕ ਜਥੇਬੰਦੀਆਂ ਦਾ ਵਿਦਿਅਕ ਪੈਨਲ ਸਿਰਜ ਕੇ ਵਿਦਿਅਕ ਦਸਵੰਧ ਫੰਡ ਇਕੱਤਰ ਕਰਨਾ ਚਾਹੀਦਾ ਹੈ, ਜਿਸ ਨਾਲ ਸਿੱਖ ਵਿਦਿਅਕ ਅਦਾਰਿਆਂ ਦੀ ਮਾਲੀ ਤੌਰ ਸਹਾਇਤਾ ਕੀਤੀ ਜਾ ਸਕੇ। ਇਸ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹੁਕਮਨਾਮਾ ਜਾਰੀ ਕਰਕੇ ਸਿੱਖ ਗੁਰੂਆਂ ਮਹਾਂਪੁਰਸ਼ਾਂ ਦੇ ਨਾਂ 'ਤੇ ਖੋਲ੍ਹੇ ਸਕੂਲਾਂ, ਕਾਲਜਾਂ ਰਾਹੀਂ ਵਪਾਰ ਚਲਾਉਣ ਵਾਲਿਆਂ 'ਤੇ ਪਾਬੰਦੀ ਲਗਾਉਣ ਦੀ ਲੋੜ ਹੈ। ਸਿੱਖ ਵਿਦਿਆਰਥੀਆਂ ਨੂੰ ਸਿੱਖ ਵਿਰਸੇ ਵੱਲ ਪ੍ਰੇਰਣ ਲਈ ਸਿੱਖ ਸਕੂਲਾਂ, ਕਾਲਜਾਂ ਵਿਚ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਯੋਗ ਅਧਿਆਪਕ ਹੋਣਾ ਚਾਹੀਦਾ ਹੈ, ਉਸ ਦਾ ਵੇਤਨ ਸੰਸਥਾ ਦੇ ਸੀਨੀਅਰ ਅਧਿਆਪਕ ਦੇ ਬਰਾਬਰ ਹੋਵੇ ਅਤੇ ਸੰਸਥਾਵਾਂ ਵਿਚ ਉਸ ਦਾ ਸਨਮਾਨਜਨਕ ਸਥਾਨ ਹੋਵੇ, ਅਧਿਆਪਕ ਯੋਗ ਸੰਸਥਾ ਤੋਂ ਪ੍ਰਮਾਣਿਤ ਹੋਵੇ।

ਸਿੱਖ ਸੰਸਥਾਵਾਂ ਵਿਚ ਸਹਿਪਾਠੀ ਕਿਰਿਆਵਾਂ ਦਾ ਸੰਬੰਧ ਵੀ ਸਿੱਖੀ ਨਾਲ ਸੰਬੰਧਿਤ ਕਿਰਿਆਵਾਂ, ਜਿਵੇਂ ਸ਼ੁਧ ਪਾਠ ਕਰਨ, ਕੀਰਤਨ ਕਰਨ, ਭਾਸ਼ਨ ਦੇਣ ਨਾਲ ਹੋਵੇ ਅਤੇ ਇਨ੍ਹਾਂ ਦੇ ਇੰਟਰ ਹਾਊਸ ਅਤੇ ਅੰਤਰ ਸੰਸਥਾਵਾਂ ਮੁਕਾਬਲੇ ਹੋਣ। ਹਾਊਸਾਂ ਦੇ ਨਾਂ ਵੀ ਪ੍ਰਸਿੱਧ ਜੀਵਨ ਵਾਲੇ ਜੋਧਿਆਂ, ਜਰਨੈਲਾਂ, ਸਾਹਿਤਕਾਰਾਂ ਅਤੇ ਖਿਡਾਰੀਆਂ ਦੇ ਨਾਵਾਂ 'ਤੇ ਰੱਖੇ ਜਾਣ। ਸੰਸਥਾਵਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਮਾਣਿਤ ਕੀਰਤਨੀ ਜਥੇ, ਢਾਡੀ, ਪ੍ਰਚਾਰਕ ਅਤੇ ਕਥਾਵਾਚਕ ਵੀ ਸਮੇਂ-ਸਮੇਂ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਨ। ਭਗਤਾਂ, ਗੁਰੂਆਂ, ਜਰਨੈਲਾਂ, ਸਾਹਿਤਕਾਰਾਂ ਦੇ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਏ ਜਾਣ। ਇਹ ਸਾਰੀਆਂ ਗੱਲਾਂ ਬੱਚਿਆਂ ਅੰਦਰ ਸਿੱਖੀ ਵਿਚਾਰਾਂ ਨੂੰ ਪਰਪੱਕ ਕਰਨ ਵਿਚ ਸਹਾਈ ਹੋਣਗੀਆਂ।

ਸਿੱਖੀ ਸਰੂਪ ਨੂੰ ਪ੍ਰਫੁਲਿਤ ਕਰਨ ਲਈ ਸਿੱਖ ਓਪਨ ਯੂਨੀਵਰਸਿਟੀ ਦੀ ਅੱਜ ਬਹੁਤ ਲੋੜ ਹੈ, ਇਹ ਲੋੜ ਇਸ ਕਰਕੇ ਹੋਰ ਵੀ ਜ਼ਿਆਦਾ ਸ਼ਿਦਤ ਨਾਲ ਅਨੁਭਵ ਹੁੰਦੀ ਹੈ, ਕਿਉਂਕਿ ਪੰਜਾਬ ਵਿਚ ਬਣੀਆਂ ਪੰਜਾਬੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨ ਦੀ ਥਾਂ ਪੱਛਮ ਅਤੇ ਨਾਸਤਕੀ ਸਿਧਾਂਤ ਦਾ ਅਖਾੜਾ ਬਣ ਕੇ ਰਹਿ ਗਈਆਂ ਹਨ। ਪੰਜਾਬ, ਪੰਜਾਬੀਅਤ ਸਿੱਖ ਸਿਧਾਂਤ ਅਤੇ ਵਿਸ਼ੇਸ਼ ਕਰਕੇ ਵਿਦਿਆ ਪ੍ਰਤੀ ਇਨ੍ਹਾਂ ਦਾ ਵਤੀਰਾ ਉਦਾਸੀਨਤਾ ਵਾਲਾ ਹੈ। ਸਿੱਖ ਓਪਨ ਯੂਨੀਵਰਸਿਟੀ ਹੀ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਇਕੋ ਹੱਲ ਹੈ। ਇਸ ਲਈ ਸ਼੍ਰੋਮਣੀ ਕਮੇਟੀ ਅਤੇ ਵਿਦੇਸ਼ਾਂ ਵਿਚ ਵਸ ਰਹੀਆਂ ਪੰਥਕ ਜਥੇਬੰਦੀਆਂ ਨੂੰ ਮਿਲ ਕੇ ਸਿੱਖ ਯੂਨੀਵਰਸਿਟੀ ਸਥਾਪਤ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਵਾਰਸਾਂ ਨੂੰ ਸਾਰੀਆਂ ਵਿਦਿਅਕ ਸਹੂਲਤਾਂ, ਸੰਜੀਵ ਮਾਹੌਲ ਅਤੇ ਸਹੀ ਮਾਰਗ ਦਰਸ਼ਨ ਦੇਈਏ।



ਭਾਸ਼ਾ ਸਾਰੀ ਸਿੱਖਿਆ ਦਾ ਮਾਧਿਅਮ ਹੈ। ਅੱਜ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਂ ਉੱਤੇ ਇਸ ਨਾਲ ਜੋ ਵਰਤਾਅ ਕੀਤਾ ਜਾ ਰਿਹਾ ਹੈ, ਉਹ ਸਾਰੇ ਪੰਜਾਬੀਆਂ ਲਈ ਡੂੰਘੀ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ। ਪੰਜਾਬੀ ਦੇ ਸ਼ਬਦ ਭੰਡਾਰ ਵਿਚ ਔਖੇ ਸ਼ਬਦਾਂ ਦੀ ਵਰਤੋਂ ਕਰਕੇ ਪੰਜਾਬੀ ਦਾ ਮੁਹਾਂਦਰਾ ਵਿਗਾੜਿਆ ਜਾ ਰਿਹਾ ਤਾਂ ਜੋ ਪੰਜਾਬੀ ਭਾਸ਼ਾ ਦੀ ਪਛਾਣ ਖਤਮ ਕੀਤੀ ਜਾ ਸਕੇ। ਇਸ ਕੁਨੀਤੀ ਦਾ ਟਾਕਰਾ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਸਮੁੱਚੀਆਂ ਸਿੱਖ ਸੰਸਥਾਵਾਂ ਦੀ ਸਲਾਹ ਨਾਲ ਪੰਜਾਬੀ ਭਾਸ਼ਾ ਲਬਾਰਟਰੀ ਸਥਾਪਿਤ ਕਰਨੀ ਚਾਹੀਦੀ ਹੈ, ਜਿਸ ਵਿਚ ਭਾਸ਼ਾ ਦੀ ਹਰ ਪੱਖੋਂ ਉਨਤੀ ਕਰਨ ਲਈ ਖੋਜ ਪ੍ਰਯੋਗ ਨਿਰੰਤਰ ਚਲਦੇ ਰਹਿਣ ਅਤੇ ਵਿਰੋਧੀਆਂ ਦੀਆਂ ਚਾਲਾਂ ਦਾ ਵੀ ਟਾਕਰਾ ਕੀਤਾ ਜਾ ਸਕੇ।

ਸੋ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿਦੇਸ਼ਾਂ ਵਿਚ ਵਸ ਰਹੇ ਸਿੱਖਾਂ ਅਤੇ ਪੰਥਕ ਸੰਸਥਾਵਾਂ ਨੂੰ ਮਿਲ ਕੇ ਆਧੁਨਿਕ ਸਦੀ ਦੀ ਵਿਦਿਅਕ ਨੀਤੀ ਸੰਬੰਧੀ ਅਜਿਹੀ ਰਣਨੀਤੀ ਤਹਿ ਕਰਨੀ ਪਵੇਗੀ, ਜਿਸ ਨਾਲ ਆਉਣ ਵਾਲੀ ਸਿੱਖ ਪੀੜ੍ਹੀ ਆਪਣੇ ਵਿਰਸੇ ਨੂੰ ਸਮਰਪਿਤ ਹੋ ਕੇ ਜੀਵਨ ਦੇ ਹਰ ਖੇਤਰ ਵਿਚ ਵਿਕਾਸ ਕਰ ਸਕੇ। ਇਹ ਸੱਚ ਹੈ ਕਿ ਸਿੱਖ ਕੌਮ ਵਿਸ਼ਵ ਵਿਚ ਛੋਟੀ ਜਿਹੀ ਕੌਮ ਹੈ, ਪਰ ਇਹ ਆਪਣੀ ਗਿਆਨ ਯੋਗਤਾ ਦੇ ਰਾਹੀਂ ਯਹੂਦੀਆਂ ਵਾਂਗ ਵਿਸ਼ਵ ਤੇ ਇਤਿਹਾਸ ਵਿਚ ਨਾਮਣਾ ਖੱਟ ਸਕਦੀ ਹੈ। ਲੋੜ ਤਾਂ ਵਧੀਆ ਵਿਦਵਾਨ ਪੈਦਾ ਕਰਨ ਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਸਿੱਖ ਵਿਦਿਅਕ ਅਦਾਰੇ ਸਰਬੱਤ ਦੇ ਭਲੇ ਦੇ ਪ੍ਰਤੀਕ ਹੋਣ, ਮਾਇਆ ਦੇ ਜੰਜਾਲ ਤੋਂ ਉਪਰ ਉਠੇ ਹੋਣ, ਵਪਾਰ ਦੀ ਮੰਡੀ ਬਣਨ ਤੋਂ ਕਿਨਾਰਾ ਕਰਨ, ਇਸ ਦੇ ਨਾਲ ਇਨ੍ਹਾਂ ਦਾ ਪੱਧਰ ਪੜ੍ਹਾਈ ਅਤੇ ਦਿਖ ਵਜੋਂ ਵੀ ਉਚ ਪਾਏ ਦਾ ਹੋਵੇ ਤਾਂ ਜੋ ਇਸ ਵਿਚੋਂ ਵਿਦਿਆ ਲੈਣ ਵਾਲੇ ਵਿਦਿਆਰਥੀ ਸਿੱਖ ਵਿਰਸੇ 'ਤੇ ਮਾਣ ਮਹਿਸੂਸ ਕਰ ਸਕਣ।

* * *

# ਗੁਰਬਾਣੀ ਦਾ ਸੰਤ ਅਤੇ ਮਾਇਆਧਾਰੀ ਸਾਧ

ਗੁਰਬਾਣੀ ਦਾ ਸੰਤ ਤੇ ਮਾਇਆਧਾਰੀ ਸਾਧ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਗੁਰਬਾਣੀ ਵਿਚ ਆਦਰਸ਼ਵਾਦੀ ਤੇ ਨਾਮ ਰਤੇ ਇਨਸਾਨ ਨੂੰ ਸੰਤ ਆਖਿਆ ਗਿਆ ਹੈ ਜੋ ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ ਲੋਕਾਂ ਦਾ ਭਲਾ ਕਰਦਾ ਹੈ, ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰਦਾ ਹੈ। ਜਦ ਕਿ ਮਾਇਆਧਾਰੀ ਸਾਧ ਚੋਲੇ ਪਹਿਨ ਕੇ ਪਹਿਰਾਵੇ ਤੱਕ ਸੀਮਤ ਰਹਿੰਦਾ ਹੈ ਅਤੇ ਕਰਮਕਾਂਡਾਂ ਵਿਚ ਪਾ ਕੇ ਲੋਕਾਂ ਨੂੰ ਠੱਗਦਾ ਹੈ ਅਤੇ ਆਪ ਕਿਰਤ ਕਮਾਈ ਨਾ ਕਰਕੇ ਆਪਣੇ ਆਪ ਨੂੰ ਬ੍ਰਹਮਗਿਆਨੀ ਸਦਵਾ ਕੇ ਆਪਣੀ ਗੋਗੜ ਵਧਾਉਣ, ਐਸ਼ੋ ਇਸ਼ਰਤ ਕਰਨ ਤੱਕ ਸੀਮਤ ਰਹਿੰਦਾ ਹੈ ;

*ਗਜ ਸਾਢੇ ਤੈ ਤੈ ਧੋਤੀਆ*
*ਤਿਹਰੇ ਪਾਇਨਿ ਤਗ॥*
*ਗਲੀ ਤਿਨ੍ਾ ਜਪਮਾਲੀਆ*
*ਲੋਟੇ ਹਥਿ ਨਿਬਗ॥*
*ਓਇ ਹਰਿ ਕੇ ਸੰਤ ਨ ਆਖੀਅਹਿ*
*ਬਾਨਾਰਸਿ ਕੇ ਠਗ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੬)

ਗੁਰਬਾਣੀ ਵਿਚ ਸੰਤ ਦੀ ਵਰਤੋਂ ਭਗਤ ਸਾਹਿਬਾਨਾਂ ਲਈ ਹੋਈ ਹੈ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਦੂਸਰਾ ਸੰਤ ਦੀ ਵਰਤੋਂ ਸੱਚੀ ਸੰਗਤ ਲਈ ਕੀਤੀ ਹੈ ਜਾਂ ਗੁਰਸਿੱਖ ਲਈ ਵੀ ਕਰ ਲਈ ਗਈ ਹੈ। ਸਿੱਧ ਗੋਸਟਿ ਵਿਚ 'ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ' ਦਾ ਭਾਵ ਸਿੱਖਾਂ ਦੀ ਸੰਗਤ ਤੋਂ ਹੈ ਜੋ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੀ ਅਗਵਾਈ 'ਚ ਸਿੱਧਾਂ ਨਾਲ ਗੋਸ਼ਟ ਕਰਨ ਆਏ ਸਨ। ਇਸ ਵਿਚ ਦੱਸਿਆ ਹੈ ਕਿ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਜੁੜੀ ਹੋਈ ਸੰਗਤ ਵਿਚ ਆ ਕੇ ਸੰਤਾਂ ਨੂੰ ਨਮਸਕਾਰ ਕੀਤਾ ਹੈ। ਸਪੱਸ਼ਟ ਹੈ ਕਿ ਇਥੇ ਗੋਸ਼ਟ ਸੁਣਨ ਲਈ ਇਕੱਤਰ ਹੋਏ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਨੂੰ ਸੰਤ ਆਖਿਆ ਗਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤ ਸ਼ਬਦ ਦੀ ਵਰਤੋਂ ਗੁਰਬਾਣੀ ਦੇ ਭਗਤਾਂ ਲਈ ਕੀਤੀ ਹੈ। ਉਹ ਫੁਰਮਾਉਂਦੇ ਹਨ ਕਿ ਸੰਤਾਂ ਦੇ ਸੱਚੇ ਵਿਚਾਰ ਸੁਣਨੇ ਚਾਹੀਦੇ ਹਨ, ਉਹ ਜੋ



ਵਿਚਾਰ ਫੁਰਮਾਉਂਦੇ ਹਨ, ਸੱਚੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਬਾਰੇ ਪੂਰਾ ਅਨੁਭਵ ਹੁੰਦਾ ਹੈ ;

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੯੪)

ਗੁਰਬਾਣੀ ਵਿਚ ਸੰਤ ਦੀ ਵਰਤੋਂ ਗੁਰੂ ਲਈ ਵੀ ਕੀਤੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵੱਲ ਲਿਖੀਆਂ ਚਿੱਠੀਆਂ ਇਸ ਦਾ ਪ੍ਰਮਾਣ ਹਨ ;

*ਹਉ ਘੋਲੀ ਜੀਉ ਘੋਲਿ ਘੁਮਾਈ॥*
*ਗੁਰ ਦਰਸਨ ਸੰਤ ਪਿਆਰੇ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬)

*ਭਾਗ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੭)

ਗੁਰਬਾਣੀ ਵਿਚ ਆਦਰਸ਼ਵਾਦੀ ਲੋਕਾਂ ਦੀ ਸੰਗਤ ਲਈ ਸਾਧ ਸੰਗਤ ਸ਼ਬਦ ਵਰਤਿਆ ਗਿਆ ਹੈ। ਸੰਤ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਚੰਗੇ ਲੋਕਾਂ ਅਰਥਾਤ ਸੰਤਾਂ ਦੀ ਸੰਗਤ ਨਾਲ ਜੁੜਿਆ ਜਾਵੇ ਤਾਂ ਮੁਕਤੀ ਪ੍ਰਾਪਤ ਹੋ ਸਕਦੀ ਹੈ। ਭਾਵੇਂ ਤੁਸੀਂ ਵੇਦਾਂ ਨੂੰ ਵਿਚਾਰ ਲਓ, ਪਰ ਮੁਕਤੀ ਹਾਸਲ ਨਹੀਂ ਹੋਣੀ। ਮੁਕਤੀ ਤਾਂ ਆਦਰਸ਼ਵਾਦੀ ਤੇ ਨਾਮ ਰੱਤੇ ਲੋਕਾਂ ਵਿਚ ਰਹਿ ਕੇ ਨਾਮ ਸਿਮਰਨ ਨਾਲ ਪ੍ਰਾਪਤ ਹੋਣੀ ਹੈ ;

*ਸੰਤ ਜਨਾ ਕੈ ਸੰਗਿ ਮਿਲੁ ਬਉਰੇ*
*ਤਉ ਪਾਵਹਿ ਮੋਖ ਦੁਆਰੁ॥*
*ਬਿਨ ਸਤਸੰਗ ਸੁਖੁ ਕਿਨੈ ਨ ਪਾਇਆ*
*ਜਾਇ ਪੂਛਹੁ ਬੇਦ ਬੀਚਾਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੦੦)

ਇਹ ਗੱਲ ਪਰਤੱਖ ਹੈ ਕਿ ਗੁਰਬਾਣੀ ਕਰਮਕਾਂਡ ਨੂੰ ਨਹੀਂ ਮੰਨਦੀ, ਭੇਖ, ਪਹਿਰਾਵੇ ਨੂੰ ਨਹੀਂ ਮੰਨਦੀ, ਗੁਣਾਂ ਨੂੰ ਪ੍ਰਵਾਨਗੀ ਦੇਂਦੀ ਹੈ, ਪਰ ਪਤਾ ਨਹੀਂ ਸਿੱਖ ਪੰਥ ਵਿਚ ਕਰਮਕਾਂਡੀ ਚਿੱਟ ਕਪੜੇ, ਭਗਵੇਂ ਕਪੜੇ ਤੇ ਚੋਲਿਆਂ ਵਾਲੀ ਸਾਧ ਜਮਾਤ ਕਿਥੋਂ ਤੇ ਕਿਵੇਂ ਪੈਦਾ ਹੋ ਗਈ, ਜਿਸ ਦਾ ਵਰਤਾਰਾ ਵੀ ਗੁਰਮਤਿ ਵਿਰੋਧੀ ਹੈ। ਇਹ ਪਖੰਡੀ ਜਮਾਤ ਨਾ ਕਿਰਤ ਕਰਦੀ ਹੈ, ਨਾ ਗੁਰਮਤਿ ਅਨੁਸਾਰ ਜੀਵਨ ਜੀਉਂਦੀ ਹੈ, ਬੀਬੀਆਂ ਨੂੰ ਹਵਸ ਦਾ ਸ਼ਿਕਾਰ ਬਣਾਉਂਦੀ ਹੈ, ਪੈਸਿਆਂ ਨਾਲ ਮੱਥੇ ਟਿਕਾਉਂਦੀ, ਨਵੀਆਂ ਨਵੀਆਂ ਵਿਦੇਸ਼ੀ ਕਾਰਾਂ ਦੇ ਝੂਟੇ

ਲੈਂਦੀ ਹੈ, ਗੁਰੂਆਂ ਦੀ ਬਾਣੀ ਦੇ ਬਰਾਬਰ ਆਪਣੀਆਂ ਟੁਟੀਆਂ ਭੱਜੀਆਂ ਧਾਰਨਾਵਾਂ ਬਣਾ ਕੇ ਕੱਚੀ ਬਾਣੀ ਪੜ੍ਹਦੀ ਹੈ, ਫਿਰ ਵੀ ਇਹ ਜਮਾਤ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਦਵਾਉਂਦੀ ਹੈ। ਅੰਧ ਵਿਸ਼ਵਾਸਾਂ ਵਿਚ ਜਕੜੇ ਸਿੱਖ ਅੱਖਾਂ ਮੀਟ ਕੇ ਇਨ੍ਹਾਂ ਦੀ ਹੋਂਦ ਨੂੰ ਸਵੀਕਾਰ ਕਰੀ ਜਾਂਦੇ ਹਨ। ਕਈ ਸਾਧ ਸੰਪਰਦਾਵਾਂ ਦਾ ਸੰਨਿਆਸੀਆਂ ਵਾਂਗ ਗ੍ਰਹਿਸਤ ਆਸ਼ਰਮ ਵਿਚ ਵਿਸ਼ਵਾਸ ਨਹੀਂ ਅਤੇ ਉਨ੍ਹਾਂ ਨੇ ਛੜਾ ਬਿਰਤੀ ਨੂੰ ਪ੍ਰਵਾਨਗੀ ਦੇਣ ਲਈ 'ਬਿਹੰਗਮ' ਸ਼ਬਦ ਘੜ ਲਿਆ ਹੈ। ਜਿਵੇਂ ਹਿੰਦੂ ਧਰਮ ਵਿਚ ਕੁਆਰੀਆਂ ਇਸਤਰੀਆਂ ਨੂੰ ਦੇਵਦਾਸੀ ਬਣਾਇਆ ਜਾਂਦਾ ਹੈ, ਉਸੇ ਤਰ੍ਹਾਂ ਇਨ੍ਹਾਂ ਸਾਧਾਂ ਨੇ ਸਿੱਖ ਧਰਮ ਵਿਚ ਨੌਜਵਾਨਾਂ ਨੂੰ ਛੜਾ ਰੱਖਣ ਲਈ ਬਿਹੰਗਮ ਪ੍ਰਥਾ ਜਾਰੀ ਕਰ ਦਿੱਤੀ ਹੈ ਤੇ ਤਰਕ ਦਿੱਤਾ ਹੈ ਕਿ ਬਿਹੰਗਮ ਗ੍ਰਹਿਸਤ ਤੋਂ ਵੀ ਉੱਚਾ ਸ਼ਬਦ ਹੈ। ਅਜਿਹਾ ਕਰਕੇ ਇਹ ਸਾਧ ਆਪਣੇ ਆਪ ਨੂੰ ਗੁਰੂ ਤੋਂ ਵੱਡੇ ਬ੍ਰਹਮਗਿਆਨੀ ਘੋਸ਼ਿਤ ਕਰ ਰਹੇ ਹਨ। ਗੁਰੂ ਨੇ ਤਾਂ ਬਿਹੰਗਮ ਸ਼ਬਦ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਜੇਕਰ ਮਨੁੱਖ ਨੂੰ ਗ੍ਰਹਿਸਤ ਤੋਂ ਪ੍ਰਹੇਜ਼ ਕਰਕੇ ਮੁਕਤੀ ਮਿਲਨੀ ਹੁੰਦੀ ਤਾਂ ਇਹ ਮੁਕਤੀ ਸਭ ਤੋਂ ਪਹਿਲਾਂ ਖੁਸਰੇ ਨੂੰ ਮਿਲ ਜਾਂਦੀ ;

*ਬਿੰਦੁ ਰਾਖਿ ਜੁ ਤਰੀਐ ਭਾਈ॥*
*ਖੁਸਰੈ ਕਿਉ ਨਾ ਪਰਮ ਗਤਿ ਪਾਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੨੪)

ਅਸਲ ਵਿਚ ਇਹ ਸਾਧ ਐਸ਼ਪ੍ਰਸਤੀ ਵਿਚ ਪੂਰੀ ਤਰ੍ਹਾਂ ਗਲਤਾਨ ਹਨ। ਬਦਲਦੇ ਹਾਲਾਤਾਂ 'ਚ ਇਨ੍ਹਾਂ ਸਾਧਾਂ ਨੇ ਆਪਣੀ ਐਸ਼ਪ੍ਰਸਤੀ ਲਈ ਵਧੀਆ ਮਹੱਲ ਰੂਪੀ ਡੇਰਿਆਂ ਅਤੇ ਵਧੀਆ ਕਾਰਾਂ ਦੇ ਨਾਲ-ਨਾਲ ਇਸਤਰੀਆਂ ਵੀ ਸੇਵਕਾਵਾਂ ਦੇ ਰੂਪ ਵਿਚ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵੱਖ-ਵੱਖ ਡੇਰੇ ਇਸ ਸੰਬੰਧੀ ਸੁਰਖੀਆਂ 'ਚ ਹਨ ਅਤੇ ਇਹ ਸੇਵਕਾਵਾਂ ਅਖੌਤੀ ਸਾਧਾਂ ਤੇ ਉਨ੍ਹਾਂ ਦੇ ਖਾਸ ਚੇਲਿਆਂ ਦੀ ਹਵਸ ਪੂਰਤੀ ਦਾ ਵਧੀਆ ਸਾਧਨ ਹਨ। ਇਸ ਹਮਾਮ ਵਿਚ ਬਹੁਤ ਸਾਰੇ ਸਾਧ ਨੰਗੇ ਹਨ। ਸਾਧ ਧਨਵੰਤ ਸਿੰਘ ਦੇ ਕਾਂਡ ਨੇ ਤਾਂ ਕੌਮ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਮੈਨੂੰ ਯਾਦ ਹੈ ਕਿ ਸਾਧ ਧਨਵੰਤ ਸਿੰਘ ਨੇ ਆਪਣੇ ਸ਼ਰਧਾਲੂ ਦੀ ਲੜਕੀ ਦੀ ਪੱਤ ਪੂਰਾ ਹਫਤਾ ਲੁੱਟੀ, ਭੋਜਨ ਵਿਚ ਉਸ ਨੂੰ ਨਸ਼ੇ ਦੀਆਂ ਗੋਲੀਆਂ ਦੇ ਕੇ ਨੀਮ ਬੇਹੋਸ਼ੀ 'ਚ ਰੱਖਿਆ।

ਕਹਿੰਦੇ ਹਨ ਕਿ ਲੜਕੀ ਦਾ ਪਿਤਾ ਆਪਣੀ ਲੜਕੀ ਨੂੰ ਬਾਬਾ ਧਨਵੰਤ ਸਿੰਘ ਦੇ ਡੇਰੇ ਨਵਾਂ ਸ਼ਹਿਰ ਲੈ ਕੇ ਆਇਆ ਕਿ ਮੇਰੀ ਲੜਕੀ ਫਲਾਣੇ ਮੁੰਡੇ ਦਾ ਸਾਥ ਨਹੀਂ ਛੱਡਦੀ, ਤੁਸੀਂ ਉਪਾਅ ਕਰੋ। ਉਸ ਸੁੰਦਰ ਅੰਮ੍ਰਿਤਧਾਰੀ ਲੜਕੀ ਨੂੰ ਦੇਖ ਕੇ ਬਾਬੇ ਧਨਵੰਤ ਸਿੰਘ ਦੀ ਅੱਖ ਮੈਲੀ ਹੋ ਗਈ। ਬਾਬੇ ਧਨਵੰਤ ਸਿੰਘ ਨੇ ਕਿਹਾ ਕਿ ਲੜਕੀ ਨੂੰ ਮੇਰੇ ਕੋਲ ਹਫਤੇ ਲਈ ਛੱਡ ਦਿਓ, ਮੈਂ ਇਹਦੇ ਲਈ ਅਰਦਾਸ ਕਰਾਂਗਾ, ਉਪਾਅ ਕਰਾਂਗਾ, ਇਸ ਨੂੰ ਸਮਝਾਵਾਂਗਾ। ਇਹ ਇਥੇ ਡੇਰੇ ਵਿਚ ਸੰਗਤ ਨਾਲ ਰਲ ਕੇ ਸੇਵਾ ਕਰੇਗੀ ਤੇ ਨਾਲ ਇਸ ਦਾ ਦਿਲ ਲੱਗਾ ਰਹੇਗਾ। ਅਸਲ ਵਿਚ ਕਹਾਣੀ ਤਾਂ ਬਾਬੇ ਦੀ ਆਪਣੇ ਦਿਲ ਲਾਉਣ ਦੀ ਸੀ। ਬਾਬਾ ਧਨਵੰਤ ਸਿੰਘ ਨੇ ਲੜਕੀ ਆਪਣੇ ਕਮਰੇ ਵਿਚ ਰੱਖੀ ਤੇ ਭੋਜਨ 'ਚ ਨਸ਼ੇ ਦੇ ਕੇ ਨੀਮ



ਬੇਹੋਸ਼ੀ ਰੱਖ ਕੇ ਉਸ ਨਾਲ ਕੁਕਰਮ ਕਰਦਾ ਰਿਹਾ।

ਹਫਤੇ ਬਾਅਦ ਜਦੋਂ ਲੜਕੀ ਨੇ ਆਪਣੇ ਮਾਂ ਬਾਪ ਨੂੰ ਕਹਾਣੀ ਦੱਸੀ ਤਾਂ ਸਭ ਕੁਝ ਲੁੱਟਿਆ ਪੁੱਟਿਆ ਜਾ ਚੁੱਕਿਆ ਸੀ। ਖਾਲਸਾ ਪੰਚਾਇਤ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਕੋਲ ਕੇਸ ਲੈ ਕੇ ਗਏ। ਪਰ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਦਾ ਹੈ ਵੀ ਨਹੀਂ ਸੀ, ਦੁਨਿਆਵੀ ਅਦਾਲਤ ਦਾ ਸੀ। ਖਾਲਸਾ ਪੰਚਾਇਤ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੇਦਾਂਤੀ ਨਾਲ ਉਲਝ ਗਏ। ਲੜਕੀ ਨੂੰ ਇਨਸਾਫ ਦਿਵਾਉਣ ਵੱਲ ਕਿਸੇ ਦਾ ਖਿਆਲ ਨਹੀਂ ਸੀ। ਸਾਰਾ ਮਾਮਲਾ ਰਾਜਨੀਤੀ 'ਚ ਉਲਝ ਕੇ ਰਹਿ ਗਿਆ। ਇਸ ਕਰਕੇ ਲੜਕੀ ਦੇ ਮਾਂ ਬਾਪ ਸਿੱਖੀ ਤੋਂ ਉਦਾਸ ਹੋ ਗਏ ਕਿ ਜਦ ਸਾਨੂੰ ਇਨਸਾਫ ਨਹੀਂ ਮਿਲਦਾ ਤਾਂ ਅਸੀਂ ਸਿੱਖੀ ਤੋਂ ਕੀ ਲੈਣਾ ਹੈ ?

ਇਸ ਗੱਲ ਦਾ ਪਤਾ ਮੈਨੂੰ ਨਵਾਂ ਸ਼ਹਿਰ ਦੇ ਕੁਝ ਸਿੰਘਾਂ ਤੋਂ ਲੱਗਿਆ ਤਾਂ ਮੈਂ ਨਵਾਂ ਸ਼ਹਿਰ 'ਚ ਬਾਬਾ ਧਨਵੰਤ ਸਿੰਘ ਦੇ ਖਿਲਾਫ ਸਬੂਤ ਇਕੱਠੇ ਕਰਨ ਲਈ ਲਗਾਤਾਰ ਤਿੰਨ ਦਿਨ, ਤਿੰਨ ਰਾਤਾਂ ਲਗਾਤਾਰ ਲਗਾਏ। ਲੜਕੀ ਦੇ ਮਾਂ-ਬਾਪ ਕਾਨੂੰਨ ਦੀ ਸ਼ਰਨ 'ਚ ਜਾਣ ਨੂੰ ਤਿਆਰ ਨਹੀਂ ਸੀ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਬੇਇਜ਼ਤੀ ਹੋਣ ਦਾ ਡਰ ਸੀ। ਮੈਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਪੱਕੇ ਪੈਰੀਂ ਕੰਮ ਕਰਾਂਗੇ, ਇਨਸਾਫ ਵੀ ਮਿਲੇਗਾ, ਲੜਕੀ ਦੀ ਇੱਜ਼ਤ ਨੂੰ ਧੱਬਾ ਨਹੀਂ ਲੱਗਣ ਦਿੱਤਾ ਜਾਵੇਗਾ, ਗੁਰੂ 'ਤੇ ਭਰੋਸਾ ਰੱਖੋ। ਪੱਤਰਕਾਰ ਹੋਣ ਕਰਕੇ ਮੇਰੇ ਪੁਲਿਸ ਅਫਸਰ ਆਈ.ਜੀ. ਸ੍ਰੀ ਐਸ.ਕੇ. ਸ਼ਰਮਾ ਨਾਲ ਚੰਗੇ ਸੰਬੰਧ ਸਨ, ਉਨ੍ਹਾਂ ਨਾਲ ਸੰਪਰਕ ਕਰਕੇ ਇਹ ਕਹਾਣੀ ਦੱਸੀ।

ਉਨ੍ਹਾਂ ਕਿਹਾ ਕਿ ਲੜਕੀ ਨਾਲ ਪੂਰਾ ਇਨਸਾਫ ਹੋਵੇਗਾ। ਸ੍ਰੀ ਐਸ.ਕੇ. ਸ਼ਰਮਾ ਵੈਸੇ ਵੀ ਕੁਕਰਮੀ ਸਾਧਾਂ ਵਿਰੋਧੀ ਸਨ। ਉਨ੍ਹਾਂ ਨੇ ਲੜਕੀ ਦਾ ਕੇਸ ਐਸ.ਐਸ.ਪੀ. ਨਵਾਂ ਸ਼ਹਿਰ ਨੂੰ ਦੇ ਦਿੱਤਾ ਜੋ ਕਿ ਆਪ ਵੀ ਔਰਤ ਸੀ। ਐਸ.ਐਸ.ਪੀ. ਨੇ ਲੜਕੀ ਦੇ ਮਾਂ ਬਾਪ ਨੂੰ ਬੁਲਾ ਕੇ ਲੜਕੀ ਦੀ ਫਰਿਆਦ ਸੁਣੀ ਤੇ ਸਾਧ ਧਨਵੰਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਧ ਧਨਵੰਤ ਸਿੰਘ ਹੁਣ ਨਹੀਂ ਛੁਟਦਾ, ਸਜ਼ਾ ਜ਼ਰੂਰ ਮਿਲੇਗੀ।

ਇਹ ਕਹਾਣੀ ਤਾਂ ਧਨਵੰਤ ਸਿੰਘ ਦੀ ਸਾਹਮਣੇ ਆ ਗਈ। ਪਤਾ ਨਹੀਂ ਇਨ੍ਹਾਂ ਡੇਰਿਆਂ 'ਚ ਕਿੰਨੀਆਂ ਕੁ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਪਰ ਇਨਸਾਫ ਕਿਸੇ ਨੂੰ ਨਹੀਂ ਮਿਲਦਾ। ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਿਤ ਕਈ ਸਾਧ ਸ਼ਮਸ਼ੇਰ ਸਿੰਘ ਜਗੇੜਾ, ਨਾਨਕਸਰੀਏ ਆਪਣੇ ਡੇਰਿਆਂ ਵਿਚ ਬੀਬੀਆਂ ਨਾਲ ਬਲਾਤਕਾਰ ਕਰਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਹੋ ਚੁੱਕੇ ਹਨ। ਜਦ ਕਿ ਇਨ੍ਹਾਂ ਬਾਬਿਆਂ ਦਾ ਇਹ ਦਾਅਵਾ ਸੀ ਕਿ ਉਹ ਬ੍ਰਹਮਚਾਰੀ ਹਨ। ਵਿਦੇਸ਼ਾਂ ਦੀਆਂ ਫੇਰੀਆਂ ਲਾਉਣ ਵਾਲੇ ਬਾਬੇ ਹੋਟਲਾਂ 'ਚ ਰਾਤਾਂ ਕੱਟਦੇ ਹਨ, ਜਿਥੇ ਹਰ ਰਾਤ ਨਵੀਂ ਇਸਤਰੀ ਭੋਗਦੇ ਹਨ।

ਵਿਦੇਸ਼ਾਂ ਦੇ ਭੋਲੇ ਭਾਲੇ ਸਿੱਖਾਂ ਤੋਂ ਇਕੱਠੇ ਕੀਤੇ ਪੌਂਡ, ਡਾਲਰ ਇਹ ਸਾਧ ਡੇਰਿਆਂ ਦੇ ਗੁੰਬਦ ਉਚੇ ਕਰਨ, ਸੋਹਣੀਆਂ ਕਾਰਾਂ ਖਰੀਦਣ ਅਤੇ ਐਸ਼ਪ੍ਰਸਤੀ ਦੇ ਸਾਧਨ ਖਰੀਦਣ

ਲਈ ਵਰਤਦੇ ਹਨ। ਵਿਦੇਸ਼ਾਂ ਵਿਚ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਉਣ ਦਾ ਡਰਾਮਾ ਕਰਨ ਵਾਲਾ ਇਕ ਮਸ਼ਹੂਰ ਅਮਰੀਕਨ ਸਾਧ ਵੀ ਕੁੜੀਆਂ ਦਾ ਚੰਗਾ ਸ਼ੌਕੀਨ ਹੈ। ਬਾਬਿਆਂ ਦੇ ਡੇਰੇ ਵਿਚ ਕੁੜੀਆਂ ਦੀ ਗਿਣਤੀ ਵਧਣ ਨਾਲ ਉਥੇ ਸੇਵਕਾਂ ਦੇ ਰੂਪ ਵਿਚ ਮੁਸ਼ਟੰਡਿਆਂ ਦੀ ਗਿਣਤੀ ਵੀ ਵਧ ਰਹੀ ਹੈ। ਨੂਰਮਹਿਲ ਜਲੰਧਰ ਦਾ ਇਕ ਡੇਰਾ ਇਸ ਸੰਬੰਧੀ ਪ੍ਰਮੁੱਖ ਉਦਾਹਰਣ ਹੈ। ਇਸ ਤਰ੍ਹਾਂ ਦੇ ਡੇਰੇਦਾਰ ਸਾਧਾਂ ਦੇ ਡੇਰੇ 20ਵੀਂ ਸਦੀ ਦੇ ਕੁਕਰਮੀ ਮਹੰਤਾਂ ਵਾਂਗ ਐਸ਼ਪ੍ਰਸਤੀ ਤੇ ਬਦਮਾਸ਼ੀ ਦੇ ਅੱਡਾ ਬਣਦੇ ਜਾ ਰਹੇ ਹਨ। ਪਿੱਛੇ ਜਿਹੇ ਐਡਮਿੰਟਨ ਕੋਲ ਇਕ ਸਾਧ ਨੂੰ ਪੁਲਿਸ ਨੇ ਸ਼ਰਾਬ ਪੀ ਕੇ ਕਾਰ ਚਲਾਉਣ ਦੇ ਜ਼ੁਲਮ 'ਚ ਗ੍ਰਿਫਤਾਰ ਕੀਤਾ, ਹੁਣ ਉਹੀ ਸਾਧ ਵੈਨਕੂਵਰ ਵਿਚ ਡੇਰਾ ਬਣਾਈ ਬੈਠਾ ਹੈ, ਲੋਕੀਂ ਉਸ ਸ਼ਰਾਬੀ ਤੇ ਕੁਕਰਮੀ ਕੋਲ ਅਸ਼ੀਰਵਾਦ ਲੈਣ ਲਈ ਅਜੇ ਵੀ ਜਾਂਦੇ ਹਨ।

ਅਖੌਤੀ ਸੰਤਾਂ ਦੇ ਡੇਰਿਆਂ ਵਿਚ ਵਾਪਰ ਰਹੇ ਸੈਕਸ ਸਕੈਂਡਲਾਂ ਦੀ ਲੰਬੀ ਹੋ ਰਹੀ ਸੂਚੀ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਧਰਮ ਦੀ ਆੜ ਵਿਚ ਇਹ ਅਖੌਤੀ ਸਾਧ-ਸੰਤ ਮਾਸੂਮ ਲੜਕੀਆਂ ਦਾ ਸਰੀਰਕ ਤੇ ਮਾਨਸਿਕ ਸੋਸ਼ਣ ਕਰ ਰਹੇ ਹਨ। f

ਇਸ ਸਿਲਸਿਲੇ ਵਿਚ 28 ਮਾਰਚ 2004 ਦੀ ਸ਼ਾਮ ਪੰਜਾਬ-ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਵਿਨੋਦ ਕੁਮਾਰ ਰਾਏ ਤੇ ਜਸਟਿਸ ਸੁਰਿੰਦਰ ਕੁਮਾਰ ਨਿਝਰ ਦੀ ਅਦਾਲਤ ਵਿਚ ਵੀਹ ਸਾਲਾਂ ਦੀ ਇਕ ਲੜਕੀ ਨੇ ਅੰਬਾਲਾ ਛਾਉਣੀ ਦੇ ਮਹੇਸ਼ ਨਗਰ ਵਿਚਲੇ ਡੇਰੇ ਦੇ ਇਕ ਸਾਧ ਕਲਿਆਣ ਵਿਰੁੱਧ ਬਲਾਤਕਾਰ ਦੀ ਸ਼ਿਕਾਇਤ ਕੀਤੀ। ਦੱਸਿਆ ਕਿ ਸਾਧ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਉਸ ਨਾਲ ਬਲਾਤਕਾਰ ਕੀਤਾ ਜਾ ਰਿਹਾ ਹੈ ਜਿਸ ਨੂੰ ਉਹ ਆਪਣੀ ਜਾਨ ਦਾ ਖਤਰਾ ਹੋਣ ਕਾਰਨ ਬਰਦਾਸ਼ਤ ਕਰਦੀ ਰਹੀ ਹੈ। ਮਾਨਯੋਗ ਜੱਜਾਂ ਕੋਲ ਆਪਣੀ ਬੇਬਸੀ ਦੀ ਹਾਲਤ ਬਾਰੇ ਲਿਖਤੀ ਸ਼ਿਕਾਇਤ ਪੇਸ਼ ਕਰਦਿਆਂ ਇਸ ਲੜਕੀ ਨੇ ਇਹ ਵੀ ਦੱਸਿਆ ਕਿ ਕਰਨਾਲ ਜ਼ਿਲ੍ਹੇ ਦੇ ਇਕ ਪਿੰਡ ਦੀ ਇਕ ਹੋਰ ਇਸਤਰੀ ਵੀ ਇਸ ਅਖੌਤੀ ਸਵਾਮੀ ਦੀ ਹਵਸ ਦਾ ਸ਼ਿਕਾਰ ਹੋਈ। ਨਵੇਂ ਸਾਹਮਣੇ ਆਏ ਇਸ ਸੈਕਸ ਸਕੈਂਡਲ ਬਾਰੇ ਜਾਂਚ-ਪੜਤਾਲ 'ਤੇ ਲੋੜੀਂਦੀ ਕਾਨੂੰਨੀ ਕਾਰਵਾਈ ਨਾਲ ਜਿਥੇ ਇਸ ਬਦਮਾਸ਼ ਸਾਧ ਦੀ ਹਕੀਕਤ ਸਾਹਮਣੇ ਆਈ ਹੈ, ਉਥੇ ਇਸ ਡੇਰੇ ਨਾਲ ਜੁੜੀਆਂ ਅਜਿਹੀਆਂ ਕੁਝ ਹੋਰ ਸ਼ੱਕੀ ਕਾਰਵਾਈਆਂ ਦੇ ਵੇਰਵੇ ਵੀ ਸਾਹਮਣੇ ਆਏ ਹਨ।

ਸਭ ਤੋਂ ਵੱਧ ਅਫਸੋਸਨਾਕ ਤੇ ਅਜੀਬ ਗੱਲ ਇਹ ਹੈ ਕਿ ਅਖੌਤੀ ਸਾਧਾਂ-ਸੰਤਾਂ ਤੇ ਸਵਾਮੀਆਂ ਵੱਲੋਂ ਡੇਰਿਆਂ ਵਿਚ ਕੀਤੇ ਜਾ ਰਹੇ ਸਰੀਰਕ ਸੋਸ਼ਣ ਦੀਆਂ ਸ਼ਿਕਾਰ ਲੜਕੀਆਂ ਤੇ ਇਸਤਰੀਆਂ ਦੇ ਪਰਿਵਾਰ ਐਨੇ ਸਾਲਾਂ ਤੱਕ ਅਜਿਹੀ ਘਿਨਾਉਣੀ ਹਕੀਕਤ ਬਾਰੇ ਅਣਜਾਣ ਕਿਵੇਂ ਰਹਿ ਜਾਂਦੇ ਹਨ। ਇਸ ਤੋਂ ਪਹਿਲਾਂ ਵੀ ਹਰਿਆਣੇ ਦੇ ਇਕ ਮਸ਼ਹੂਰ ਡੇਰੇ ਦੇ ਇਸ ਪ੍ਰਕਾਰ ਦੇ ਕੁਝ ਸਕੈਂਡਲ ਪੰਜਾਬ-ਹਰਿਆਣਾ ਹਾਈਕੋਰਟ ਦੇ ਧਿਆਨ ਵਿਚ ਲਿਆਂਦੇ ਗਏ ਹਨ। ਇਹ ਉਹ ਸਕੈਂਡਲ ਹਨ ਜਿਨ੍ਹਾਂ ਨੂੰ ਨੰਗਾ ਕਰਨ ਬਾਰੇ ਸਰੀਰਕ ਸੋਸ਼ਣ ਦੀਆਂ ਸ਼ਿਕਾਰ ਲੜਕੀਆਂ ਨੇ ਹਿੰਮਤ ਦਿਖਾਈ। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਬਦਕਿਸਮਤ ਲੜਕੀਆਂ ਤੇ ਇਸਤਰੀਆਂ ਦੀ ਗਿਣਤੀ ਕਿੰਨੀ



ਜ਼ਿਆਦਾ ਹੋਵੇਗੀ ਜਿਨ੍ਹਾਂ ਨੇ ਆਪਣੀ ਜਾਨ ਦਾ ਖਤਰਾ ਮਹਿਸੂਸ ਕਰਦਿਆਂ ਇਸ ਬਾਰੇ ਮੂੰਹ ਨਹੀਂ ਖੋਲ੍ਹਿਆ। ਜੇ ਇਸ ਬਾਰੇ ਵਿਸਥਾਰ ਵਿਚ ਪੜਤਾਲ ਕਰਵਾਈ ਜਾਵੇ ਤਾਂ ਇਸ ਕਿਸਮ ਦੇ ਜੇ ਸੈਂਕੜੇ ਨਹੀਂ ਤਾਂ ਦਰਜਨਾਂ ਸਕੈਂਡਲ ਜ਼ਰੂਰ ਸਾਹਮਣੇ ਆ ਸਕਦੇ ਹਨ। ਧਰਮ ਦੇ ਪ੍ਰਚਾਰ ਦੇ ਮੰਤਵ ਨਾਲ ਸਥਾਪਤ ਹੋਏ ਇਨ੍ਹਾਂ ਡੇਰਿਆਂ ਵਿਚੋਂ ਕੁਝ ਕੁ ਨੂੰ ਛੱਡ ਕੇ ਬਹੁਗਿਣਤੀ ਡੇਰੇ ਅਯਾਸ਼ੀ ਦੇ ਅੱਡੇ ਬਣੇ ਹੋਏ ਹਨ। ਇਸ ਦਾ ਸਿੱਧਾ ਸੌਖਾ ਸਬੂਤ ਇਨ੍ਹਾਂ ਡੇਰਿਆਂ ਦੇ ਅਖੌਤੀ ਸਾਧਾਂ-ਸੰਤਾਂ ਤੇ ਸਵਾਮੀਆਂ ਦੇ ਰਹਿਣ-ਸਹਿਣ ਦੇ ਢੰਗ ਅਤੇ ਡੇਰਿਆਂ ਵਿਚ ਹਾਸਲ ਕੀਤੀਆਂ ਸਹੂਲਤਾਂ ਤੋਂ ਮਿਲ ਜਾਂਦਾ ਹੈ।

ਇਸ ਦੇ ਬਾਵਜੂਦ ਇਨ੍ਹਾਂ ਡੇਰਿਆਂ ਤੇ ਸੰਤਾਂ ਦੇ ਸ਼ਰਧਾਲੂ ਕਦੇ ਇਹ ਨਹੀਂ ਸੋਚਦੇ ਕਿ ਤਿਆਗੀ ਜੀਵਨ ਦਾ ਦਾਅਵਾ ਤੇ ਪ੍ਰਚਾਰ ਕਰਨ ਵਾਲੇ ਇਹ ਸੈਕਸੀ ਸਾਧ ਖੁਦ ਕਿੰਨੀਆਂ ਸੁਖ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਇਨ੍ਹਾਂ ਡੇਰਿਆਂ ਵਿਚੋਂ ਬਹੁਤਿਆਂ ਦੀ ਆਮਦਨੀ ਦੇ ਸਾਧਨ ਵੀ ਸਪੱਸ਼ਟ ਨਹੀਂ ਹੁੰਦੇ। ਇਹ ਠੀਕ ਹੈ ਕਿ ਰੱਬੀ ਕ੍ਰਿਪਾ ਦੁਆਰਾ ਹੋਰ ਸੁਖਾਂ ਭਰੀ ਜ਼ਿੰਦਗੀ ਦੀ ਤਾਂਘ ਰੱਖਣ ਵਾਲੇ, ਆਪਣੇ ਕਾਰੋਬਾਰਾਂ ਦੇ ਵਾਧੇ ਜਾਂ ਪਰਿਵਾਰਕ ਖੁਸ਼ਹਾਲੀ ਦੀ ਆਸ ਰੱਖਣ ਵਾਲੇ ਆਤਮਿਕ ਸ਼ਾਂਤੀ ਦੀ ਭਾਲ 'ਚ ਨਿਕਲੇ ਡੇਰਿਆਂ ਦੇ ਸ਼ਰਧਾਲੂ ਆਪਣੀ ਕਮਾਈ ਵਿਚੋਂ ਵੱਧ ਤੋਂ ਵੱਧ ਚੜ੍ਹਾਵਾ ਦੇਣ ਲਈ ਤਤਪਰ ਰਹਿੰਦੇ ਹਨ। ਪਰ ਕਈ ਡੇਰਿਆਂ ਦੇ ਖਰਚ ਇੰਨੇ ਜ਼ਿਆਦਾ ਹੁੰਦੇ ਹਨ ਕਿ ਉਹ ਇਸ ਪ੍ਰਕਾਰ ਦੇ ਚੜ੍ਹਾਵੇ ਨਾਲ ਪੂਰੇ ਨਹੀਂ ਹੋ ਸਕਦੇ। ਬਾਕੀ ਦਾ ਪੈਸਾ ਕਿਥੋਂ ਆਉਂਦਾ ਹੈ, ਇਸ ਭੇਤ ਬਾਰੇ ਨਾ ਕੋਈ ਜਾਣਦਾ ਹੈ ਅਤੇ ਨਾ ਹੀ ਜਾਣਨ ਦੀ ਕੋਸ਼ਿਸ਼ ਹੀ ਕਰਦਾ ਹੈ।

ਇਨ੍ਹਾਂ ਵਿਚੋਂ ਕਈ ਡੇਰੇ ਤੇ ਉਨ੍ਹਾਂ ਦੇ ਮੁਖੀ ਆਪਣੀਆਂ ਵੱਡੀਆਂ ਜਾਇਦਾਦਾਂ ਅਤੇ ਆਮਦਨੀ ਦੇ ਹੋਰ ਸਪੱਸ਼ਟ ਜਾਂ ਲੁਕੇ ਸਾਧਨਾਂ ਸਦਕਾ ਇੰਨ੍ਹੇ ਤਾਕਤਵਰ ਹੋ ਚੁੱਕੇ ਹਨ ਕਿ ਉਨ੍ਹਾਂ ਦੇ ਵਿਰੁੱਧ ਖੜ੍ਹਣ ਜਾਂ ਟੱਕਰ ਲੈ ਸਕਣ ਦਾ ਹੌਂਸਲਾ ਕਰਨਾ ਵੀ ਐਨਾ ਸੌਖਾ ਨਹੀਂ। ਅਫਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਪੜ੍ਹੀ ਲਿਖੀ ਮੱਧ ਸ਼੍ਰੇਣੀ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ ਤੋਂ ਮੁਕਤ ਕਰਕੇ ਉਨ੍ਹਾਂ ਦੀ ਸ਼ਕਤੀ ਨੂੰ ਉਸਾਰੂ ਪਾਸੇ ਲਾਉਣਾ ਸੀ, ਉਹ ਖੁਦ ਇਨ੍ਹਾਂ ਦੇ ਮੱਕੜ ਜਾਲ ਵਿਚ ਫਸੀ ਹੋਈ ਹੈ।

ਸਿੱਖ ਲੀਡਰਸ਼ਿਪ, ਸਿੰਘ ਸਾਹਿਬਾਨ ਇਨ੍ਹਾਂ ਦੇ ਡੇਰਿਆਂ ਦੀ ਪਰਕਰਮਾ ਕਰੀ ਜਾਂਦੇ ਹਨ। ਕਈ ਵਾਰ ਸਿੰਘ ਸਾਹਿਬ ਦੀ ਸਿਖਿਆ ਅਖਬਾਰਾਂ 'ਚ ਪੜ੍ਹਨ ਨੂੰ ਮਿਲਦੀ ਹੈ ਕਿ ਸਿੱਖ ਸਾਧਾਂ ਦੇ ਡੇਰੇ ਨਾ ਜਾਣ, ਗੁਰੂ ਮਰਿਯਾਦਾ ਨਾਲ ਜੁੜਨ, ਪਰ ਆਪ ਇਹ ਸਿੰਘ ਸਾਹਿਬਾਨ ਉਨ੍ਹਾਂ ਦੇ ਡੇਰੇ ਵਹੀਰਾਂ ਘੱਤ ਕੇ ਇਹ ਪ੍ਰਚਾਰ ਕਰਦੇ ਹਨ ਕਿ ਇਹ ਸਾਧ ਜਾਂ ਸੰਤ ਦੀ ਸਿੱਖ ਪੰਥ ਲਈ ਬਹੁਤ ਵੱਡੀ ਦੇਣ ਹੈ। ਫਿਰ ਸੰਗਤ ਕੀ ਕਰੇ, ਕਿਧਰ ਜਾਵੇ ? ਇਹ ਸਿੰਘ ਸਾਹਿਬਾਨ ਤਾਂ ਇਹ ਵੀ ਨਹੀਂ ਦਸਦੇ ਕਿ ਉਨ੍ਹਾਂ ਦਾ ਪਹਿਲਾਂ ਬਿਆਨ ਠੀਕ ਸੀ ਜਾਂ ਸਾਧ ਦੇ ਡੇਰੇ ਵਿਚ ਜਾ ਕੇ ਦਿੱਤਾ ਬਿਆਨ। ਹਾਲੇ ਸਿੰਘ ਸਾਹਿਬਾਨਾਂ ਨੂੰ ਅਹਿਸਾਸ ਹੈ ਕਿ ਸਾਧ ਨਾ ਨਾਨਕਸ਼ਾਹੀ ਕੈਲੰਡਰ ਨੂੰ ਮੰਨਦੇ ਹਨ ਤੇ ਨਾ ਸ੍ਰੀ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਣਿਤ ਮਰਿਯਾਦਾ ਨੂੰ। ਉਨ੍ਹਾਂ ਦੀ ਆਪਣੀ ਮਰਿਯਾਦਾ ਤੇ ਸਿਸਟਮ ਹੈ ਜੋ ਕਿ ਗੁਰਮਤਿ ਵਿਚਾਰਧਾਰਾ ਦੇ ਨੇੜੇ

ਤੋੜੇ ਵੀ ਨਹੀਂ ਢੁਕਦੀ। ਸਿੰਘ ਸਾਹਿਬਾਨਾਂ ਨੂੰ ਨਹੀਂ ਚਾਹੀਦਾ ਕਿ ਉਹ ਇਨ੍ਹਾਂ ਸਾਧਾਂ ਦੇ ਗੁਣ ਗਾਇਨ ਕਰਨ ਤੇ ਉਨ੍ਹਾਂ ਦੇ ਡੇਰਿਆਂ 'ਤੇ ਜਾਣ। ਚਾਹੀਦਾ ਤਾਂ ਇਹ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਥਕ ਸੰਪਰਦਾਵਾਂ ਤੇ ਗੁਰਸਿੱਖਾਂ ਨੂੰ ਉਭਾਰ ਕੇ ਪੰਥਕ ਜਾਗ੍ਰਿਤੀ ਪੈਦਾ ਕੀਤੀ ਜਾਵੇ ਤਾਂ ਜੋ ਪੰਥ ਦੀ ਚੜ੍ਹਦੀ ਕਲਾ ਹੋ ਸਕੇ ਤੇ ਸਾਧਾਂ ਰੂਪੀ ਕੈਂਸਰ ਤੋਂ ਪੰਥ ਦਾ ਬਚਾਅ ਹੋ ਸਕੇ। ਇਹ ਗੱਲ ਬਿਲਕੁਲ ਸੱਚ ਹੈ ਕਿ ਇਨ੍ਹਾਂ ਸਾਧਾਂ ਦੀ ਪੰਥ ਲਈ ਕੋਈ ਦੇਣ ਨਹੀਂ। ਇਨ੍ਹਾਂ ਸਾਧਾਂ ਨੇ ਕਦੇ ਵੀ ਮਨੁੱਖੀ ਅਧਿਕਾਰਾਂ ਲਈ ਅਵਾਜ਼ ਬੁਲੰਦ ਨਹੀਂ ਕੀਤੀ ਅਤੇ ਨਾ ਹੀ ਇਨ੍ਹਾਂ ਨੇ ਸ਼ਹੀਦ ਸਿੱਖ ਪਰਿਵਾਰਾਂ ਦੀ ਸਾਰ ਲਈ ਹੈ। ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ, ਨਵੰਬਰ 84 'ਚ ਹੋਏ ਸਿੱਖ ਕਤਲੇਆਮ, ਸਿੱਖ ਨਸਲਕੁਸ਼ੀ ਦੀ ਨਿਖੇਧੀ ਕਰਨੀ ਤਾਂ ਇਨ੍ਹਾਂ ਸਾਧਾਂ ਦੇ ਵੱਸ ਦੀ ਗੱਲ ਨਹੀਂ। ਸਾਧਾਂ ਲਈ ਸੁੰਦਰ ਇਸਤਰੀ ਭੋਗਣੀ, ਸੰਗਤਾਂ ਦੀ ਕਿਰਤ ਕਮਾਈ ਸਿੱਖੀ ਦੇ ਨਾਮ 'ਤੇ ਹੜੱਪਣੀ, ਕਾਰਾਂ 'ਚ ਝੂਟੇ ਲੈਣੇ, ਫਾਈਵ ਸਟਾਰ ਹੋਟਲ ਨੁਮਾ ਸੁੰਦਰ ਡੇਰੇ ਉਸਾਰਨੇ ਇਨ੍ਹਾਂ ਦੀ ਮਰਿਯਾਦਾ ਹੈ, ਪਰ ਪੰਥ ਉਪਰ ਭੀੜ ਬਣਨ 'ਤੇ ਇਹ ਸਾਧ ਮੋਨ ਧਾਰਨ ਕਰ ਜਾਂਦੇ ਹਨ। ਪੁਛਣ 'ਤੇ ਦਲੀਲ ਦੇਂਦੇ ਹਨ ਕਿ ਸੰਤਾਂ ਨੇ ਇਸ ਸਿਆਸਤ ਤੋਂ ਕੀ ਲੈਣਾ ਦੇਣਾ। ਅਸੀਂ ਤਾਂ ਨਾਮ ਜਪਣ ਵਾਲੇ ਲੋਕ ਹਾਂ। ਇਹ ਸਭ ਮਾਇਆ ਦਾ ਖੇਡ ਹੈ। ਜੋ ਕਰੇਗਾ ਸੋ ਭਰੇਗਾ। ਵਾਹਿਗੁਰੂ ਸਭ ਠੀਕ ਕਰ ਦੇਵੇਗਾ।

ਭਲਾ ਪੁੱਛੇ ਇਨ੍ਹਾਂ ਕੋਲੋਂ ਕੋਈ ਕਿ ਤੁਸੀਂ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਵੱਡੇ ਬ੍ਰਹਮ ਗਿਆਨੀ ਹੋ ਗਏ ਹੋ, ਜਿਨ੍ਹਾਂ ਨੇ ਬਾਬਰ ਦੀ ਪਾਪ ਦੀ ਜੰਞ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨਾਲ ਖਲੋਤੇ, ਬਾਬਰ ਦੀ ਜੇਲ੍ਹ 'ਚ ਬੈਠ ਕੇ ਚੱਕੀ ਪੀਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਪਰ ਇਹ ਸਾਧ ਚੱਕੀ ਪੀਣ ਵੱਲ ਕਿਉਂ ਜਾਣਗੇ, ਜਦ ਕਿ ਇਨ੍ਹਾਂ ਨੂੰ ਮਲਾਈਆਂ, ਕਾਜੂਆਂ, ਛੁਹਾਰਿਆਂ ਤੇ ਬਦਾਮਾਂ ਵਾਲਾ ਦੁੱਧ ਪੀਣ ਨੂੰ ਮਿਲਦਾ, ਏ.ਸੀ. ਦੀ ਠੰਡੀ ਹਵਾ ਫੱਕਣ ਨੂੰ ਮਿਲਦੀ ਹੈ, ਤਰ੍ਹਾਂ ਤਰ੍ਹਾਂ ਦੀਆਂ ਬੀਬੀਆਂ ਇਨ੍ਹਾਂ ਪੈਰ ਗੋਡੇ ਘੁਟਣ ਆਉਂਦੀਆਂ ਹਨ। ਜਦ ਲੋਕ ਮੂਰਖ ਬਣ ਕੇ ਇਨ੍ਹਾਂ ਅਖੌਤੀ ਬ੍ਰਹਮ ਗਿਆਨੀਆਂ ਅੱਗੇ ਮਾਇਆ ਦਾ ਮੱਥਾ ਟੇਕਦੇ ਹਨ ਤਾਂ ਇਹ ਕਿਰਤ ਕਿਉਂ ਕਰਨਗੇ? ਬਾਬੇ ਨਾਨਕ ਵਾਂਗ ਸਿੱਖੀ ਅਤੇ ਮਾਨਵਤਾ ਦਾ ਭਲਾ ਕਰਨ ਲਈ ਪੰਡਤਾਂ, ਕਰਮ ਕਾਂਡੀਆਂ ਨਾਲ ਬਹਿਸ 'ਚ ਕਿਉਂ ਪੈਣਗੇ? ਜਦ ਕਿ ਇਹ ਸਾਧ ਆਪ ਹੀ ਬ੍ਰਾਹਮਣਵਾਦੀ ਰਾਹਾਂ 'ਤੇ ਹਨ। ਕਿਉਂ ਦੁਨੀਆ ਦੇ ਸੁੱਖ, ਐਸ਼ ਛੱਡ ਕੇ ਮਾਨਵਤਾ ਦੇ ਹਿੱਤ ਲਈ ਉਪਕਾਰ ਕਰਨਗੇ?

ਇਨ੍ਹਾਂ ਸਾਧਾਂ ਦਾ ਨੈਟਵਰਕ ਬੀਬੀਆਂ 'ਤੇ ਆਧਾਰਿਤ ਹੁੰਦਾ ਹੈ। ਜੇਕਰ ਬੀਬੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਣ, ਆਪਣੇ ਤੇ ਗੁਰੂ ਵਿਚ ਬਣੇ ਵਿਚੋਲੇ ਅਖੌਤੀ ਸਾਧ ਨੂੰ ਤਿਆਗ ਦੇਣ ਤਾਂ ਇਹ ਸਾਧ ਵਿਚਾਰੇ ਭੁੱਖੇ ਮਰ ਜਾਣਗੇ। ਇਨ੍ਹਾਂ ਨੂੰ ਆਪਣੇ ਭੇਖ ਖਤਮ ਕਰਕੇ ਸਿੱਖਾਂ ਵਾਂਗ ਹੀ ਕਿਰਤ ਕਰਨ, ਨਾਮ ਜਪਣ ਤੇ ਵੰਡ ਛੱਕਣ ਵਿਚ ਵਿਸ਼ਵਾਸ ਕਰਨਾ ਪਵੇਗਾ। ਤੁਸੀਂ ਡੇਰਿਆਂ ਵੱਲ ਝਾਤ ਮਾਰੋ ਬੀਬੀਆਂ ਡੋਲੂ ਚੁੱਕੀ ਡੇਰਿਆਂ 'ਤੇ ਸਾਧਾਂ ਵੱਲ ਵਹੀਰਾਂ ਘੱਤੀਂ ਦਿਖਾਈ ਦੇਣਗੀਆਂ। ਉਨ੍ਹਾਂ ਡੋਲੂਆਂ ਵਿਚ ਖੀਰ, ਪੂੜੇ, ਛੋਲੇ, ਬਰਗਰ, ਕੜਾਹ, ਪਿਜ਼ੇ ਪਤਾ ਨਹੀਂ ਹੋਰ ਕੀ ਕੀ ਖਾਣ ਨੂੰ ਸ਼ੈਅ ਹੋਵੇਗੀ। ਇਹ ਤਾਂ ਡੇਰੇ ਵਿਚ ਜਾਣ



ਵਾਲੀਆਂ ਬੀਬੀਆਂ ਹੀ ਦੱਸ ਸਕਦੀਆਂ ਹਨ। ਪਰ ਪੁਛਣਾ ਇਨ੍ਹਾਂ ਬੀਬੀਆਂ ਨੂੰ ਬਣਦਾ ਹੈ ਕਿ ਕਦੇ ਇਨ੍ਹਾਂ ਨੇ ਆਪਣੇ ਬਜ਼ੁਰਗ ਸੱਸ, ਸੁਹਰਾ, ਪਤੀ ਵੱਲ ਵੀ ਅਜਿਹਾ ਧਿਆਨ ਦਿੱਤਾ ਹੈ। ਕੀ ਕਦੇ ਇਨ੍ਹਾਂ ਨੇ ਸੱਸ-ਸਹੁਰੇ ਦੀਆਂ ਲੱਤਾਂ ਘੁੱਟੀਆਂ ਹਨ? ਕਦੇ ਸੱਸ-ਸਹੁਰੇ ਦੇ ਬਿਮਾਰ ਪੈਣ 'ਤੇ ਦਵਾਈ ਵੀ ਲੈ ਕੇ ਦਿੱਤੀ ਹੈ?

ਇਨ੍ਹਾਂ ਬੀਬੀਆਂ ਵਿਚ ਸਾਧਾਂ ਦੀ ਝੂਠੀ ਸਿਫਤ ਕਰਨ ਦੀ ਵੀ ਬਿਮਾਰੀ ਹੈ। ਕਹਿਣਗੀਆਂ, "ਨੀ ਭੈਣੇ ਸੰਤਾਂ ਦੇ ਚਿਹਰੇ 'ਤੇ ਕਿੰਨਾ ਨੂਰ, ਕਿੰਨਾ ਜਲਾਲ ਹੈ, ਭਖਵਾਂ ਚਿਹਰਾ, ਦੇਖ ਨਹੀਂ ਹੁੰਦਾ। ਬਾਬੇ ਏਨਾ ਨਾਮ ਸਿਮਰਨ ਕਰਦੇ ਨੇ ਪੁਛੋ ਹੀ ਕੋਈ ਨਾ। ਜੋ ਮੂੰਹੋ ਫੁਰਮਾ ਦੇਣ ਉਹੀ ਗੱਲ ਪੂਰੀ ਹੋ ਜਾਂਦੀ ਹੈ।

ਪਰ ਕੀ ਇਨ੍ਹਾਂ ਬੀਬੀਆਂ ਨੇ ਇਹ ਵੀ ਜਾਣਿਆ ਹੈ ਕਿ ਸਾਧਾਂ ਦਾ ਨੂਰ ਨਾਮ ਸਿਮਰਨ ਕਰਕੇ ਹੈ ਜਾਂ ਵਿਹਲੇ ਬੈਠ ਕੇ ਬੀਬੀਆਂ ਵਲੋਂ ਲਿਆਂਦੇ ਤਰ੍ਹਾਂ-ਤਰ੍ਹਾਂ ਦੇ ਭੋਜਨ ਛੱਕਣ ਕਰਕੇ, ਵਿਹਲੇ ਰਹਿ ਕੇ ਏ.ਸੀ. ਦੀ ਹਵਾ ਫੱਕਣ ਕਰਕੇ। ਇਨ੍ਹਾਂ ਸਾਧਾਂ ਨੂੰ ਨਾ ਗ੍ਰਹਿਸਥੀ ਦਾ ਫਿਕਰ ਤੇ ਨਾ ਹੀ ਕੋਈ ਹੋਰ ਫਿਕਰ, ਚਿਹਰੇ 'ਤੇ ਨੂਰ ਨਹੀਂ ਹੋਵੇਗਾ ਤਾਂ ਹੋਰ ਕੀ ਹੋਵੇਗਾ? ਆਮ ਸਿੱਖਾਂ ਦੀ ਤਰ੍ਹਾਂ ਇਹ ਸਾਧ ਵੀ ਕਿਰਤ ਕਮਾਈ ਕਰਨ, ਬੀਬੇ ਸਿੱਖਾਂ ਵਾਂਗ ਗ੍ਰਹਿਸਥੀ ਸੰਭਾਲਣ, ਸੰਸਾਰ ਦੀ ਚਿੰਤਾ ਦਾ ਉਪਾਅ ਢੂੰਡਣ ਫਿਰ ਦੇਖਾਂਗੇ ਇਨ੍ਹਾਂ ਦਾ ਨੂਰ ਕਿਥੇ ਹੁੰਦਾ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਜਿਹੇ 'ਨੂਰ' ਵਾਲੇ ਭੇਖੀ ਸੰਤਾਂ ਲਈ ਅਸੰਤ ਸ਼ਬਦ ਦੀ ਵਰਤੋਂ ਕੀਤੀ ਹੈ ਜੋ ਭੋਲੀ ਭਾਲੀ ਜਨਤਾ ਨੂੰ ਕੁਰਾਹੇ ਪਾ ਕੇ ਲੁੱਟਦੇ ਰਹਿੰਦੇ ਹਨ ;

*ਅਸੰਤੁ ਅਨਾੜੀ ਕਦੇ ਨ ਬੂਝੈ ॥*
*ਕਥਨੀ ਕਰੈ ਤੈ ਮਾਇਆ ਨਾਲਿ ਲੂਝੈ ॥*
*ਅੰਧੁ ਅਗਿਆਨੀ ਕਦੇ ਨ ਸੀਝੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੦)

ਹੁਣ ਸੰਸਾਰੀਕਰਨ ਦੇ ਯੁਗ ਵਿਚ ਸੰਤਾਂ ਨੂੰ ਸਿਮਰਨ ਕਰਨ ਦੀ ਵਿਹਲ ਨਹੀਂ, ਕਿਉਂਕਿ ਉਨ੍ਹਾਂ ਕੋਲ ਬਹੁਤ ਭੀੜ ਤੇ ਰੁਝੇਵੇਂ ਹੋ ਗਏ ਹਨ। ਰਾਤ ਵੇਲੇ ਉਹ ਵੱਖ-ਵੱਖ ਤਰ੍ਹਾਂ ਦੇ ਰੰਗੀਨ ਚੈਨਲ ਟੀ.ਵੀ. ਦੇਖ ਲੈਂਦੇ ਹਨ, ਸਵੇਰੇ ਜਾਗਣ ਕਿਵੇਂ, ਫਿਰ ਸਿਮਰਨ ਕਿਵੇਂ ਹੋਵੇ? ਦੁਪਹਿਰ ਤੋਂ ਸ਼ਾਮ ਤੱਕ ਉਨ੍ਹਾਂ ਨੂੰ ਮਿਲਣ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਕਦੇ ਬੀਬੀਆਂ ਆਪਣੀ ਹੀ ਸਮੱਸਿਆ ਲੈ ਕੇ ਆ ਜਾਂਦੀਆਂ ਹਨ ਕਿ ਬੱਚਾ ਨਹੀਂ ਹੁੰਦਾ, ਕਾਕਾ ਪੜ੍ਹਦਾ ਨਹੀਂ, ਪਤੀ ਵਸ 'ਚ ਨਹੀਂ, ਸੱਸ ਝਗੜਦੀ ਹੈ। 'ਸੰਤ-ਮਹਾਂਪੁਰਸ਼' ਕੀ ਕਰਨ? ਸਭ ਸੰਤਾਂ ਨੇ ਇਸ ਸੰਬੰਧੀ ਸੌਖਾ ਤੇ ਸਾਂਝਾ ਹੱਲ ਲੱਭ ਲਿਆ ਹੈ।

ਸਭ ਸੰਤਾਂ ਨੇ ਗੁਰਬਾਣੀ ਦੇ ਸ਼ਲੋਕ ਤੇ ਸ਼ਬਦ ਕਾਰਡਾਂ 'ਤੇ ਛਪਾ ਕੇ ਰੱਖੇ ਹੁੰਦੇ ਹਨ ਅਤੇ ਮੰਤਰ ਬਣਾ ਕੇ ਸੰਗਤਾਂ ਨੂੰ ਵੰਡ ਦੇਂਦੇ ਹਨ। ਕਿਸੇ ਨੂੰ ਨਾਲ ਲਾਚੀਆਂ ਦਾ ਪਰਸ਼ਾਦ ਦੇ ਦੇਂਦੇ ਹਨ, ਕਿਸੇ ਨੂੰ ਪਾਣੀ ਵਾਲੀ ਬੋਤਲ 'ਚ ਉਂਗਲ ਘੁੰਮਾ ਕੇ 'ਅੰਮ੍ਰਿਤ' ਬਣਾ ਕੇ ਦੇਂਦੇ ਹਨ ਅਤੇ ਕਿਸੇ ਨੂੰ ਸੇਬ ਦਾ ਪਰਸ਼ਾਦ ਦੇ ਦੇਂਦੇ ਹਨ। ਜਿਨ੍ਹਾਂ ਲੋਕਾਂ ਦੇ ਕਾਰਜ ਸਹਿਜ ਸੁਭਾਅ ਜਾਂ

ਕੁਦਰਤੀ ਤੌਰ 'ਤੇ ਸੰਵਰ ਗਏ ਤਾਂ ਉਹ ਲੋਕ ਸਾਧਾਂ ਦੇ ਪੱਕੇ ਚੇਲੇ ਬਣ ਗਏ। ਫਿਰ ਸਾਧ ਦੀ ਵੀ ਬੱਲੇ ਬੱਲੇ ਤੇ ਡੇਰਾ ਵੀ ਚੜ੍ਹਦੀ ਕਲਾ 'ਚ, ਕਿਉਂਕਿ ਜਿਹਦੀ ਸਮਸਿਆ ਹੱਲ ਹੋ ਗਈ, ਉਸ ਨੇ ਮਾਇਆ ਵੀ ਚਾੜ੍ਹਨੀ ਹੋਈ, ਨਾਲ ਬਾਬੇ ਦੀ ਸੰਗਤ ਵੀ ਵਧਾਉਣੀ ਹੋਈ। ਉਹ ਸ਼ਰਧਾਲੂ ਫਿਰ ਰਿਸ਼ਤੇਦਾਰ, ਗਵਾਂਢੀ ਜੋ ਲਭੇ ਸਭ ਨੂੰ ਡੇਰੇ ਵਿਚ ਲੈ ਆਉਂਦਾ ਹੈ। ਫਿਰ ਸਾਧ ਦੀਆਂ ਪੌਂ ਬਾਰਾਂ ਕਿਉਂ ਨਾ ਹੋਣ। ਇਸ ਤਰ੍ਹਾਂ ਸਾਧ ਦੀ ਦੁਕਾਨ ਕਰਿਆਨੇ ਦੀ ਵੱਡੀ ਦੁਕਾਨ ਵਾਂਗ ਚੱਲਦੀ ਹੈ, ਜਿਥੇ ਭੀੜ ਹੀ ਨਹੀਂ ਮੁੱਕਦੀ। ਜੇਕਰ ਅਜਿਹਾ ਹੁੰਦਾ ਰਹੇ ਸਾਧ ਨੂੰ ਸਿਮਰਨ ਦੀ ਕੀ ਲੋੜ ਹੈ, ਕਿਉਂਕਿ ਸਿਮਰਨ ਬਿਨਾਂ ਹੀ ਸਭ ਕੁਝ ਮਿਲੀ ਜਾਂਦਾ ਹੈ।

ਜਿਥੇ ਡੇਰਿਆਂ 'ਚ ਸਾਧਾਂ ਕੋਲ ਭੀੜ ਵਧ ਜੁੜੀ ਹੁੰਦੀ ਹੈ, ਉਥੇ ਮੰਤਰੀ ਅਤੇ ਅਫਸਰ ਵੀ ਦਰਸ਼ਨਾਂ ਨੂੰ ਭੱਜੇ ਆਉਂਦੇ ਹਨ। ਸਭ ਸੰਤਾਂ ਨਾਲ ਕੰਮਾਂ ਕਰਕੇ ਬੱਝੇ ਹੁੰਦੇ ਹਨ। ਮੰਤਰੀਆਂ, ਲੀਡਰਾਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ, ਅਫਸਰਾਂ ਨੂੰ ਸਾਧਾਂ ਰਾਹੀਂ ਮੰਤਰੀਆਂ, ਲੀਡਰਾਂ ਕੋਲ ਕੰਮ ਕਢਾਉਣ ਦੀ ਹੈ, ਫਿਰ ਸਾਧ ਵੀ ਉਨ੍ਹਾਂ ਦੇ ਕਾਰਜ ਸੰਵਾਰਨਗੇ, ਆਪਣੇ ਵੀ ਸੰਵਾਰਨਗੇ, ਡੇਰਾ ਮਹਾਨ ਬਨਾਉਣਗੇ, ਲੋਕਾਂ 'ਚ ਗੱਲ ਧੁਮਾ ਦਿੱਤੀ ਜਾਵੇਗੀ ਕਿ ਸੰਤ ਮਹਾਰਾਜ ਏਨੇ ਮਹਾਨ ਹਨ ਕਿ ਵੱਡੇ ਵੱਡੇ ਲੀਡਰ, ਅਫਸਰ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਂਦੇ ਹਨ।

ਹਕੀਕਤ ਇਹ ਹੈ ਕਿ ਹਿੰਦੋਸਤਾਨ 'ਚ ਸਾਧਾਂ ਦੇ ਰੂਪ ਵਿਚ ਮੰਗਤੀ ਤੇ ਵਿਹਲੜ ਜਮਾਤ ਸੀ, ਜਿਸ ਦਾ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਜੋਗੀਆਂ ਤੇ ਪਾਂਡਿਆਂ ਦੇ ਰੂਪ ਵਿਚ ਵੀ ਜ਼ਿਕਰ ਕੀਤਾ ਸੀ, ਪਰ ਪਤਾ ਨਹੀਂ ਸਿੱਖਾਂ ਵਿਚ ਇਹ ਵਿਹਲੜ ਜਮਾਤ ਕਿਵੇਂ ਪੈਦਾ ਹੋ ਗਈ। ਬਹੁਤ ਵੱਡਾ ਰਹੱਸ ਦਾ ਵਿਸ਼ਾ ਹੈ, ਜੋ ਸਾਡੀ ਸਮਝ ਤੋਂ ਬਾਹਰ ਹੈ।

ਮੇਰਾ ਇਨ੍ਹਾਂ ਸਿੱਖ ਸਾਧਾਂ ਨਾਲ ਪੂਰਾ ਵਾਹ ਪਿਆ ਹੈ, ਇਨ੍ਹਾਂ ਦੇ ਕੱਚੇ ਚਿੱਠੇ ਵੀ ਫੋਲੇ ਹਨ। ਪੂਰੇ ਦੋ ਸਾਲ ਇਨ੍ਹਾਂ ਸਾਧਾਂ ਨਾਲ ਆੜੀ ਪਾ ਕੇ ਇਨ੍ਹਾਂ ਦੀ ਜ਼ਿੰਦਗੀ ਨੇੜਿਉਂ ਤੱਕੀ ਹੈ ਤੇ ਦੇਖਿਆ ਹੈ ਕਿ ਇਨ੍ਹਾਂ ਦਾ ਅਸਲ ਬ੍ਰਹਮ ਗਿਆਨ ਕੀ ਹੈ। ਹਰੇਕ ਸਾਧ ਦਾ ਨਿਸ਼ਾਨਾ ਆਪਣੇ ਡੇਰੇ ਨੂੰ ਮਹਾਨ, ਦੂਜੇ ਸਾਧ ਨੂੰ ਬੁਰਾ ਦਿਖਾਉਣਾ, ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਨੂੰ ਚੈਲਿੰਜ ਕਰਨਾ ਤੇ ਆਪਣੀ ਮਰਿਯਾਦਾ ਨੂੰ ਉਤਮ ਦੱਸਣਾ, ਬ੍ਰਾਹਮਣਾਂ ਵਾਂਗ ਦਲਿਤਾਂ ਨਾਲ ਮਾੜਾ ਵਿਹਾਰ ਕਰਨਾ, ਲੰਗਰ 'ਚ ਪ੍ਰਸ਼ਾਦਾ ਨਾ ਛੱਕਣਾ ਤੇ ਉਸ ਦੀ ਥਾਂ ਆਪਣੀ ਬਣਾਈ ਰਸੋਈ ਦਾ ਛੱਕਣਾ, ਵੱਡੇ ਵੱਡੇ ਸਮਾਗਮਾਂ ਵਿਚ ਸੰਗਤ ਲਈ ਅਲੱਗ ਲੰਗਰ ਤਿਆਰ ਕਰਵਾਉਣਾ ਤੇ ਛਕਾਉਣਾ, 'ਮਹਾਂਪੁਰਖ ਸਾਧਾਂ' ਲਈ ਅਲੱਗ ਤੇ ਵਧੀਆ ਲੰਗਰ ਤਿਆਰ ਕਰਕੇ ਆਲੀਸ਼ਾਨ ਕਮਰਿਆਂ 'ਚ ਛਕਾਉਣਾ, ਜਿਸ ਵਿਚ ਆਮ ਵਿਅਕਤੀ ਪ੍ਰਸ਼ਾਦਾ ਨਹੀਂ ਛੱਕ ਸਕਦਾ, ਪਰ ਮੰਤਰੀ, ਸੰਤਰੀ ਤੇ ਜਗੀਰਦਾਰ- ਅਮੀਰ ਵਿਅਕਤੀ ਸਭ ਛੱਕ ਸਕਦੇ ਹਨ, ਜਿਨ੍ਹਾਂ ਦੀ 'ਸੰਤ ਮਹਾਰਾਜ' ਨਾਲ ਨੇੜਤਾ ਹੈ।

ਗਰੀਬ ਇਨ੍ਹਾਂ ਦੇ ਡੇਰੇ 'ਚ ਆ ਜਾਵੇ ਤਾਂ ਸਾਧ ਸਿੱਧੇ ਮੂੰਹ ਉਨ੍ਹਾਂ ਨਾਲ ਗੱਲ ਵੀ ਨਹੀਂ ਕਰਦੇ, ਵਿਚਾਰੇ ਗਰੀਬ ਕੋਲ ਹੈਅ ਕੀ ਜੋ ਉਸ ਨੂੰ ਦੇ ਸਕੇ। ਜੇਕਰ ਪਤਾ ਲੱਗ ਜਾਵੇ ਕਿ ਬੀਬੀਆਂ ਆਈਆਂ ਹਨ ਜਾਂ ਕੋਈ ਤਕੜਾ ਅਮੀਰ ਸ਼ਰਧਾਲੂ ਆਇਆ ਹੈ ਤਾਂ ਇਹ ਸਾਧ ਸੁੱਤੇ ਵੀ ਜਾਗ ਪੈਂਦੇ ਹਨ, ਸਿਮਰਨ ਵੀ ਭੁੱਲ ਜਾਂਦੇ ਹਨ। ਉਨ੍ਹਾਂ ਨੂੰ ਚਾਹ ਵੀ ਪਿਆਉਣਗੇ,



ਤਰ੍ਹਾਂ-ਤਰ੍ਹਾਂ ਦੇ ਪਕਵਾਨ ਵੀ ਖਵਾਉਣਗੇ। ਇਹ ਹੈ ਸਾਧਾਂ, ਸੰਤਾਂ, ਬਾਬਿਆਂ ਦੀ ਫਿਤਰਤ, ਜਿਨ੍ਹਾਂ ਨੂੰ ਲੋਕ ਬ੍ਰਹਮਗਿਆਨੀ ਆਖ ਕੇ ਰਾਈ ਦਾ ਪਹਾੜ ਬਣਾਈ ਜਾ ਰਹੇ ਹਨ।

ਇਸ ਸੰਬੰਧੀ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਜੀ ਬੇਦੀ ਨੇ ਮੈਨੂੰ ਦੱਸਿਆ ਕਿ "ਯਾਰਾ, ਮੈਂ ਸਾਧ ਮੰਡਲੀ ਵਿਚ ਪੈਰ ਤਾਂ ਧਰ ਲਿਆ ਹੈ ਪਰ ਇਨ੍ਹਾਂ ਕੋਲ ਸਿੱਖਾਂ ਨੂੰ ਦੇਣ ਲਈ ਕੁਝ ਵੀ ਨਹੀਂ। ਮਾਇਆ ਤੇ ਹਉਮੈ 'ਚ ਗ੍ਰਸੇ ਹੁੰਦੇ ਹਨ। ਕੁਝ ਚੰਗੇ ਵੀ ਸੰਤ ਹਨ ਜਿਨ੍ਹਾਂ ਦੀ ਕਰਨੀ ਮਹਾਨ ਹੈ, ਉਨ੍ਹਾਂ ਬਾਰੇ ਮੈਂ ਇਹ ਗੱਲ ਨਹੀਂ ਕਰਦਾ। ਪਰ ਬਹੁਤੇ ਸਾਧਾਂ ਦਾ ਇਹੀ ਹਾਲ ਹੈ। ਸਿੱਖੀ ਦੇ ਕਾਰਜ ਲਈ ਪੈਸਾ ਖਰਚਣ ਨੂੰ ਵੀ ਤਿਆਰ ਨਹੀਂ। ਸਿੱਖ ਯੂਨੀਵਰਸਿਟੀ ਬਨਾਉਣ ਦਾ ਪ੍ਰੋਗਰਾਮ ਉਲੀਕਿਆ ਸੀ, ਮੀਟਿੰਗ 'ਚ ਸਾਰੇ ਸੰਤਾਂ ਨੇ ਹਾਂ ਕਰ ਦਿੱਤੀ, ਪਰ ਹੁਣ ਪੈਸੇ ਪੱਖੋਂ ਸਭ ਤਿੰਨ ਪੰਜ ਕਰ ਰਹੇ ਹਨ।

ਉੱਤੋਂ ਸੰਤਾਂ ਦੇ ਘਟੀਆ ਚਰਿੱਤਰ ਬਾਰੇ ਗੱਲਾਂ ਸੁਣਨ ਵੀ ਆ ਰਹੀਆਂ ਹਨ। ਇਸ ਨਾਲ ਚੰਗੇ ਸੰਤਾਂ ਦੀ ਵੀ ਬਦਨਾਮੀ ਹੋ ਰਹੀ ਹੈ। ਜੇ ਇਕ ਸੰਤ ਦੂਸਰੇ ਸੰਤ ਦੇ ਇਲਾਕੇ ਵਿਚ ਪ੍ਰਚਾਰ ਕਰਨ ਚਲਾ ਜਾਂਦਾ ਹੈ ਤਾਂ ਇਹ ਸੰਤ ਬਰਦਾਸ਼ਤ ਨਹੀਂ ਕਰਦੇ। ਆਖਿਰ ਸਿੱਖੀ ਦਾ ਪ੍ਰਚਾਰ ਕਰਨਾ ਹੈ ਤਾਂ ਅਸੀਂ ਈਰਖਾ ਕਿਉਂ ਇਕ ਦੂਜੇ ਨਾਲ ਕਰੀਏ। ਬਾਬਾ ਮੱਖਣ ਸਿੰਘ ਸੇਵਾ ਪੰਥੀ ਵੀ ਅਜਿਹੇ ਮਾੜੇ ਸੈਕੰਡਲ ਦੀ ਲਪੇਟ ਵਿਚ ਆ ਗਏ ਹਨ, ਜਿਸ ਨਾਲ ਸਾਨੂੰ ਵੀ ਪ੍ਰੇਸ਼ਾਨੀ ਹੋ ਰਹੀ ਹੈ।"

ਕਹਾਣੀ ਭਾਵੇਂ ਕਾਰ ਸੇਵਾ ਵਾਲੇ ਬਾਬਿਆਂ ਦੀ ਲੈ ਲਵੋ, ਪਰ ਉਨ੍ਹਾਂ ਨੇ ਗੁਰੂ ਘਰਾਂ ਨੂੰ ਢਾਹ ਕੇ ਅਖੌਤੀ ਸੁੰਦਰੀਕਰਨ ਦਾ ਨਾਮ ਦੇ ਕੇ ਸਿੱਖ ਵਿਰਸੇ ਨੂੰ ਢਾਹ ਲਗਾਈ ਹੈ। ਇਥੋਂ ਤੱਕ ਜੂਨ 84 ਦੌਰਾਨ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ 'ਚ ਗੋਲੀਆਂ ਦੇ ਲੱਗੇ ਨਿਸ਼ਾਨ ਵੀ ਮਿਟਾ ਦਿੱਤੇ ਹਨ ਜੋ ਸਰਕਾਰੀ ਜ਼ੁਲਮਾਂ ਦੀ ਦਾਸਤਾਨ ਕਹਿੰਦੇ ਸਨ।

ਕਾਰ ਸੇਵਾ ਵਾਲੇ ਬਾਬਿਆਂ ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਾ, ਬਾਬਾ ਜਗਤਾਰ ਸਿੰਘ, ਬਾਬਾ ਲਾਭ ਸਿੰਘ ਅਨੰਦਪੁਰ ਵਾਲੇ ਅਜਿਹੇ ਸਾਧ ਹਨ, ਜਿਨ੍ਹਾਂ ਨੇ ਗੁਰੂਆਂ ਦੇ ਸਮੇਂ ਬਣੀਆਂ ਕੀਮਤੀ ਯਾਦਗਾਰਾਂ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਸਿੱਖ ਇਤਿਹਾਸ ਨੂੰ ਮਿਥਿਹਾਸ ਵਿਚ ਬਦਲ ਦਿੱਤਾ। ਪੰਜਾਬ ਵਿਚ ਹੁਣ ਗੁਰੂਆਂ ਦੇ ਸਮੇਂ ਦੀ ਕੋਈ ਇਤਿਹਾਸਕ ਯਾਦਗਾਰ ਨਹੀਂ ਮਿਲਦੀ ਜੋ ਕਿ ਨਾਨਕਸ਼ਾਹੀ ਇੱਟਾਂ ਨਾਲ ਸਿਰਜੀ ਹੋਵੇ।

ਹੁਣ ਰਾਜਿਸਥਾਨੀ ਚਿੱਟੇ ਪੱਥਰਾਂ ਨਾਲ ਉਸਰੀਆ ਇਕੋ ਜਿਹੀਆਂ ਇਮਾਰਤਾਂ ਸਾਧਾਂ ਦੀ ਯਾਦਗਾਰ ਦੇ ਰੂਪ ਵਿਚ ਦਿਖਾਈ ਦੇਂਦੀਆਂ ਹਨ। ਪੰਜਾਬ ਗੁਰਦੁਆਰੇ ਢਾਉਣ ਦੀ ਜ਼ਿੰਮੇਵਾਰੀ ਸਾਧ ਜਗਤਾਰ ਸਿੰਘ ਅਤੇ ਬਾਬਾ ਹਰਬੰਸ ਸਿੰਘ ਨੇ ਨਿਭਾਈ, ਦਿੱਲੀ ਅਤੇ ਹੋਰ ਸੂਬਿਆਂ ਵਿਚ ਲਾਭ ਸਿੰਘ ਤੇ ਬਾਬਾ ਹਰਬੰਸ ਸਿੰਘ ਨੇ।

ਕਈ ਸਿੰਘਾਂ ਦਾ ਇਲਜ਼ਾਮ ਹੈ ਕਿ ਸ੍ਰੋਮਣੀ ਕਮੇਟੀ ਪੈਸੇ ਲੈ ਕੇ ਇਹ ਕਾਰ ਸੇਵਾ ਦਿੰਦੀ ਹੈ। ਇਸ ਬਾਰੇ ਚੰਗੀ ਤਰ੍ਹਾਂ ਸ੍ਰੋਮਣੀ ਕਮੇਟੀ ਹੀ ਦੱਸ ਸਕਦੀ ਹੈ ਜਾਂ ਫਿਰ ਸਾਧ ਕਿ ਇਹ ਗੱਲ ਝੂਠੀ ਹੈ ਜਾਂ ਸੱਚੀ। ਪਰ ਸੱਚ ਤਾਂ ਇਹ ਹੈ ਕਿ ਨਾ ਇਹ ਸਾਧ ਇੰਜੀਨੀਅਰ ਹਨ, ਨਾ ਹੀ ਨਕਸ਼ਾ ਨਵੀਸ। ਫਿਰ ਇਨ੍ਹਾਂ ਨੂੰ ਕਾਹਦੀ ਕਾਰ ਸੇਵਾ ਦਿੱਤੀ ਜਾਂਦੀ ਹੈ ? ਸ੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਆਪਣੀ ਦੇਖ ਰੇਖ ਵਿਚ ਇਹ ਕਾਰ ਸੇਵਾ ਕਿਉਂ ਨਹੀਂ ਕਰਵਾਉਂਦੀ। ਇਹੋ ਜਿਹਾ ਇਲਜ਼ਾਮ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸ਼ਹੀਦ ਹੋ ਚੁੱਕੇ ਜਨਰਲ ਸਕੱਤਰ ਸਤਪਾਲ ਸਿੰਘ ਢਿੱਲੋਂ ਅਤੇ ਭਾਈ ਹਰਿੰਦਰ ਸਿੰਘ ਕਾਹਲੋਂ ਉਸ ਸਮੇਂ ਦੇ ਫੈਡਰੇਸ਼ਨ ਪ੍ਰਧਾਨ ਨੇ ਵੀ ਲਗਾਇਆ ਸੀ। ਉਸ ਸਮੇਂ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਨ। ਫੌਜੀ ਹਮਲੇ '84 ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਹੋਣੀ ਸੀ ਤਾਂ ਉਸ ਸਮੇਂ ਕਾਰ ਸੇਵਾ ਵਾਲੇ ਬਾਬਿਆਂ ਵਿਚ ਸ਼ਾਮਲ ਇੱਕ ਬਾਬਾ ਸ੍ਰੀ ਅਕਾਲ ਤਖਤ ਸਾਹਿਬ ਦਾ ਥੜਾ ਹਾਲੇ ਪੁੱਟਣ ਹੀ ਲੱਗਾ ਸੀ ਜੋ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਬਣਵਾਇਆ ਸੀ ਕਿ ਭਾਈ ਸਤਪਾਲ ਸਿੰਘ ਢਿੱਲੋਂ ਹੁਣਾਂ ਨੇ ਵਰਜ ਦਿੱਤਾ ਕਿ ਗੁਰੂ ਦਾ ਬਣਾਇਆ ਥੜਾ ਅਸੀਂ ਤੈਨੂੰ ਭੰਨਣ ਨਹੀਂ ਦੇਣਾ। ਬਾਬੇ ਨੇ ਥੋੜੀ ਬਹੁਤੀ ਤਿੜ ਫਿੜ ਕੀਤੀ ਤਾਂ ਭਾਈ ਸਤਪਾਲ ਸਿੰਘ ਨੇ ਉਸ ਨੂੰ ਦਬਕਾ ਦਿੱਤਾ ਅਤੇ ਉਹ ਬਾਬਾ ਚੁੱਪ-ਚੁਪੀਤਾ ਉਥੋਂ ਚਲਾ ਗਿਆ। ਆਖਰ ਸਾਰਾ ਕਾਰਜ ਦਮਦਮੀ ਟਕਸਾਲ ਦੀ ਅਗਵਾਈ ਵਿਚ ਪੂਰਾ ਹੋਇਆ।

ਪੰਜਾਬ 'ਚ ਖਾੜਕੂ ਦੌਰ ਖਤਮ ਹੋਇਆ ਤਾਂ ਗੁਰੂਆਂ ਦੀਆਂ ਇਤਿਹਾਸਕ ਯਾਦਗਾਰਾਂ ਵੀ ਮਿਟਣੀਆਂ ਸ਼ੁਰੂ ਹੋ ਗਈਆਂ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਬਣਾਏ ਦਰਬਾਰ ਸਾਹਿਬ ਵਿਚ ਮੁਨਾਰੇ ਢਾਹ ਕੇ ਨਵੇਂ ਬਣਾ ਦਿੱਤੇ, ਅਸਲ ਪਛਾਣ ਖਤਮ ਕਰ ਦਿੱਤੀ। ਗੋਲੀਆਂ ਦੇ ਨਿਸ਼ਾਨ ਦਰਬਾਰ ਸਾਹਿਬ ਵਿਚ ਲੱਗੇ ਸਾਧ ਜਗਤਾਰ ਸਿੰਘ ਤੇ ਸਾਧ ਹਰਬੰਸ ਸਿੰਘ ਵਰਗੇ ਸਾਧਾਂ ਨੇ ਮਿਟਾ ਦਿੱਤੇ। ਹੁਣ ਆਖਰੀ ਯਾਦ ਬੇਬੇ ਨਾਨਕੀ ਦੇ ਸਹੁਰੇ ਘਰ ਦੀ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਚ ਬਚੀ ਸੀ, ਜਿਥੇ ਗੁਰੂ ਬਾਬਾ ਨਾਨਕ ਭੈਣ ਨਾਨਕੀ ਦੇ ਚੇਤੇ ਕਰਨ 'ਤੇ ਪਰਸ਼ਾਦਾ ਛਕਣ ਉਥੇ ਆ ਜਾਂਦੇ ਸਨ। ਪਰ ਇਹ ਵੀ ਘਰ ਤੇ ਬੇਬੇ ਨਾਨਕੀ ਦਾ ਚੁੱਲ੍ਹਾ ਵੀ ਇਸ ਸਾਧ ਜਗਤਾਰ ਸਿੰਘ ਦੇ ਹਥੋੜੇ ਦਾ ਸ਼ਿਕਾਰ ਹੋ ਗਿਆ। ਇਨ੍ਹਾਂ ਬਾਬਿਆਂ ਨੇ ਡੇਢ ਕੁ ਸਾਲ ਪਹਿਲਾਂ ਇਸ ਘਰ ਨੂੰ ਸੰਭਾਲਣ ਦੇ ਦਾਅਵੇ ਕੀਤੇ ਸਨ। ਪਰ ਘਰ ਫਿਰ ਢਾਹ ਦਿੱਤਾ। ਪੁੱਛਣ 'ਤੇ ਦੱਸਿਆ ਆਪੇ ਹੀ ਢਹਿ ਢੇਰੀ ਹੋ ਗਿਆ ਹੈ। ਉਥੋਂ ਦੀਆਂ ਸੰਗਤਾਂ ਨੇ ਦੱਸਿਆ ਹੈ ਕਿ ਬਾਬੇ ਨੇ ਇਹ ਕੰਮ ਬਹੁਤ ਬੇਦਰਦੀ ਨਾਲ ਕੀਤਾ ਹੈ। ਸੰਗਤਾਂ ਨੇ ਵਿਰੋਧ ਵੀ ਕੀਤਾ, ਪਰ ਬਾਬੇ ਦੇ ਗੁੰਡੇ ਸੇਵਾਦਾਰਾਂ ਅੱਗੇ ਸੰਗਤਾਂ ਦੀ ਕੀ ਪੇਸ਼ ਜਾ ਸਕਦੀ ਸੀ? ਪਤਾ ਲੱਗਾ ਹੈ ਕਿ ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਕਾਰ ਸੇਵਾ ਦੇ ਆਦੇਸ਼ ਮਿਲ ਗਏ ਹਨ। ਜੇਕਰ ਇਹ ਕਾਰ ਸੇਵਾ ਇਨ੍ਹਾਂ ਮੂਰਖ ਬਾਬਿਆਂ ਦੇ ਹੱਥ ਆ ਗਈ ਤਾਂ ਪਾਕਿਸਤਾਨ ਵਿਚ ਬਚਿਆ ਖੁਚਿਆ ਸਿੱਖ ਇਤਿਹਾਸ ਵੀ ਖਤਮ ਹੋ ਜਾਵੇਗਾ। ਕਾਰ ਸੇਵਾ ਕਮੇਟੀ ਪਾਕਿਸਤਾਨ ਅਤੇ ਸਿੱਖ ਜਗਤ ਨੂੰ ਸੁਚੇਤ ਹੋਣ ਦੀ ਲੋੜ ਹੈ।

ਕਬੂਤਰਬਾਜ਼ੀ ਦੇ ਧੰਦੇ 'ਚ ਪੰਜਾਬੀ ਦੇ ਮਸ਼ਹੂਰ ਗਾਇਕ ਦਲੇਰ ਮਹਿੰਦੀ, ਸੁਖਵਿੰਦਰ ਪੰਛੀ ਕਾਨੂੰਨੀ ਸ਼ਿਕੰਜੇ 'ਚ ਆਉਣ ਦੇ ਬਾਅਦ ਸਾਧ-ਸੰਤ ਵੀ ਚਰਚਾ 'ਚ ਹਨ ਜੋ ਕਿ ਵਿਦੇਸ਼ਾਂ 'ਚ ਥੋਕ ਦੇ ਭਾਅ ਕਬੂਤਰ ਸ਼ਰਧਾਲੂਆਂ ਦੇ ਰੂਪ ਵਿੱਚ ਲੈ ਜਾਂਦੇ ਹਨ ਜੋ ਵਾਪਸ ਵਤਨੀ ਨਹੀਂ ਪਰਤਦੇ। ਜਿੰਨੀ ਕਬੂਤਰਬਾਜ਼ੀ 'ਚ ਸੰਤ ਬਾਬਿਆਂ ਦੀ ਦੇਣ ਹੈ, ਉਨੀਂ ਸ਼ਾਇਦ ਸਪੋਰਟਸ ਕਲੱਬਾਂ ਤੇ ਗਾਇਕਾਂ ਦੀ ਵੀ ਨਾ ਹੋਵੇ, ਕਿਉਂਕਿ ਬਾਬਿਆਂ ਦਾ ਨੈੱਟਵਰਕ



ਇਨ੍ਹਾਂ ਗਾਇਕਾਂ ਤੇ ਸਪੋਰਟਸ ਕਲੱਬ ਚਲਾਉਣ ਵਾਲਿਆਂ ਤੋਂ ਕਿਤੇ ਵਿਸ਼ਾਲ ਹੈ। ਧਰਮ ਦੀ ਆੜ ਲੈਣ ਕਰਕੇ ਜਲਦੀ ਇਨ੍ਹਾਂ ਬਾਰੇ ਪੁਲੀਸ ਤੇ ਅੰਬੈਸੀਆਂ ਸ਼ੱਕ ਨਹੀਂ ਕਰਦੀਆਂ। ਜਿਸ ਕਰਕੇ ਇਨ੍ਹਾਂ ਦਾ ਧੰਦਾ ਪੂਰੀ ਤਰ੍ਹਾਂ ਪ੍ਰਫੁੱਲਤ ਹੈ। ਵਿਦੇਸ਼ ਜਾਣ ਵਾਲੇ ਕਈ ਬਾਬਿਆਂ ਦੀਆਂ ਤਾਰਾਂ ਸਿੱਧੀਆਂ ਟਰੈਵਲ ਏਜੰਟਾਂ ਨਾਲ ਜੁੜੀਆਂ ਹੁੰਦੀਆਂ ਹਨ। ਭਾਵੇਂ ਇਹ ਕਬੂਤਰ ਬਾਬਿਆਂ ਨੇ ਆਪਣੇ ਟੋਲੇ ਰਾਹੀਂ ਲਿਜਾਣੇ ਹੋਣ ਜਾਂ ਟਰੈਵਲ ਏਜੰਟਾਂ ਰਾਹੀਂ ਗੈਰ ਕਾਨੂੰਨੀ ਤੌਰ'ਤੇ ਪਹੁੰਚਾਉਣੇ ਹੋਣ। ਬਾਬੇ ਜਲਦੀ ਕਿਤੇ ਪੁਲੀਸ ਸ਼ਿਕੰਜੇ ਵਿੱਚ ਨਹੀਂ ਫਸਦੇ। ਸ਼ਿਕਾਇਤ ਕਰਨ ਵਾਲਾ ਕੋਈ ਹੋਵੇਗਾ ਤਾਂ ਹੀ ਬਾਬਿਆਂ 'ਤੇ ਕਾਰਵਾਈ ਹੋਵੇਗੀ। ਬਾਬਿਆਂ ਕੋਲ ਫਸਣ ਵਾਲੇ ਆਮ ਕਰਕੇ ਸ਼ਰਧਾਲੂ ਹੀ ਹੁੰਦੇ ਹਨ ਜੋ ਬਾਬਿਆਂ ਨੂੰ ਰੱਬ ਸਮਝਦੇ ਹਨ ਅਤੇ ਉਹ ਸ਼ਿਕਾਇਤ ਕਿਵੇਂ ਕਰਨਗੇ? ਫਿਰ ਬਾਬੇ ਪੁਲੀਸ ਨੂੰ ਵੀ ਪੈਸੇ ਚਾੜ੍ਹ ਦੇਂਦੇ ਹਨ, ਰਿਪੋਰਟ ਫਿਰ ਬਾਬਿਆਂ 'ਤੇ ਕਿਸ ਨੇ ਦਰਜ਼ ਕਰਨੀ ਹੋਈ। ਮੰਤਰੀ, ਐਮ.ਐਲ.ਏ. ਨੂੰ ਵੋਟ ਵੀ ਬਾਬਿਆਂ ਦੇ ਸ਼ਰਧਾਲੂਆਂ ਦੀ ਪੈਂਦੀ ਹੈ। ਬਾਬੇ ਜੇਕਰ ਫਸ ਜਾਣ ਤਾਂ ਔਖੀ ਘੜੀ ਵੇਲੇ ਮੰਤਰੀ, ਐਮ.ਐਲ.ਏ. ਅਤੇ ਸਿਆਸੀ ਲੀਡਰ ਵੀ ਉਨ੍ਹਾਂ ਦਾ ਬੇੜਾ ਪਾਰ ਕਰ ਦਿੰਦੇ ਹਨ। ਆਮ ਵਿਚਾਰੇ ਲੋਕ ਜੋ ਬਾਬਿਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਏ ਹੁੰਦੇ ਹਨ, ਉਨ੍ਹਾਂ ਦੀ ਸੁਣਦਾ ਵੀ ਕੌਣ ਹੈ। ਬਾਬੇ ਬਲਾਤਕਾਰੀ ਹੋਣ, ਕਿਸੇ ਦੇ ਪੈਸੇ ਹੜੱਪ ਕਰ ਜਾਣ, ਸਮਾਜ ਵਿਰੋਧੀ ਕੁਕਰਮਾਂ ਕਰਕੇ ਜੇਲ੍ਹ ਚਲੇ ਜਾਣ, ਪਰ ਬਾਬਿਆਂ ਦੀਆਂ ਅੰਧ ਵਿਸ਼ਵਾਸੀ ਭੀੜ ਰੂਪੀ ਅਖੌਤੀ ਸੰਗਤਾਂ 'ਚ ਕਦੇ ਵੀ ਘਾਟਾ ਨਹੀਂ ਪੈਂਦਾ।

ਬਾਬੇ ਵਿਦੇਸ਼ਾਂ 'ਚ ਕਿਸੇ ਨੂੰ ਗੈਰਕਾਨੂੰਨੀ ਢੰਗ ਨਾਲ ਭੇਜਣ, ਪਰ ਉਨ੍ਹਾਂ ਵਲੋਂ ਭੇਜਿਆ ਵਿਅਕਤੀ ਕਬੂਤਰ ਬਣਕੇ ਸਫਲ ਉਡਾਰੀ ਮਾਰਦਾ ਹੈ, ਜਿਸ ਨਾਲ ਭੇਜੇ ਵਿਅਕਤੀ ਦਾ ਪਰਿਵਾਰ ਵੀ ਖੁਸ਼, ਭਾਵੇਂ ਬਾਬੇ ਨੇ ਉਨ੍ਹਾਂ ਕੋਲੋਂ ਲੱਖਾਂ ਰੁਪਏ ਵਿਦੇਸ਼ ਭੇਜਣ ਦੇ ਨਾਮ 'ਤੇ ਲਏ ਹੋਣ। ਵਿਦੇਸ਼ ਭੇਜੇ ਜਾ ਚੁੱਕੇ ਵਿਅਕਤੀ ਦਾ ਪਰਿਵਾਰ ਫਿਰ ਬਾਬੇ ਦੇ ਗੁਣ ਗਾਇਨ ਹੀ ਨਹੀਂ ਕਰਦਾ, ਸਗੋਂ ਆਪਣੇ ਵਰਗੇ ਹੋਰ ਗਾਹਕ ਵੀ ਬਾਬਿਆਂ ਕੋਲ ਲੈ ਕੇ ਆਉਂਦਾ ਹੈ। ਬਾਬੇ ਏਨੇ ਚਲਾਕ ਹੁੰਦੇ ਹਨ ਕਿ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦੇ। ਫਸੇ ਹੋਏ ਗਾਹਕ ਨੂੰ ਕਹਿਣਗੇ ਕਿ ਆਪਣੇ ਡੇਰੇ ਦਾ ਫਲਾਣਾ ਸ਼ਰਧਾਲੂ ਟਰੈਵਲ ਏਜੰਟ ਹੈ ਜੋ ਕਿ ਗਰੰਟੀ ਨਾਲ ਵਿਦੇਸ਼ ਪਹੁੰਚਾਉਂਦਾ ਹੈ। ਤੁਸੀਂ ਚਿੰਤਾ ਨਾ ਕਰੋ। ਪਰ ਪੈਸੇ ਉਨੇ ਥੋੜ੍ਹੇ ਵੱਧ ਮੰਗਣੇ ਹਨ। ਪਰ ਇਸ ਦੀ ਪਰਵਾਹ ਨਾ ਕਰੋ। ਜਦੋਂ ਕਾਕਾ ਵਿਦੇਸ਼ ਚਲਾ ਗਿਆ ਤਾਂ ਵਾਹਿਗੁਰੂ ਕ੍ਰਿਪਾ ਨਾਲ ਮਾਇਆ ਦੀ ਕਮੀ ਨਹੀਂ ਰਹਿਣੀ। ਅੱਜ-ਕੱਲ੍ਹ ਇਹੀ ਧੰਦੇ ਇਨ੍ਹਾਂ ਡੇਰਿਆਂ 'ਚ ਕਬੂਤਰਬਾਜ਼ ਸਾਧਾਂ ਰਾਹੀਂ ਚਲਾਏ ਜਾ ਰਹੇ ਹਨ। ਸਾਧਾਂ ਨੂੰ ਦੋਹਰਾ ਫਾਇਦਾ ਹੁੰਦਾ ਹੈ ਕਿ ਇਕ ਚਿਮਟਾ ਖੜਕਾ ਕੇ, ਕੱਚੀ ਬਾਣੀ ਪੜ੍ਹ ਕੇ ਜਾਂ ਕਥਾ ਕਰਕੇ ਪੌਂਡ, ਡਾਲਰ ਦੇ ਮੱਥੇ ਟਿਕਾ ਕੇ ਅਤੇ ਦੂਸਰਾ ਵਿਦੇਸ਼ਾਂ 'ਚ ਕਬੂਤਰ ਛੱਡ ਕੇ ਉਨ੍ਹਾਂ ਦੇ ਪਰਿਵਾਰਾਂ ਤੋਂ ਲੱਖਾਂ ਰੁਪਇਆ ਲੈ ਕੇ। ਏਨੇ ਪੈਸੇ ਲੈ ਕੇ ਵੀ ਬਾਬੇ ਡਕਾਰ ਨਹੀਂ ਮਾਰਦੇ, ਕਿਉਂਕਿ ਮਾਇਆ ਦੀ ਭੁੱਖ ਦੂਰ ਨਹੀਂ ਹੁੰਦੀ । ਫਿਰ ਹਰ ਸਾਲ ਬਾਬਿਆਂ ਦੀ ਫੇਰੀ ਕਦੇ ਇੰਗਲੈਂਡ ਵਲ, ਕਦੇ ਅਮਰੀਕਾ, ਕਦੇ ਕੈਨੇਡਾ, ਕਦੇ ਜਰਮਨ, ਕਦੇ ਆਸਟਰੇਲੀਆ ਤੇ ਕਦੇ ਯੂਰਪ ਵੱਲ। ਇਸ ਤਰ੍ਹਾਂ ਬਾਬਿਆਂ ਦਾ ਧੰਦਾ

ਕਾਫੀ ਤੇਜ਼ੀ ਨਾਲ ਚਲਿਆ ਹੋਇਆ ਹੈ।

ਜਲੰਧਰ ਦੇ ਨੇੜਲੇ ਇਲਾਕੇ ਨਕੋਦਰ ਵਿਖੇ ਇੱਕ ਮਸ਼ਹੂਰ ਬਿਹੰਗਮ ਬਾਬਾ ਜੋ ਕਿ ਸੁੰਦਰ ਜਨਾਨੀਆਂ ਦੇ ਭੋਗੀ ਦੇ ਰੂਪ 'ਚ ਜਾਣਿਆ ਜਾਂਦਾ ਹੈ ਅਤੇ ਉਸ ਦੇ ਕਈ ਸੈਕਸੀ ਤੇ ਭ੍ਰਿਸ਼ਟ ਕਾਂਡ ਅਖਬਾਰਾਂ 'ਚ ਛੱਪ ਚੁੱਕੇ ਹਨ, ਉਹ ਵੀ ਕਬੂਤਰਬਾਜ਼ੀ ਦੇ ਧੰਦੇ 'ਚ ਸ਼ਾਮਲ ਹੈ। ਉਸ ਦੀ ਅਜਿਹੀ ਕਰਤੂਤ ਵੀ ਸਾਹਮਣੇ ਆਈ ਸੀ ਤੇ ਉਸ ਦਾ ਛੱਡਿਆ ਕਬੂਤਰ ਟਰੈਵਲ ਏਜੰਟ ਦੀ ਗਲਤੀ ਕਰਕੇ ਵਿਦੇਸ਼ 'ਚ ਖੱਪ ਗਿਆ ਸੀ। ਪਰ ਬਾਬੇ ਹੁਣੀਂ ਇਸ ਕਾਂਡ 'ਚ ਮਾਇਆ ਦੇ ਜ਼ੋਰ ਨਾਲ ਸਾਫ ਬਰੀ ਹੋ ਗਏ। ਹਾਲਾਂ ਕਿ ਵਿਦੇਸ਼ 'ਚ ਖੱਪ ਗਏ ਨੌਜਵਾਨ ਦੇ ਪਰਿਵਾਰ ਦਾ ਕਹਿਣਾ ਹੈ ਕਿ ਇਸ ਵਿੱਚ ਸਾਰਾ ਦੋਸ਼ ਬਾਬੇ ਦਾ ਹੈ। ਨਾ ਸਾਨੂੰ ਵਾਪਸ ਪੈਸਾ ਮਿਲਿਆ, ਨਾ ਸਾਡਾ ਪੁੱਤਰ।

ਇਸੇ ਤਰ੍ਹਾਂ ਜਲੰਧਰ ਸ਼ਹਿਰ ਦੇ ਨੇੜੇ ਪਿੰਡ ਦਾ ਇੱਕ ਹੋਰ ਬਾਬਾ ਦੁੱਖਤੋੜ ਜੋ ਕਿ ਕਬੂਤਰਬਾਜ਼ੀ ਧੰਦੇ ਦਾ ਸ਼ੌਂਕ ਰੱਖਦਾ ਸੀ, ਲੋਕਾਂ ਦੀਆਂ ਆਸਾਂ ਤੇ ਪੂਰਾ ਨਾ ਉਤਰਨ ਕਰਕੇ ਆਪਣਾ ਡੇਰਾ ਛੱਡ ਕੇ ਭੱਜ ਗਿਆ ਅਤੇ ਲੋਕਾਂ ਕੋਲੋਂ ਕਬੂਤਰਬਾਜ਼ੀ ਦੇ ਨਾਂ 'ਤੇ ਇਕੱਠੀ ਕੀਤੀ ਮਾਇਆ ਵੀ ਨਾਲ ਲੈ ਗਿਆ। ਉਥੋਂ ਦੀਆਂ ਸੰਗਤਾਂ ਦਾ ਕਹਿਣਾ ਹੈ ਕਿ ਬਾਬੇ ਦੇ ਸਿਆਸੀ ਲੋਕਾਂ ਨਾਲ ਸੰਬੰਧ ਹਨ, ਜਿਸ ਕਰਕੇ ਪੁਲੀਸ ਉਸ ਦਾ ਵਾਲ ਵਿੰਗਾ ਨਹੀਂ ਕਰ ਸਕੀ। ਇਸ ਸਮੇਂ ਦੁਆਬਾ ਬਾਬਿਆਂ ਦੀ ਮੰਡੀ ਬਣਿਆ ਹੋਇਆ ਹੈ, ਜਿਥੇ ਹਰੇਕ ਤੀਜੇ ਘਰ 'ਚੋਂ ਕੋਈ ਨਾ ਕੋਈ ਵਿਦੇਸ਼ ਗਿਆ ਹੋਇਆ ਹੈ। ਇਸੇ ਕਰਕੇ ਦੁਆਬੇ ਖੇਤਰ ਦਾ ਹਰੇਕ ਨੌਜਵਾਨ ਵਿਦੇਸ਼ ਜਾਣ ਲਈ ਉਤਸੁਕ ਹੈ ਜਿਸ ਕਰਕੇ ਬਾਬਿਆਂ ਦਾ ਧੰਦਾ ਕਬੂਤਰਬਾਜ਼ੀ ਵਾਲਾ ਜ਼ੋਰਾਂ 'ਤੇ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਡੇਰੇ ਇਸ ਸਮੇਂ ਮਾਇਆ ਤੇ ਹਵਸ ਦਾ ਕੇਂਦਰ ਬਣ ਚੁੱਕੇ ਹਨ। ਜਿਥੇ ਮਾਇਆ ਦੀ ਪ੍ਰਧਾਨਤਾ ਹੋਵੇਗੀ ਕਾਮ ਅਤੇ ਕੂੜ ਸਿਰ ਚੁੱਕੇਗਾ ਹੀ। ਇਹੀ ਸਾਧ ਦੇ ਡੇਰਿਆਂ 'ਚ ਵਾਪਰ ਰਿਹਾ ਹੈ ਜੋ ਕਿ ਪੰਥ ਤੇ ਸਮਾਜ ਲਈ ਖਤਰਾ ਬਣ ਗਏ ਹਨ। ਹੁਣ ਗੁਰਸਿੱਖਾਂ ਨੂੰ ਜਾਗ ਆਉਣੀ ਚਾਹੀਦੀ ਹੈ, ਕਿਉਂਕਿ ਗੁਰਸਿੱਖਾਂ ਨੂੰ ਗੁਰਬਾਣੀ ਵਿਚ ਸੰਤ ਦੀ ਪਦਵੀ ਮਿਲੀ ਹੈ। ਸੰਤ ਦਾ ਉਭਰਨਾ ਤੇ ਅਸੰਤ ਦਾ ਢੱਠਣਾ ਗੁਰਮਤਿ ਦਾ ਨਿਸ਼ਾਨਾ ਹੈ।

ਜੇਕਰ ਗੁਰਸਿੱਖਾਂ ਨੇ ਇਨ੍ਹਾਂ ਪਖੰਡਾਂ ਵਿਰੁੱਧ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਾਂਗ ਅਵਾਜ਼ ਨਾ ਉਠਾਈ, ਲੋਕਾਂ ਨੂੰ ਚੇਤੰਨ ਨਾ ਕੀਤਾ ਤਾਂ ਕਿਸੇ ਵੇਲੇ ਇਹ ਸਾਧ ਗੁਰੂ ਵੀ ਸਦਵਾਉਣ ਲੱਗ ਜਾਣਗੇ ਅਤੇ ਬ੍ਰਾਹਮਣਾਂ ਵਾਂਗ ਸਿੱਖ ਮੱਤ ਨੂੰ ਕੁਚਲ ਦੇਣਗੇ। ਲੋੜ ਹੈ ਬਾਬੇ ਨਾਨਕ ਦੇ ਮਾਰਗ 'ਤੇ ਚੱਲਣ ਦੀ ਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਮਲੀ ਤੌਰ 'ਤੇ ਪੇਸ਼ ਕਰਨ ਦੀ। ਯਾਦ ਰੱਖਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਜਦੋਂ ਮਸੰਦ ਰੂਪੀ ਸਾਧਾਂ ਨੇ ਸਿਰ ਚੁੱਕਿਆ ਸੀ ਅਤੇ ਖਾਲਸਾ ਪੰਥ ਦੀ ਸਿਰਜਣਾ ਦੀ ਵਿਰੋਧਤਾ ਕੀਤੀ ਸੀ ਤਾਂ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਆਪ ਤੇਲ ਵਾਲੇ ਤੱਤੇ ਕੜਾਹਿਆਂ ਵਿਚ ਸਾੜਿਆ ਸੀ।



ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦੀ ਸਿਰਜਣਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਾਧਾਂ ਤੋਂ ਅਜ਼ਾਦ ਕਰਵਾ ਕੇ ਸਾਰੀ ਜ਼ਿੰਮੇਵਾਰੀ ਭਾਈ ਮਨੀ ਸਿੰਘ ਨੂੰ ਸੌਂਪੀ ਸੀ। ਵੀਹਵੀਂ ਸਦੀ ਦੌਰਾਨ ਸਿੰਘ ਸਭਾ ਲਹਿਰ ਵੀ ਸਾਧਾਂ ਦੇ ਵਿਰੋਧ 'ਚ ਪੈਦਾ ਹੋਈ ਸੀ। ਹੁਣ ਵੀ ਖਾਲਸਾ ਪੰਥ ਦਾ ਨਿਆਰਾਪਨ ਰੱਖਣ ਲਈ ਸਾਧਾਂ ਵਿਰੁੱਧ ਗੁਰਮਤਿ ਚੇਤਨਾ ਲਹਿਰ ਉਸਾਰਨ ਦੀ ਜ਼ਰੂਰਤ ਹੈ।

✻ ✻ ✻

# ਗੁਰਮਤਿ ਤੇ ਹਿੰਦੂਮਤ ਦੇ ਸੰਸਕਾਰ

ਹਰ ਕੌਮ ਦੇ ਕੁਝ ਵਿਸ਼ੇਸ਼ ਸੰਸਕਾਰ ਹੁੰਦੇ ਹਨ, ਜੋ ਉਸ ਦੀ ਵਿਲੱਖਣਤਾ ਨੂੰ ਪ੍ਰਗਟ ਕਰਦੇ ਹਨ। ਹਿੰਦੂ ਪਰਿਵਾਰ ਵਿਚ ਲੜਕੇ ਦੇ ਜਨਮ ਨੂੰ ਸ਼ੁਭ ਮੰਨਿਆ ਹੈ ਅਤੇ ਉਸ ਦੇ ਜਨਮ ਸਮੇਂ ਵਿਸ਼ੇਸ਼ ਖੁਸ਼ੀ ਮਨਾਈ ਜਾਂਦੀ ਹੈ। ਬੱਚੇ ਦੇ ਜਨਮ ਨਾਲ ਘਰ ਨੂੰ ਅਪਵਿੱਤਰ ਹੋਇਆ ਸਮਝ ਲਿਆ ਜਾਂਦਾ ਹੈ। ਇਸ ਅਪਵਿੱਤਰਤਾ ਨੂੰ ਬ੍ਰਾਹਮਣਵਾਦੀ ਭਾਸ਼ਾ ਵਿਚ ਸੂਤਕ ਕਿਹਾ ਜਾਂਦਾ ਹੈ।

ਅਤ੍ਰਿ ਸਿੰਮ੍ਰਤੀ ਅਨੁਸਾਰ ਇਹ ਅਪਵਿੱਤਰਤਾ ਬ੍ਰਾਹਮਣ ਦੇ ਘਰ 11 ਦਿਨ, ਖੱਤਰੀ ਦੇ ਘਰ 13 ਦਿਨ, ਵੈਸ਼ ਦੇ 17 ਦਿਨ ਅਤੇ ਸ਼ੂਦਰ ਦੇ 30 ਦਿਨ ਰਹਿੰਦੀ ਹੈ। ਇਸ ਸਮੇਂ ਵਿਚਕਾਰ ਉਸ ਦੇ ਘਰ ਜਾਣਾ-ਆਉਣਾ ਜਾਂ ਖਾਣਾ-ਪੀਣਾ ਪਾਪ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਸ ਰਸਮ ’ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਜੰਮਣਾ ਮਰਨਾ ਤਾਂ ਵਾਹਿਗੁਰੂ ਦਾ ਹੁਕਮ ਹੈ, ਇਸ ਲਈ ਸੂਤਕ ਦਾ ਵਿਚਾਰ ਇਕ ਭਰਮ ਹੈ ;

*ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੨)

ਸੂਤਕ ਦੀ ਦ੍ਰਿਸ਼ਟੀ ਤੋਂ ਤਾਂ ਜੀਵਨ ਲਈ ਲਾਜ਼ਮੀ ਤੱਤਾਂ ਅੰਨ, ਜਲ, ਪੌਣ ਆਦਿ ਦੀ ਵਰਤੋਂ ਨਾਲ ਅਸੰਖਾਂ ਜੀਵਾਂ ਦੀ ਹੱਤਿਆ ਹੁੰਦੀ ਹੀ ਹੈ, ਕਿਉਂਕਿ ਇਨ੍ਹਾਂ ਤੱਤਾਂ ਵਿਚ ਤਾਂ ਜੀਵ ਹੁੰਦਾ ਹੈ ਜਾਂ ਕੀਟਾਣੂ ਮਿਲੇ ਰਹਿੰਦੇ ਹਨ ;

*ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥*
*ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥*
*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ॥*
*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥*
*ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੨)

ਹਿੰਦੂ ਧਰਮ ਵਿਚ ਮੁੰਡਨ ਸੰਸਕਾਰ ਦੇ ਬਾਅਦ ਪੰਜ ਸਾਲ ਦੀ ਉਮਰ ਵਿਚ ਬੱਚੇ ਨੂੰ ਪੜ੍ਹਨ ਭੇਜਿਆ ਜਾਂਦਾ ਹੈ। 8 ਸਾਲ ਦੀ ਉਮਰ ਵਿਚ ਜੰਜੂ ਉਸ ਦੇ ਸੱਜੇ ਮੋਢੇ ’ਤੇ ਖੱਬੇ ਪਾਸੇ ਵੱਲ ਲਟਕਾਇਆ ਜਾਂਦਾ ਹੈ। ਹਿੰਦੂ ਧਰਮ ਵਿਚ ਪ੍ਰਵੇਸ਼ ਕਰਵਾਉਣ ਲਈ ਜਨੇਊ ਸੰਸਕਾਰ



ਜ਼ਰੂਰੀ ਹੈ। ਮਨੂੰ ਸਿਮਰਤੀ ਅਨੁਸਾਰ ਬ੍ਰਾਹਮਣ ਲਈ ਸੂਤ ਦਾ, ਖੱਤਰੀ ਲਈ ਸਣ ਦਾ ਤੇ ਵੈਸ਼ ਲਈ ਉੱਨ ਦੇ ਜਨੇਊ ਦਾ ਵਿਧਾਨ ਹੈ। ਸ਼ੂਦਰ ਤੇ ਇਸਤਰੀ ਨੂੰ ਜਨੇਊ ਪਹਿਨਣ ਦਾ ਅਧਿਕਾਰ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਨੂੰਵਾਦੀ ਜਨੇਊ ਨੂੰ ਰੱਦ ਕਰਦਿਆਂ ਮਨੁੱਖ ਨੂੰ ਸਦਾਚਾਰਕ ਗੁਣਾਂ ਦਾ ਜਨੇਊ ਪਾਉਣ ਦੀ ਹਦਾਇਤ ਦਿੱਤੀ ਹੈ ਜੋ ਸਥਾਈ ਹੈ ਅਤੇ ਭਵਿੱਖ ਨਾਲ ਨਿਭਦਾ ਹੈ ;

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ॥*
*ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੧)

ਹਿੰਦੂ ਧਰਮ ਦੇ ਉਲਟ ਸਿੱਖ ਧਰਮ ਵਿਚ ਲੜਕੀ-ਲੜਕੇ ਦੋਹਾਂ ਦੇ ਜਨਮ ਨੂੰ ਸ਼ੁਭ ਮੰਨਿਆ ਜਾਂਦਾ ਹੈ ਤੇ ਬ੍ਰਾਹਮਣਵਾਦ ਵਾਂਗ ਸੂਤਕ ਰਸਮ ਵਿਚ ਵਿਸ਼ਵਾਸ ਨਹੀਂ ਕੀਤਾ ਜਾਂਦਾ। ਸਿੱਖ ਪਰਿਵਾਰ ਵਿਚ ਜਨਮ ਸੰਸਕਾਰ ਕਰਨ ਲਈ ਬਾਲਕ ਨੂੰ ਕੋਸੇ ਪਾਣੀ ਨਾਲ ਇਸ਼ਨਾਨ ਕਰਵਾ ਕੇ, ਕ੍ਰਿਪਾਨ ਦੀ ਨੋਕ ਤੇ ਪੰਜ ਬੂੰਦਾਂ ਅੰਮ੍ਰਿਤ ਬੱਚੇ ਨੂੰ ਛਕਾਇਆ ਜਾਂਦਾ ਹੈ ਤੇ ਬਾਕੀ ਦਾ ਦੋ ਕੁ ਘੁਟਾਂ ਉਸ ਦੀ ਮਾਤਾ ਨੂੰ ਪਿਲਾ ਦਿੱਤਾ ਜਾਂਦਾ ਹੈ। ਇਸ ਰੀਤ ਨੂੰ ਗੁਰਮਤਿ ਅਨੁਸਾਰ ਗੁੜਤੀ ਦੀ ਸੰਗਿਆ ਦਿੱਤੀ ਗਈ ਹੈ। ਸਿੱਖ ਪਰਿਵਾਰ ਵਿਚ ਬੱਚੇ ਦਾ ਨਾਂ ਰੱਖਣ ਲਈ ਗੁਰਦੁਆਰੇ ਕੀਰਤਨ ਕਰਵਾ ਕੇ, ਅਰਦਾਸ ਖਤਮ ਹੋਣ ਉਪਰੰਤ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵਾਕ ਲਿਆ ਜਾਂਦਾ ਹੈ ਤਾਂ ਪਹਿਲੇ ਅੱਖਰ ਤੋਂ ਬੱਚੇ ਦਾ ਨਾਂ ਰਖਿਆ ਜਾਂਦਾ ਹੈ। ਸਿੱਖ ਧਰਮ ਵਿਚ ਹਿੰਦੂ ਰਸਮ ਜਨੇਊ ਨੂੰ ਨਾ ਅਪਣਾ ਕੇ ਅੰਮ੍ਰਿਤ ਛਕਣ ਦਾ ਵਿਧਾਨ ਪ੍ਰਚਲਿਤ ਹੈ। ਵਿਸ਼ਵ ਦੇ ਇਤਿਹਾਸ ਵਿਚ ਉਹੀ ਕੌਮਾਂ ਆਪਣਾ ਵਜੂਦ ਕਾਇਮ ਰੱਖ ਸਕੀਆਂ, ਜਿਨ੍ਹਾਂ ਦੇ ਲੋਕ ਪੜ੍ਹੇ ਲਿਖੇ ਵਿਦਵਾਨ ਸਨ। ਇਹੀ ਕਾਰਣ ਹੈ ਕਿ ਸਿੱਖ ਧਰਮ ਵਿਚ ਵਿਦਿਆ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਗਈ ਹੈ। ਸਿੱਖ ਪਰਿਵਾਰ ਵਿਚ ਬੱਚੇ ਨੂੰ ਸਭ ਤੋਂ ਪਹਿਲਾਂ ਗੁਰਮਤਿ ਵਿਦਿਆ, ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਉਸ ਨੂੰ ਸਕੂਲ, ਕਾਲਜ ਵਿਚ ਪਾਉਣ ਦੇ ਨਾਲ ਰਵਾਇਤੀ ਸ਼ਸ਼ਤਰ ਵਿਦਿਆ ਵਿਚ ਵੀ ਨਿਪੁੰਨ ਕੀਤਾ ਜਾਂਦਾ ਹੈ। ਸਿੱਖ ਵਿਦਿਆ ਨੂੰ ਗਿਆਨ ਭਰਪੂਰ ਪਰਉਪਕਾਰ ਦੀ ਕਸੌਟੀ ਤੇ ਪਰਖਦਾ ਹੈ ;

*ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੫੬)*

ਹਿੰਦੂ ਧਰਮ ਵਿਚ ਵਿਦਿਆਰਥੀ ਜੀਵਨ ਖਤਮ ਕਰਨ ਤੋਂ ਬਾਅਦ ਵਿਆਹ ਸੰਸਕਾਰ ਕੀਤਾ ਜਾਂਦਾ ਹੈ। ਹਿੰਦੂ ਧਰਮ ਵਿਚ ਅੱਠ ਪ੍ਰਕਾਰ ਦੇ ਵਿਆਹ ਨੂੰ ਮਾਨਤਾ ਦਿੱਤੀ ਹੈ, ਜਿਵੇਂ ਬ੍ਰਹਮ ਵਿਆਹ, ਦੇਵ ਵਿਆਹ, ਆਰੀਆ ਵਿਆਹ, ਪ੍ਰਜਾਪਤ ਵਿਆਹ, ਅਸੁਰ ਵਿਆਹ, ਗੰਧਰਵ ਵਿਆਹ, ਰਾਖਸ਼ ਵਿਆਹ, ਭੂਤ ਵਿਆਹ। ਯੋਗ ਵਰ ਨੂੰ ਬੁਲਾ ਕੇ, ਵਿੱਤ ਅਨੁਸਾਰ ਕੰਨਿਆ ਨੂੰ ਗਹਿਣਿਆਂ ਆਦਿ ਨਾਲ ਸਜਾ ਕੇ ਵਿਆਹ ਕਰਨਾ ਹੀ ਬ੍ਰਹਮ ਵਿਆਹ ਹੈ।

ਯੱਗ ਅਨੁਸ਼ਠਾਨ ਵਿਚ ਸਥਿਤ ਰਿਤ ਵਿਜ ਲਈ ਵਿੱਤ ਅਨੁਸਾਰ ਗਹਿਣਿਆਂ ਨਾਲ ਸਜੀ ਕੰਨਿਆ ਦਾ ਦਾਨ ਦੇਵ ਵਿਆਹ ਕਹਾਉਂਦਾ ਹੈ। ਦੋ ਗਊਆਂ ਦੇ ਨਾਲ ਕੰਨਿਆ ਦਾ ਦਾਨ ਆਰੀਆ ਵਿਆਹ ਕਹਾਉਂਦਾ ਹੈ। ਜਦ ਕੰਨਿਆ ਦਾ ਪਿਤਾ ਕੰਨਿਆ ਨੂੰ ਉਸ ਦੇ ਪਤੀ ਨੂੰ ਦੇ ਕੇ ਇਹ ਕਹੇ ਕਿ ਤੁਸੀਂ ਦੋਨੋਂ ਧਰਮ ਦੇ ਨਾਲ ਅਜੀਵਨ ਆਚਰਨ ਕਰੋ ਤਾਂ ਇਸ ਨੂੰ ਪ੍ਰਜਾਪਤ ਵਿਆਹ ਕਿਹਾ ਜਾਂਦਾ ਹੈ। ਅਸੁਰ ਵਿਆਹ ਉਸ ਨੂੰ ਆਖਿਆ ਜਾਂਦਾ ਹੈ, ਜਦੋਂ ਧਨ ਲੈ ਕੇ ਜਾਂ ਵੇਚ ਕੇ, ਜਿਥੇ ਕੰਨਿਆ ਦਿੱਤੀ ਜਾਵੇ। ਗੰਧਰਵ ਵਿਆਹ ਉਸ ਨੂੰ ਆਖਿਆ ਜਾਂਦਾ ਹੈ, ਜਦੋਂ ਆਪਸੀ ਪਿਆਰ ਦੇ ਕਾਰਨ ਜਿੱਥੇ ਵਰ ਅਤੇ ਕੰਨਿਆ ਆਪਣੇ ਮਾਂ-ਪਿਉ ਦੀ ਆਗਿਆ ਬਿਨਾਂ ਵਿਆਹ ਰਚਾ ਲੈਂਦੇ ਹਨ। ਯੁੱਧ ਕਰਕੇ ਜਬਰੀ ਕੰਨਿਆ ਨੂੰ ਲੈ ਕੇ ਜਾਣਾ ਰਾਖਸ਼ ਵਿਆਹ ਕਹਾਉਂਦਾ ਹੈ। ਧੋਖੇ ਨਾਲ ਸੁੱਤੀ ਹੋਈ ਜਾਂ ਬੇਹੋਸ਼ ਹਾਲਤ ਵਿਚ ਕੰਨਿਆ ਨਾਲ ਸੰਭੋਗ ਭੂਤ ਵਿਆਹ ਕਹਾਉਂਦਾ ਹੈ। ਹਿੰਦੂ ਸਮਾਜ ਵਿਚ ਗੰਧਰਵ, ਭੂਤ, ਰਾਖਸ਼ ਵਿਆਹ ਸ਼ਾਇਦ ਨਜਾਇਜ਼ ਔਲਾਦ ਨੂੰ ਸਾਮਾਜਿਕ ਮਾਨਤਾ ਦੇਣ ਲਈ ਪ੍ਰਚਲਿਤ ਹੋਏ ਹੋਣਗੇ।

ਹਿੰਦੂ ਧਰਮ ਵਿਚ ਵਿਆਹ ਦੇ ਮਹੱਤਵ ਨੂੰ ਮੁੱਖ ਰੱਖ ਕੇ ਮਹੂਰਤ ਕਢਾਇਆ ਜਾਂਦਾ ਹੈ ਤਾਂ ਜੋ ਵਿਵਾਹਿਤ ਜੀਵਨ ਵਿਚ ਵਿਘਨ ਨਾ ਪਵੇ। ਅਸਲ ਤਾਂ ਗੱਲ ਇਹ ਸੀ ਕਿ ਬ੍ਰਾਹਮਣਵਾਦ ਨੇ ਜਨਮ, ਵਿਆਹ, ਮਰਨ ਤੱਕ ਅਜਿਹੀਆਂ ਰਸਮਾਂ ਹਿੰਦੂ ਧਰਮ 'ਤੇ ਲੱਦ ਦਿੱਤੀਆਂ ਸਨ ਤਾਂ ਜੋ ਬ੍ਰਾਹਮਣ ਦੀ ਪੇਟ ਪੂਰਤੀ ਦਾ ਸਾਧਨ ਬਣਿਆ ਰਹੇ ਤੇ ਲੋਕ ਕਰਮ ਕਾਂਡਾਂ ਵਿਚ ਗ੍ਰਸੇ ਰਹਿਣ। ਪ੍ਰਚੀਨ ਕਾਲ ਵਿਚ ਹਿੰਦੂ ਮਹਾਰਾਜਿਆਂ ਤੇ ਅਮੀਰਾਂ ਨੂੰ ਅਧਿਕਾਰ ਸੀ ਕਿ ਉਹ ਬਹੁ-ਵਿਆਹ ਕਰਾ ਸਕਣ। ਪਰ ਇਸ ਦੇ ਉਲਟ ਇਸਤਰੀ ਨੂੰ ਅਜਿਹਾ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਉਹ ਤਾਂ ਪਤੀ ਦੀ ਮੌਤ ਤੋਂ ਉਪਰੰਤ ਵੀ ਦੂਸਰਾ ਵਿਆਹ ਨਹੀਂ ਕਰਾ ਸਕਦੀ, ਕਿਉਂਕਿ ਸਤੀ ਰਸਮ ਦਾ ਰਿਵਾਜ ਪ੍ਰਚਲਿਤ ਸੀ।

ਇਸ ਦੇ ਉਲਟ ਸਿੱਖ ਧਰਮ ਵਿਚ ਵਿਆਹ ਲਈ ਆਨੰਦ ਕਾਰਜ ਦੀ ਰੀਤ ਹੀ ਪ੍ਰਵਾਨ ਹੈ। ਅਨੰਦ ਕਾਰਜ ਤੋਂ ਪਹਿਲਾਂ ਕੁੜਮਾਈ ਦੀ ਰੀਤ ਕੀਤੀ ਜਾਂਦੀ ਹੈ ਜੋ ਕਿ ਗੁਰਮਤਿ ਸਿਧਾਂਤਾਂ ਅਨੁਸਾਰ ਹੁੰਦੀ ਹੈ। ਗੁਰਸਿੱਖ ਪਰਿਵਾਰ ਆਪਣੀ ਲੜਕੀ ਦਾ ਰਿਸ਼ਤਾ ਗੁਰਸਿੱਖ ਪਰਿਵਾਰ ਦੇ ਘਰ ਹੀ ਤਹਿ ਕਰਦਾ ਹੈ, ਭਾਵੇਂ ਉਹ ਕਿਸੇ ਜਾਤ ਬਰਾਦਰੀ ਦਾ ਹੋਵੇ। ਗੁਰਸਿੱਖ ਲੜਕੇ ਦੇ ਪਰਿਵਾਰ ਵਾਲੇ ਆਪਣੇ ਲੜਕੇ ਦਾ ਰਿਸ਼ਤਾ ਪਦਾਰਥਕ ਲੋਭ ਵਿਚ ਨਾ ਪੈ ਕੇ ਲੜਕੀ ਦੇ ਗੁਣ ਦੇਖ ਕੇ ਹੀ ਤਹਿ ਕਰਦੇ ਹਨ। ਕੁੜਮਾਈ ਕਰਨ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਕੇ, ਅਰਦਾਸ ਕਰਕੇ ਤੇ ਸ੍ਰੀ ਮੁਖਵਾਕ ਲੈ ਕੇ, ਦੇਗ ਵਰਤਾਈ ਜਾਂਦੀ ਹੈ। ਇਸ ਉਪਰੰਤ ਲੜਕੀ ਧਿਰ ਵਲੋਂ ਲੜਕੇ ਨੂੰ ਸਵਾ ਰੁਪਈਆ ਤੇ ਇਕ ਕ੍ਰਿਪਾਨ ਭੇਟ ਕੀਤੀ ਜਾਂਦੀ ਹੈ। ਕੇਸਰ ਦਾ ਤਿਲਕ, ਛੁਹਾਰਾ ਖਾਣਾ, ਗੁੜ ਦੀ ਰੋੜੀ ਵੰਡਣੀ, ਅਸ਼ਲੀਲ ਗੀਤ ਗਾਉਣੇ, ਸ਼ਰਾਬ ਪੀਣੀ ਸਭ ਗੁਰਮਤਿ ਸਿਧਾਂਤਾਂ ਵਿਰੋਧੀ ਹਨ।

ਜਿਸ ਵਕਤ ਭੁਝੰਗੀ ਤੇ ਬੀਬੀ ਅਨੰਦ ਕਾਰਜ ਦੇ ਯੋਗ ਹੋ ਜਾਣ ਤਾਂ ਦੋਹਾਂ ਪਾਸਿਆਂ ਦੇ ਗੁਰਸਿੱਖ ਪਰਿਵਾਰ ਜਨਮ ਪੱਤਰੀਆਂ, ਟੇਵਿਆਂ, ਮਹੂਰਤਾਂ ਅਤੇ ਪੱਤਰੀ ਤੋਂ ਸਾਹੇ



ਕਢਵਾਉਣ ਵਿਚ ਵਿਸ਼ਵਾਸ ਨਾ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਲੈ ਕੇ ਦਿਨ ਮਿੱਥ ਲੈਂਦੇ ਹਨ। ਗੁਰਬਾਣੀ ਵੀ ਸਾਹੇ ਕਢਵਾਉਣ ਦਾ ਵਿਰੋਧ ਕਰਦੀ ਹੈ :

*ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੦੪)

ਗੁਰੂ ਸਾਹਿਬ ਨੇ ਸਾਫ ਆਖ ਦਿੱਤਾ ਹੈ ਕਿ ਸ਼ਗਨ-ਅਪਸ਼ਗਨ ਵਿਚਾਰਨ ਦੀ ਥਾਂ ਪਰਮਾਤਮਾ ਉਪਰ ਵਿਸ਼ਵਾਸ ਰੱਖਣਾ ਚਾਹੀਦਾ ਹੈ ;

*ਜਬ ਆਪਨ ਆਪੁ ਆਪਿ ਉਰਿ ਧਾਰੈ ॥*
*ਤਉ ਸਗਨ ਅਪਸਗਨ ਕਹਾ ਬੀਚਾਰੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੯੧)

ਸ਼ਗਨ ਅਪਸ਼ਗਨ ਮੰਨਣ ਨਾਲ ਸਿਰਫ ਉਸੇ ਨੂੰ ਲਾਭ ਜਾਂ ਹਾਨੀ ਹੁੰਦੀ ਹੈ, ਜਿਹੜਾ ਪਰਮਾਤਮਾ ਤੋਂ ਬੇਮੁੱਖ ਹੋਵੇਗਾ। ਪਰਮਾਤਮਾ ਦੇ ਭਗਤ ਨੂੰ ਤਾਂ ਜਮ ਵੀ ਤਸੀਹੇ ਨਹੀਂ ਦੇ ਸਕਦੇ ;

*ਸਗੁਨ ਅਪਸਗੁਨ ਤਿਸ ਕਉ ਲਗਹਿ*
*ਜਿਸੁ ਚੀਤਿ ਨ ਆਵੈ ॥*
*ਤਿਸੁ ਜਮੁ ਨੇੜਿ ਨ ਆਵਈ*
*ਜੋ ਹਰਿ ਪ੍ਰਭਿ ਭਾਵੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੦੧)

ਸਿੱਖ ਨੂੰ ਸ੍ਰੀ ਅਨੰਦ ਕਾਰਜ ਦਾ ਸਮਾਂ ਤਹਿ ਕਰਦੇ ਸਮੇਂ ਥਿਤ, ਵਾਰ ਜਾਂ ਮਹੀਨਾ ਨਰਾਤਿਆਂ ਆਦਿ ਦਾ ਭਰਮ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਸਭ ਮਨਮਤ ਹੈ। ਅਨੰਦ ਕਾਰਜ ਤੋਂ ਕੁਝ ਦਿਨ ਪਹਿਲਾਂ ਦੋਹਾਂ ਪਾਸਿਆਂ ਨੂੰ ਸ੍ਰੀ ਅਖੰਡ ਪਾਠ ਜਾਂ ਸਹਿਜ ਪਾਠ ਜ਼ਰੂਰ ਕਰਵਾਉਣਾ ਚਾਹੀਦਾ ਹੈ। ਇਸ ਰਸਮ ਤੋਂ ਪਹਿਲਾਂ ਬੀਬੀ ਤੇ ਭੁਝੰਗੀ ਦਾ ਅੰਮ੍ਰਿਤਧਾਰੀ ਹੋਣਾ ਅਤੇ ਜ਼ਰੂਰੀ ਹੈ। ਜੰਞ ਦੀ ਤਿਆਰੀ ਤੋਂ ਪਹਿਲਾਂ ਭੁਝੰਗੀ ਦੇ ਪਰਿਵਾਰ ਵਲੋਂ ਘਰ ਵਿਚ ਕੀਰਤਨ ਕਰਕੇ ਪਾਠ ਦਾ ਭੋਗ ਪਾ ਕੇ ਅਰਦਾਸ ਕੀਤੀ ਜਾਂਦੀ ਹੈ ਅਤੇ ਦੇਗ ਵਰਤਾਈ ਜਾਂਦੀ ਹੈ।

ਘੋੜੀਆਂ, ਪਿੱਤਰ ਪੂਜਣੇ, ਸਿੱਠਣੀਆਂ, ਦਾਲ ਖਵਾਉਣੀ, ਵਟਣਾ ਮਲਣਾ, ਸਿਹਰਾ ਬੰਨ੍ਹਣਾ, ਜੰਡੀ ਵੱਢਣੀ ਗੰਦੇ ਰਿਕਾਰਡ ਲਾਉਣੇ, ਵਾਰ ਕੇ ਪਾਣੀ ਪੀਣਾ, ਬੁਰਕੀਆਂ ਦੇਣੀਆਂ ਸਭ ਗੁਰਮਤਿ ਵਿਰੋਧੀ ਹਨ। ਅਨੰਦ ਕਾਰਜ ਦੀ ਪਵਿੱਤਰ ਰਸਮ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸੰਗਤ ਦੀ ਮੌਜੂਦਗੀ ਵਿਚ ਹੋਣੀ ਚਾਹੀਦੀ ਹੈ। ਉਂਜ ਤਾਂ ਗੁਰਸਿੱਖਾਂ ਦੇ ਅਨੰਦ ਕਾਰਜ ਅੰਮ੍ਰਿਤ ਵੇਲੇ ਸ਼ੋਭਦੇ ਹਨ ਪਰ ਅਜਿਹਾ ਸੋਚਣਾ ਕਿ ਲਾਵਾਂ ਦੁਪਹਿਰ ਬਾਰਾਂ ਵਜੇ ਤੋਂ ਪਹਿਲਾਂ ਪੜ੍ਹੀਆਂ ਜਾਣ ਦਰਅਸਲ ਇਹ ਸੋਚਣੀ ਬ੍ਰਾਹਮਣੀ ਮੱਤ ਦੀ ਹੈ। ਜਿਨ੍ਹਾਂ ਅਨੁਸਾਰ 12 ਤੋਂ ਪਹਿਲਾਂ ਦਾ ਸਮਾਂ ਸ਼ਗਨਾਂ ਵਾਲਾ ਅਤੇ ਸ਼ੁਭ ਹੁੰਦਾ ਹੈ, 12 ਤੋਂ ਬਾਅਦ ਦਾ ਨਹੀਂ। ਗੁਰਸਿੱਖਾਂ ਨੂੰ ਇਸ ਭਰਮ ਜਾਲ ਵਿਚ ਨਹੀਂ

ਫਸਣਾ ਚਾਹੀਦਾ। ਭਾਵੇਂ ਕੋਈ ਸ਼ਾਮ ਵੇਲੇ ਅਨੰਦ ਕਾਰਜ ਕਰ ਲਵੇ, ਕੋਈ ਵਹਿਮ ਨਹੀਂ ਕਰਨਾ ਚਾਹੀਦਾ। ਸਿੱਖੀ ਦਾ ਸਿਧਾਂਤ ਤਾਂ ਇਹੀ ਹੈ ;

*ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੧੯)*

ਸਭ ਤੋਂ ਪਹਿਲਾਂ ਸ਼ਬਦ ਕੀਰਤਨ ਹੁੰਦਾ ਹੈ, ਜਿਸ ਨੂੰ ਸਮੁੱਚੀ ਸੰਗਤ ਬੜੇ ਧਿਆਨ ਨਾਲ ਸੁਣਦੀ ਹੈ। ਇਸ ਤੋਂ ਬਾਅਦ ਲੜਕੇ ਤੇ ਲੜਕੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਬਿਠਾ ਦਿੱਤਾ ਜਾਂਦਾ ਹੈ।

ਇਸ ਪਵਿੱਤਰ ਰਸਮ ਵੇਲੇ ਲੜਕੀ ਦਾ ਘੁੰਡ ਕੱਢਣਾ ਮਨਮਤ ਹੈ। ਲੜਕੀ-ਲੜਕੇ ਦੇ ਖੱਬੇ ਪਾਸੇ ਬੈਠਦੀ ਹੈ। ਅਨੰਦ ਕਾਰਜ ਸ਼ੁਰੂ ਕਰਨ ਦੀ ਅਰਦਾਸ ਗੁਪਤ ਰੂਪ ਵਿਚ ਕੀਤੀ ਜਾਂਦੀ ਹੈ, ਜਿਸ ਵਿਚ ਸਿਰਫ ਲੜਕੀ, ਲੜਕੇ ਦੇ ਮਾਤਾ-ਪਿਤਾ ਸ਼ਾਮਲ ਹੁੰਦੇ ਹਨ। ਅਰਦਾਸ ਖਤਮ ਹੋਣ ਤੋਂ ਬਾਅਦ ਲੜਕੀ ਦਾ ਪਿਤਾ ਲੜਕੇ ਦਾ ਪੱਲਾ ਲੜਕੀ ਨੂੰ ਫੜਾ ਦੇਂਦਾ ਹੈ ਅਤੇ ਰਾਗੀ ਇਹ ਸ਼ਬਦ ਪੜ੍ਹਦੇ ਹਨ :

*ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ*
*ਛੋੜਿਆ ਹਭੁ ਕਿਛੁ ਤਿਆਗੀ॥*
*ਹਭੇ ਸਾਕ ਕੂੜਾਵੇ ਡਿਠੇ*
*ਤਉ ਪਲੈ ਤੈਡੈ ਲਾਗੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬੩)

ਇਸ ਰਸਮ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਚਾਰ ਲਾਵਾਂ ਦਾ ਕੀਰਤਨ ਕਰਦੇ ਹਨ। ਪਹਿਲੀ ਲਾਵ ਵਿਚ ਲੜਕਾ-ਲੜਕੀ ਇਸ ਦੇ ਖਤਮ ਹੋਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰਕੇ ਬੈਠ ਜਾਂਦੇ ਹਨ। ਬਾਕੀ ਤਿੰਨ ਲਾਵਾਂ ਵਿਚ ਵੀ ਉਹ ਅਜਿਹਾ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਪਹਿਲੀ ਲਾਵ ਵਿਆਹ ਕਾਰਜ ਆਰੰਭ ਅਤੇ ਪ੍ਰਵਿਰਤੀਮਈ ਕਰਮਸ਼ੀਲ ਜੀਵਨ ਦਾ ਚਿੰਨ ਹੈ। ਦੂਜੀ ਲਾਵ ਵਰ ਤੇ ਵਹੁਟੀ ਦੇ ਮਿਲਾਪ ਅਤੇ ਆਪਸ ਵਿਚਲੀਆਂ ਪਵਿੱਤਰ ਭਾਵਨਾਵਾਂ ਦੀ ਪ੍ਰਤੀਕ ਹੈ। ਤੀਸਰੀ ਲਾਵ ਆਪਸ ਵਿਚਲੀ ਰੁਚੀ ਅਤੇ ਪ੍ਰੇਮ ਬੰਧਨ ਦਾ ਚਿੰਨ੍ਹ ਹੈ। ਚੌਥੀ ਲਾਵ ਸਹਿਜ ਭਾਵ ਨਾਲ ਗ੍ਰਿਹਸਥ ਆਸ਼ਰਮ ਤੇ ਕਰਤਵਾਂ ਤੇ ਜ਼ਿੰਮੇਵਾਰੀਆਂ ਦੀ ਪ੍ਰਤੀਕ ਹੈ। ਜਿਵੇਂ : *ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥*

..... ....... ....... .......... .......... .......... ............. ..................

*ਜਨ ਕਹੈ ਨਾਨਕੁ ਲਾਵ ਪਹਿਲੀ*
*ਆਰੰਭੁ ਕਾਜੁ ਰਚਾਇਆ॥*
*ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ*
*ਬਲਿ ਰਾਮ ਜੀਉ॥*

..... ....... ....... .......... .......... .......... ............. ..................

*ਜਨ ਨਾਨਕ ਦੂਜੀ ਲਾਵ ਚਲਾਈ*



*ਅਨਹਦ ਸਬਦ ਵਜਾਏ॥*
*ਹਰਿ ਤੀਜੜੀ ਲਾਵ ਮਨਿ ਚਾਉ ਭਇਆ*
*ਬੈਰਾਗੀਆ ਬਲਿ ਰਾਮ ਜੀਉ॥*

..... ....... ....... .......... .......... .......... ............. ..................

*ਹਰਿ ਚਉਥੜੀ ਲਾਵ ਮਨਿ ਸਹਜੁ ਭਇਆ*
*ਹਰਿ ਪਾਇਆ ਬਲਿ ਰਾਮ ਜੀਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੭੩-੭੪)

ਲਾਵਾਂ ਸੰਪੂਰਨ ਹੋਣ ਉਪਰੰਤ ਅਨੰਦ ਸਾਹਿਬ ਦਾ ਕੀਰਤਨ ਕਰਕੇ, ਵਧਾਈ ਦੇਣ ਸੰਬੰਧੀ ਸ਼ਬਦ ਗਾਏ ਜਾਂਦੇ ਹਨ। ਜਿਵੇਂ :

*ਜਿਤੁ ਘਰਿ ਪਿਰਿ ਸੋਹਾਗੁ ਬਣਾਇਆ॥*
*ਤਿਤੁ ਘਰਿ ਸਖੀਏ ਮੰਗਲੁ ਗਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੭)

ਇਸ ਤੋਂ ਬਾਅਦ ਅਰਦਾਸ ਕਰਕੇ, ਗੁਰਵਾਕ ਲੈਣ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਇਸ ਰਸਮ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ ਤੇ ਦੇਗ ਵਰਤਾਈ ਜਾਂਦੀ ਹੈ।

ਅਨੰਦ ਕਾਰਜ ਦੀ ਰਸਮ ਲਈ ਮਾਪਿਆਂ ਦੀ ਸਹਿਮਤੀ ਨਾਲ ਲੜਕੇ-ਲੜਕੀ ਦੀ ਆਪਸੀ ਸਹਿਮਤੀ ਅਤਿ ਜ਼ਰੂਰੀ ਹੈ, ਕਿਉਂਕਿ ਅਨੰਦ ਕਾਰਜ ਦੋ ਪਵਿੱਤਰ ਆਤਮਾਵਾਂ ਦਾ ਮੇਲ ਹੈ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਇਹ ਕਾਰਜ ਸੰਪੂਰਨ ਨਾ ਹੋ ਕੇ ਬ੍ਰਾਹਮਣਵਾਦ ਦਾ ਭੂਤ ਵਿਆਹ ਬਣ ਜਾਵੇਗਾ, ਜਿਸ ਦਾ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ। ਲੜਕੇ ਨੂੰ ਅਨੰਦ ਕਾਰਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸਿਰ ਤੇ ਮੁਕਟ, ਕਲਗੀ ਤੇ ਸਿਹਰਾ ਬੰਨ ਕੇ ਨਹੀਂ ਬੈਠਣਾ ਚਾਹੀਦਾ, ਨਾ ਹੀ ਲੜਕੀ ਨੂੰ ਘੁੰਡ ਕੱਢ ਕੇ, ਭੜਕੀਲਾ ਫੈਸ਼ਨ ਕਰਕੇ ਮੌਲੀ ਨਾਲ ਬੰਨਿਆ ਕੜਾ ਪਾ ਕੇ ਬੈਠਣਾ ਚਾਹੀਦਾ ਹੈ।

ਲਾਵਾਂ ਵਿਚ ਲੜਕਾ-ਲੜਕੀ ਨੂੰ ਰਾਹ ਦਿਖਾਉਣ ਲਈ ਮੋਢਾ ਫੜ ਕੇ ਨਹੀਂ ਤੋਰਨਾ ਚਾਹੀਦਾ ਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਜੋੜੀ ਉਪਰ ਫੁੱਲ ਪੱਤੀਆਂ ਦੀ ਵਰਖਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਹਾਰ ਪਾਉਣੇ ਚਾਹੀਦੇ ਹਨ, ਕਿਉਂਕਿ ਇਹ ਗੁਰਮਤਿ ਸਿਧਾਂਤਾਂ ਵਿਰੋਧੀ ਰਸਮਾਂ ਹਨ। ਅਨੰਦ ਕਾਰਜ ਸੰਪੂਰਨ ਹੋਣ ਉਪਰੰਤ ਲੜਕੀ ਦੇ ਘਰੋਂ ਦਾਜ ਲਿਜਾਣਾ ਜਾਂ ਦਾਜ ਦੀ ਮੰਗ ਕਰਨੀ ਗੁਰਮਤਿ ਸਿਧਾਂਤਾਂ ਵਿਰੋਧੀ ਹੈ।

ਦਾਜ ਦੇ ਕੇ ਵਿਆਹ ਕਰਨਾ ਬ੍ਰਾਹਮਣਵਾਦ ਦੀ ਰੀਤ ਹੈ, ਨਾ ਕਿ ਖਾਲਸੇ ਦੀ ਮਰਿਯਾਦਾ। ਸ੍ਰੀ ਗੁਰੂ ਰਾਮਦਾਸ ਜੀ ਦਾਜ ਨੂੰ ਦਿਖਾਵਾ ਅਤੇ ਅਡੰਬਰ ਸਮਝਦੇ ਹਨ। ਇਸ ਦੇ ਲਈ ਉਹਨਾਂ ਨੇ ਦਾਜ ਰਸਮ ਦਾ ਖੰਡਨ ਕੀਤਾ ਹੈ;

*ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ*
*ਸੁ ਕੂੜੁ ਅਹੰਕਾਰੁ ਕਚੁ ਪਾਜੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੯)

ਅਨੰਦ ਕਾਰਜ ਦੀ ਅਹਿਮੀਅਤ ਇਹ ਹੈ ਕਿ ਇਹ ਦੋ ਪਵਿੱਤਰ ਆਤਮਾਵਾਂ ਦਾ ਮੇਲ ਹੋ ਕੇ, ਤਲਾਕ ਦੀ ਸਥਿਤੀ ਵਿਚ ਨਾ ਪੁੱਜ ਕੇ, ਜ਼ਿੰਦਗੀ ਦਾ ਸਫਰ ਸੰਪੂਰਨ ਕਰਦਾ ਹੈ। ਜੇ ਅਸੀਂ ਅਨੰਦ ਕਾਰਜ ਨੂੰ ਹਿੰਦੂ ਵਿਆਹ ਨਾਲ ਤੁਲਨਾਈਏ ਤਾਂ ਅਨੰਦ ਕਾਰਜ ਉਤਮ ਰਸਮ ਹੈ, ਕਿਉਂਕਿ ਇਸ ਵਿਚ ਦਾਜ ਰਸਮ ਨੂੰ ਨਿੰਦਿਆ ਗਿਆ ਹੈ, ਜਿਥੇ ਇਹ ਰਸਮ ਪਵਿੱਤਰਤਾ ਤੇ ਸਾਧਾਰਨਤਾ ਦਾ ਚਿੰਨ੍ਹ ਬਣਦੀ ਹੈ, ਉਥੇ ਮਰਦੇ ਦਮ ਤੱਕ ਨਿਭਦੀ ਹੈ। ਸਤੀ ਪ੍ਰਥਾ ਜਾਂ ਵਿਧਵਾ ਅਡੰਬਰਾਂ ਦੀ ਗੁਰੂ ਘਰ ਵਿਚ ਕੋਈ ਥਾਂ ਨਹੀਂ।

ਪੁਨਰ ਵਿਆਹ ਦਾ ਠੀਕ ਉਹੀ ਢੰਗ ਹੈ ਜੋ ਅਨੰਦ ਕਾਰਜ ਦਾ। ਇਸ ਦੇ ਉਲਟ ਹਿੰਦੂ ਵਿਆਹ ਰਸਮਾਂ ਜਿਥੇ ਸ਼ੋਭਾ ਸ਼ਿੰਗਾਰ ਅਤੇ ਦਾਜ ਵਿਚ ਵਿਸ਼ਵਾਸ ਦੇ ਧਾਰਨੀ ਹਨ, ਉਥੇ ਇਨ੍ਹਾਂ ਵਿਚ ਤਲਾਕ ਵਰਗੀ ਅਪਵਿੱਤਰਤਾ ਵੀ ਮੌਜੂਦ ਹੈ।

ਮੌਤ ਦੇ ਸਮੇਂ ਹਿੰਦੂ ਸਮਾਜ ਵਿਚ ਕਈ ਪ੍ਰਕਾਰ ਦੇ ਰੂੜ ਸੰਸਕਾਰ ਕੀਤੇ ਜਾਂਦੇ ਸਨ। ਜਿਵੇਂ ਮੌਤ ਤੋਂ ਪਹਿਲਾਂ ਉਸ ਨੂੰ ਮੰਜੀ ਤੋਂ ਹੇਠਾਂ ਉਤਾਰਨਾ। ਮਰਨ ਵਾਲੇ ਦਾ ਸਿਰ ਉੱਤਰ ਅਤੇ ਪੈਰ ਦੱਖਣ ਵੱਲ ਕਰਕੇ ਉਸ ਉਪਰ ਗੰਗਾ ਜਲ ਛਿੜਕਣਾ, ਮ੍ਰਿਤਕ ਨੂੰ ਅਰਥੀ ਉਤੇ ਲਿਟਾ ਕੇ, ਉਸ ਨੂੰ ਦਾਹ ਸੰਸਕਾਰ ਦੇ ਲਈ ਲੈ ਜਾਣਾ, ਉਸ ਦੀਆਂ ਅਸਥੀਆਂ ਨੂੰ ਚੁਣ ਕੇ ਗੰਗਾ ਵਿਚ ਪ੍ਰਵਾਹ ਕਰਨ ਲਈ ਭੇਜਣਾ, ਦੱਸ ਦਿਨ ਤੱਕ ਘਰ ਨੂੰ ਅਪਵਿੱਤਰ ਮੰਨਣਾ, ਮ੍ਰਿਤਕ ਦੀ ਆਤਮਿਕ ਸ਼ਾਂਤੀ ਲਈ ਸ਼ਰਾਧ ਕਰਨਾ। ਪਰਿਵਾਰਕ ਮੁੱਖੀ ਦੀ ਮੌਤ ਉਪਰੰਤ ਆਪਣੀਆਂ ਭਾਵਨਾਵਾਂ ਨੂੰ ਉੱਚਾ ਉੱਚਾ ਰੋਣ ਦੇ ਮਾਧਿਅਮ ਨਾਲ ਪ੍ਰਗਟ ਕੀਤਾ ਜਾਂਦਾ ਹੈ। ਕਈ ਦਿਨ, ਕਈ ਮਹੀਨੇ ਅਤੇ ਕਈ ਵਾਰ ਸਾਲ ਭਰ ਸ਼ੋਕ ਮਨਾਇਆ ਜਾਂਦਾ ਹੈ।

ਹਿੰਦੂ ਸ਼ਾਸ਼ਤਰਾਂ ਅਨੁਸਾਰ ਪਿੱਤਰਾਂ (ਮਰੇ ਹੋਏ ਵੱਡੇ ਵਡੇਰਿਆਂ) ਲਈ ਸ਼ਰਾਧ ਕਰਨੇ ਅਤਿ ਜ਼ਰੂਰੀ ਹਨ। ਇਨ੍ਹਾਂ ਮੁਤਾਬਕ ਸ਼ਰਾਧਾਂ ਦੇ ਦਿਨਾਂ ਵਿਚ ਜੋ ਪਕਵਾਨ ਬ੍ਰਾਹਮਣਾਂ ਨੂੰ ਖਵਾਏ ਜਾਂਦੇ ਹਨ, ਉਹ ਪਿਤਰਾਂ ਨੂੰ ਪੁੱਜ ਜਾਂਦੇ ਹਨ ਅਤੇ ਪਿੱਤਰਾਂ ਤ੍ਰਿਪਤੀ ਹੋ ਜਾਂਦੀ ਹੈ। ਇਸ ਦੇ ਨਮੂਨੇ ਕੁਝ ਇਸ ਤਰ੍ਹਾਂ ਹਿੰਦੂ ਧਰਮ ਸ਼ਾਸਤਰਾਂ ਵਿਚ ਬਿਆਨ ਕੀਤੇ ਗਏ ਹਨ ;

* ਸ਼ਰਾਧਾਂ ਦੇ ਦਿਨਾਂ ਵਿਚ ਪਿੱਤਰਪੁਰੀ ਖਾਲੀ ਹੋ ਜਾਂਦੀ ਹੈ। ਸਾਰੇ ਪਿੱਤਰ ਸ਼ਰਾਧ ਦਾ ਅੰਨ ਖਾਣ ਲਈ ਮਾਤ ਲੋਕ ਵਿਚ ਭੱਜ ਕੇ ਆ ਜਾਂਦੇ ਹਨ, ਉਨ੍ਹਾਂ ਨੂੰ ਨਾ ਖਵਾਇਆ ਜਾਵੇ ਤਾਂ ਸਰਾਪ ਦੇ ਕੇ ਚਲੇ ਜਾਂਦੇ ਹਨ। ਸ਼ਰਾਧ ਕਰਾਉਣ ਜਿਹਾ ਹੋਰ ਕੋਈ ਪੁੰਨ ਨਹੀਂ। ਸੁਮੇਰ ਪਰਬਤ ਜਿੰਨੇ ਭਾਰੀ ਪਾਪ ਕੀਤੇ ਹੋਏ ਸ਼ਰਾਧ ਕਰਕੇ ਤੁਰੰਤ ਨਾਸ ਹੋ ਜਾਂਦੇ ਹਨ। ਸ਼ਰਾਧ ਕਰਕੇ ਹੀ ਆਦਮੀ ਸਵਰਗ ਨੂੰ ਪ੍ਰਾਪਤ ਹੁੰਦਾ ਹੈ। (ਅਤ੍ਰਿ ਸੰਹਿਤਾ)

* ਸ਼ਰਾਧ ਕਰਨ ਤੋਂ ਪਹਿਲਾਂ ਅੱਗ ਵਿਚ ਹੋਮ ਕਰੇ, ਜੇ ਅੱਗ ਨਾ ਹੋਵੇ ਤਾਂ ਬ੍ਰਾਹਮਣ ਦੇ ਹੱਥ ਪੁਰ ਹੋਮ ਕਰੇ, ਕਿਉਂਕਿ ਬ੍ਰਾਹਮਣ ਅਤੇ ਅਗਨੀ ਦੋਵੇਂ ਇਕੋ ਰੂਪ ਹਨ। (ਮਨੂੰ ਸਿਮਰਤੀ ਅਧਿਆਏ 4, ਸ 212)

* ਸ਼ਰਾਧ ਵਿਚ ਜੇ ਪਿੱਤਰਾਂ ਵਾਸਤੇ ਤਿਲ, ਚੌਲ, ਜੌਂ, ਮਾਂਹ ਅਤੇ ਸਾਗ ਤਰਕਾਰੀ ਦਿੱਤੀ ਜਾਵੇ ਤਾਂ ਪਿੱਤਰ ਇਕ ਮਹੀਨਾ ਰੱਜੇ ਰਹਿੰਦੇ ਹਨ। ਮੱਛੀ ਦੇ ਮਾਸ ਖਾਣ ਵਾਲੇ ਦੋ ਮਹੀਨੇ, ਹਰਨ ਦੇ ਮਾਸ ਨਾਲ ਤਿੰਨ ਮਹੀਨੇ, ਮੀਂਢੇ ਦੇ ਮਾਸ ਨਾਲ ਚਾਰ ਮਹੀਨੇ, ਪੰਛੀਆਂ



ਦੇ ਮਾਸ ਨਾਲ ਪੰਜ ਮਹੀਨੇ, ਬੱਕਰੇ ਦੇ ਮਾਸ ਨਾਲ ਛੇ ਮਹੀਨੇ, ਚੀਤਲ ਦੇ ਮਾਸ ਕਰਕੇ ਸੱਤ ਮਹੀਨੇ, ਚਿੰਕਾਰੇ ਦੇ ਮਾਸ ਨਾਲ ਅੱਠ ਮਹੀਨੇ, ਲਾਲ ਮ੍ਰਿਗ ਦੇ ਮਾਸ ਕਰਕੇ ਨੌਂ ਮਹੀਨੇ, ਝੋਟੇ ਅਤੇ ਸੂਰ ਦੇ ਮਾਸ ਨਾਲ ਦੱਸ ਮਹੀਨੇ, ਕਛੂ ਅਤੇ ਸਹੇ ਦੇ ਮਾਸ ਦੇਣ ਕਰਕੇ ਪਿੱਤਰ ਗਿਆਰ੍ਹਾਂ ਮਹੀਨੇ ਰੱਜੇ ਰਹਿੰਦੇ ਹਨ। (ਮਨੂੰ ਸਿਮਰਤੀ ਅਧਿ. 3, ਸ 267-270 ਅਤੇ ਵਿਸ਼ਨੂੰ ਸਿਮਰਤੀ ਅਧਿ. 80)

* ਜਿਸ ਬ੍ਰਾਹਮਣ ਦੇ ਵੈਸ਼ਨਵ ਮੱਤ ਦਾ ਤਿਲਕ ਨਾ ਹੋਵੇ, ਜੇ ਉਸ ਨੂੰ ਸ਼ਰਾਧ ਵਿਚ ਭੋਜਨ ਦਿੱਤਾ ਜਾਵੇ ਤਾਂ ਸ਼ਰਾਧ ਕਰਾਉਣ ਵਾਲੇ ਦੇ ਪਿੱਤਰ ਨਿਰਸੰਦੇਹ ਵਿਸਟਾ ਅਤੇ ਮੂਤ ਖਾਂਦੇ ਪੀਂਦੇ ਹਨ। (ਵ੍ਰਿਧ ਹਾਰੀਤ ਸੰਹਿਤਾ ਅ-2)

ਮੌਤ ਉਤੇ ਰੋਣ, ਵੈਣ ਪਾਉਣ, ਢਾਹਾਂ ਮਾਰਨ ਦੀ ਕਿਰਿਆ ਨੂੰ ਗੁਰਬਾਣੀ ਵਿਚ ਰੱਦ ਕੀਤਾ ਹੈ। ਦੁਨੀਆਂ ਦੇ ਕੁਦਰਤੀ ਵਿਧਾਨ ਅਨੁਸਾਰ ਮੌਤ ਹਰ ਇਕ ਜੰਮਣ ਵਾਲੇ ਪ੍ਰਾਣੀ ਲਈ ਲਾਜ਼ਮੀ ਹੈ। ਇਸਤਰੀ-ਪੁਰਖ, ਬਾਲ-ਬਿਰਧ ਇਥੋਂ ਤੱਕ ਕਿ ਹੋਂਦ ਵਿਚ ਆਈਆਂ ਨਿਰਜਿੰਦ ਵਸਤਾਂ ਦੀ ਹੋਂਦ ਦਾ ਮਿਟ ਜਾਣਾ ਕੁਦਰਤੀ ਨਿਯਮ ਹੈ। ਆਪਣਾ ਸਮਾਂ ਵਿਹਾ ਕੇ ਇਕ ਦੂਸਰੇ ਤੋਂ ਬਾਅਦ ਸਾਰਿਆਂ ਨੇ ਸੰਸਾਰ ਤੋਂ ਟੁਰ ਜਾਣਾ ਹੈ ;

*ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥*
*ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩੬)

ਸ੍ਰੀ ਗੁਰੂ ਅਰਜਨ ਦੇਵ ਜੀ ਮੌਤ ਨੂੰ ਕਿਸੇ ਵੀ ਤਰ੍ਹਾਂ ਅਨਹੋਣੀ ਅਤੇ ਬੇਵਕਤੀ ਘਟਨਾ ਨਹੀਂ ਮੰਨਦੇ। ਕੇਵਲ ਪੰਜ ਮਹਾਂਭੂਤਾਂ ਦਾ ਖਿੰਡ ਜਾਣਾ ਹੀ ਤਾਂ ਮੌਤ ਹੈ। ਹਰ ਇਕ ਤੱਤ ਆਪਣੇ ਵਿਆਪਕ ਅੰਸ਼ੀ ਵਿਚ ਸਮਾ ਜਾਂਦਾ ਹੈ ;

*ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥*
*ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥*
*ਕਉਨੁ ਮੂਆ ਰੇ ਕਉਨੁ ਮੂਆ ॥*
*ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੮੫)

ਸੰਤ ਕਬੀਰ ਜੀ ਫੁਰਮਾਉਂਦੇ ਹਨ ਕਿ ਜੋ ਮਰ ਗਿਆ, ਉਸ ਦੀ ਮੌਤ 'ਤੇ ਰੋਣ ਦਾ ਕੀ ਅਰਥ। ਰੋਣ ਨਾਲ ਉਹ ਮਨੁੱਖ ਵਾਪਸ ਨਹੀਂ ਆ ਸਕਦਾ, ਫਿਰ ਰੋ-ਰੋ ਕੇ ਆਪਣੀ ਮਰਿਯਾਦਾ ਕਿਉਂ ਗਵਾਈ ਜਾਵੇ ;

*ਇਸੁ ਮਰਤੇ ਕਉ ਜੋ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੭੧)

ਸ੍ਰੀ ਗੁਰੂ ਨਾਨਕ ਸਾਹਿਬ ਜੀ ਆਖਦੇ ਹਨ ਕਿ ਪਰਮਾਤਮਾ ਜਿਸ ਜੀਵ ਨੂੰ ਸੰਸਾਰ ਵਿਚ ਭੇਜਦਾ ਹੈ, ਉਸ ਨੂੰ ਵਾਪਸ ਲੈ ਜਾਣ ਦਾ ਵੀ ਅਧਿਕਾਰ ਹੈ। ਇਸ ਲਈ ਅਜਿਹੀ ਹਾਲਤ ਵਿਚ ਕਿਸੇ ਸੰਬੰਧੀ ਦੀ ਮੌਤ 'ਤੇ ਰੋਣ ਦੀ ਥਾਂ ਉਸ ਨੂੰ ਪਰਮਾਤਮਾ ਦਾ ਭਾਣਾ ਮੰਨ

ਕੇ ਸਹਿਣ ਕਰ ਲੈਣਾ ਵਧੇਰੇ ਯੋਗ ਹੈ ;

*ਬਾਲਕੁ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥*
*ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥*
*ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥*
*ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੨੭)

ਜੇਕਰ ਗੁਰਸਿੱਖ ਮਰਨ ਵੇਲੇ ਮੰਜੇ ਤੇ ਹੋਵੇ ਤਾਂ ਮੰਜੀ ਤੋਂ ਹੇਠਾਂ ਨਹੀਂ ਉਤਾਰਨਾ ਚਾਹੀਦਾ, ਕਿਉਂਕਿ ਇਹ ਜਿਥੇ ਮਨਮਤ ਹੈ, ਉਥੇ ਉਸ ਨੂੰ ਸਰੀਰਕ ਕਸ਼ਟ ਪਹੁੰਚਦਾ ਹੈ। ਮ੍ਰਿਤਕ ਦੇ ਇਸ਼ਨਾਨ ਕਰਾਉਣ ਤੋਂ ਲੈ ਕੇ ਦਾਗਨ ਤੱਕ, ਉਸ ਦੇ ਪੰਜੇ ਕਕਾਰ ਸਰੀਰ ਤੋਂ ਅਲੱਗ ਨਹੀਂ ਕਰਨੇ ਚਾਹੀਦੇ। ਗੁਰਸਿੱਖ ਦੇ ਸੰਸਾਰ ਦੀ ਤਿਆਗੀ ਕਰਦੇ ਸਮੇਂ ਉਸ ਦੀ ਦੇਹ ਦੇ ਕੋਲ ਉੱਚੀ ਥਾਂ 'ਤੇ ਬੈਠ ਕੇ ਕੀਰਤਨ ਕਰਨਾ ਚਾਹੀਦਾ ਹੈ।

ਫਿਰ ਅਰਦਾਸ ਉਪਰੰਤ ਉਸ ਦੀ ਦੇਹ ਨੂੰ ਸ਼ਮਸ਼ਾਨ ਭੂਮੀ ਵੱਲ ਲੈ ਜਾਣ ਲੱਗਿਆਂ ਪਹਿਲਾਂ ਗੁਰਦੁਆਰੇ ਦੇ ਬੂਹੇ ਅੱਗੇ ਸੀੜ੍ਹੀ ਰੱਖ ਕੇ, ਸਿਰ ਗੁਰਦੁਆਰੇ ਵੱਲ ਰੱਖਣਾ ਤੇ ਸਿਰ ਤੇ ਇਕ ਪਾਸੇ ਖੜੇ ਹੋ ਕੇ, ਗੁਰੂ ਮਹਾਰਾਜ ਜੀ ਵੱਲ ਚੇਹਰਾ ਕਰਕੇ ਅਰਦਾਸ ਕਰਨੀ ਚਾਹੀਦੀ ਹੈ। ਅਰਥੀ ਦੇ ਸਮੇਂ ਕਿਸੇ ਪ੍ਰਕਾਰ ਦਾ ਬਿਬਾਣ ਕੱਢਣਾ ਅਰਥਾਤ ਬਹੁਤਾ ਧਨ ਖਰਚ ਕਰਨਾ ਸਿੱਖ ਧਰਮ ਦੇ ਵਿਧਾਨ ਅਨੁਸਾਰ ਨਿੰਦਨਯੋਗ ਹੈ, ਕਿਉਂਕਿ ਇਹ ਬ੍ਰਾਹਮਣਵਾਦ ਦੁਆਰਾ ਚਲਾਈ ਹੋਈ ਫਜ਼ੂਲ ਰੀਤ ਹੈ। ਭਗਤ ਕਬੀਰ ਭੈਰਉ ਰਾਗ ਵਿਚ ਮ੍ਰਿਤਕ ਸ਼ਿੰਗਾਰ ਦੀ ਇਸ ਤਰ੍ਹਾਂ ਨਿਖੇਧੀ ਕਰਦੇ ਹਨ :

*ਜੋ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥*
*ਜੋ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੬੦)

ਸਿੱਖ ਧਰਮ ਦੇ ਵਿਧਾਨ ਵਿਚ ਮੱਧ ਮਾਰਗ ਦੌਰਾਨ ਬਿਬਾਨ ਕੱਢਣ, ਘੜਾ ਭੰਨਣ, ਰੋਣ-ਪਿਟਣ, ਪਾਣੀ ਡੋਲਣ, ਮੁਰਦੇ ਉਪਰੋਂ ਫੁੱਲੀਆਂ ਮਖਾਣੇ ਵਾਰਨ ਦੀ ਮਨਾਹੀ ਹੈ ਅਤੇ ਗੁਰਬਾਣੀ ਦੇ ਕੀਰਤਨ ਵੱਲ ਮਨ ਇਕਾਗਰ ਕਰਨ ਦੀ ਹਦਾਇਤ ਕੀਤੀ ਗਈ ਹੈ। ਗੁਰਮਤਿ ਦੀ ਚਿੱਖਾ ਤਿਆਰ ਕਰਨ ਵਕਤ ਸਮੁੱਚੀ ਸੰਗਤ ਨੂੰ ਵਾਹਿਗੁਰੂ ਮੰਤਰ ਜਾਂ ਮੂਲ ਮੰਤਰ ਪੜ੍ਹਨਾ ਚਾਹੀਦਾ ਹੈ। ਪ੍ਰਾਣੀ ਨੂੰ ਅੰਗੀਠੇ ਚਿੱਤਾ ਵਿਚ ਟਿਕਾਉਣ ਮਗਰੋਂ ਅਰਦਾਸਾ ਸੋਧ ਕੇ ਪੁੱਤਰ ਜਾਂ ਹੋਰ ਸੰਬੰਧੀ ਵਲੋਂ ਅੰਗੀਠੇ ਨੂੰ ਅਗਨੀ ਦੇਣੀ ਚਾਹੀਦੀ ਹੈ। ਫਿਰ ਸੰਗਤ ਨੂੰ ਕੁਝ ਵਿਥ ਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰਨਾ ਚਾਹੀਦਾ ਹੈ।

ਅੱਧਾ ਕੁਝ ਅੰਗੀਠਾ ਸੜਨ ਤੋਂ ਬਾਅਦ ਕੀਰਤਨ ਸੋਹਿਲੇ ਦਾ ਪਾਠ ਕਰਕੇ, ਅਰਦਾਸ ਕਰਨੀ ਚਾਹੀਦੀ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਅੰਗੀਠਾ ਫਰੋਲਣ ਤੇ ਫੁੱਲ ਚੁੱਗਣ ਤੋਂ ਮਨਾਹੀ ਕੀਤੀ ਸੀ। ਗਿਆਨੀ ਗੁਰਬਚਨ ਸਿੰਘ ਖਾਲਸਾ ਗੁਰਬਾਣੀ ਪਾਠ ਦਰਸ਼ਨ ਵਿਚ ਇਸ ਰਸਮ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ ਕਿ ਜਿਹੜੀ ਰਾਖ ਹੈ, ਉਹ



ਸਾਰੀ ਸਮੇਤ ਅਸਥੀਆਂ ਦਰਿਆ ਵਿਚ ਪਾ ਦਿਓ।.... ਜਾਂ ਕੀਰਤਪੁਰ ਸਾਹਿਬ ਜਾਂ ਗੋਇੰਦਵਾਲ ਸਾਹਿਬ ਲੈ ਜਾ ਕੇ ਸਮੇਤ ਰਾਖ ਸਭ ਕੁਝ ਪਾ ਦੇਣਾ।

ਇਹ ਗੁਰਮਤਿ ਦਾ ਅਸੂਲ ਹੈ। ਦੀਵਾ ਵੱਟੀ, ਪਿੰਡ ਦਾਨ, ਮੜੀ ਮਸਾਣ ਪੂਜਾ ਦੀ ਸਿੱਖ ਧਰਮ ਵਿਚ ਵਿਰੋਧਤਾ ਕੀਤੀ ਗਈ ਹੈ। ਮ੍ਰਿਤਕ ਦੇ ਸੰਸਕਾਰ ਤੋਂ ਬਾਅਦ ਦੁਸਹਿਰੇ ਵਾਲੇ ਦਿਨ ਪਹਿਲੇ ਪਹਿਰ ਜਾਂ ਪਿਛਲੇ ਪਹਿਰ ਭੋਗ ਪਾਇਆ ਜਾ ਸਕਦਾ ਹੈ। ਇਸ ਤੋਂ ਉਪਰੰਤ ਆਪਣੀ ਹਿੰਮਤ ਅਨੁਸਾਰ ਸਾਧ ਸੰਗਤ ਨੂੰ ਲੰਗਰ ਛਕਾਉਣ ਦੀ ਮਰਿਯਾਦਾ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਦੇ ਸੰਸਕਾਰ ਹਿੰਦੂ ਧਰਮ ਦੇ ਸੰਸਕਾਰਾਂ ਨਾਲੋਂ ਜਿਥੇ ਵੱਖਰੀ ਹੋਂਦ ਸਥਾਪਤ ਕਰਦੇ ਹਨ, ਉਥੇ ਨੈਤਿਕ ਉਚਤਾ ਦੇ ਵੀ ਲਿਖਾਇਕ ਹਨ। ਇਹੀ ਕਾਰਣ ਹੈ ਕਿ ਗੁਰਸਿੱਖ ਹਿੰਦੂ ਧਰਮ ਦੇ ਕਰਮਕਾਂਡਾਂ ਵਿਚ ਯਕੀਨ ਨਾ ਰੱਖਦਾ ਹੋਇਆ ਸਿੱਖ ਸਿਧਾਂਤਾਂ ਅਨੁਸਾਰ ਕਾਰਜ ਕਰਦਾ ਹੈ ਤੇ ਆਪਣੀ ਵਿਲੱਖਣ ਹੋਂਦ ਦਾ ਪ੍ਰਗਟਾਵਾ ਕਰਦਾ ਹੈ।

* * *

# ਆਰ ਐਸ ਐਸ ਦਾ ਹਿੰਦੂ ਰਾਸ਼ਟਰਵਾਦ

ਕੁਝ ਚਿਰ ਪਹਿਲਾਂ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਕੋਲਕਾਤਾ ਦੀ ਇਕ ਸਭਾ ਵਿਚ ਵਿਰੋਧੀਆਂ ਨੂੰ ਚੁਣੌਤੀ ਦਿੱਤੀ ਸੀ ਕਿ ਧਰਮ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਦਾ ਸਮਰੱਥਨ ਕਰੋ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਜੋ ਵਿਅਕਤੀ ਹਿੰਦੂ ਧਰਮ ਤੋਂ ਭਟਕਿਆ ਹੈ, ਉਸ ਦੀ ਘਰ ਵਾਪਸੀ ਕਰਵਾਈ ਜਾਵੇ। ਉਨ੍ਹਾਂ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਕਲਪਨਾ ਦਾ ਸਮਰੱਥਨ ਕੀਤਾ। ਜਿੱਥੋਂ ਤੱਕ ਧਰਮ ਦਾ ਸੰਬੰਧ ਹੈ, ਉਹ ਵਿਅਕਤੀਗਤ ਵਿਸ਼ਵਾਸਾਂ ਨਾਲ ਜੁੜਿਆ ਹੋਇਆ ਪ੍ਰਸ਼ਨ ਹੈ। ਕੋਈ ਵੀ ਵਿਅਕਤੀ ਆਪਣੇ ਵਿਸ਼ਵਾਸ ਦੇ ਨਾਲ ਕੋਈ ਵੀ ਧਰਮ ਸਵੀਕਾਰ ਕਰਨਾ ਚਾਹੁੰਦਾ ਹੈ ਤੇ ਉਸ 'ਤੇ ਸੰਵਿਧਾਨਕ ਤੌਰ 'ਤੇ ਕੋਈ ਪਾਬੰਦੀ ਨਹੀਂ। ਪਰ ਆਰ ਐਸ ਐਸ ਇਨ੍ਹਾਂ ਮਨੁੱਖੀ ਅਧਿਕਾਰਾਂ 'ਤੇ ਪਾਬੰਦੀ ਲਗਾਉਣਾ ਚਾਹੁੰਦੀ ਹੈ।

ਪਰ ਆਰ ਐਸ ਐਸ ਇਸ ਅਜ਼ਾਦੀ 'ਤੇ ਪਾਬੰਦੀ ਲਗਾ ਰਹੀ ਹੈ। ਭਾਰਤ ਵੱਖ-ਵੱਖ ਸੱਭਿਆਚਾਰਾਂ ਤੇ ਕੌਮਾਂ ਦਾ ਦੇਸ ਹੈ। ਪਰ ਭਾਗਵਤ ਜੀ ਇਨ੍ਹਾਂ ਸਭਨਾਂ ਨੂੰ ਹਿੰਦੂ ਰਾਸ਼ਟਰ ਵਿਚ ਬਦਲਣਾ ਚਾਹੁੰਦੇ ਹਨ, ਜੋ ਕਿ ਅਸੰਭਵ ਜਿਹੀ ਗੱਲ ਪ੍ਰਤੀਤ ਹੁੰਦੀ ਹੈ। ਭਾਵੇਂ ਸੰਵਿਧਾਨ ਵਿਚ ਬੁੱਧ, ਜੈਨ, ਸਿੱਖਾਂ ਨੂੰ ਹਿੰਦੂ ਧਰਮ ਦੇ ਅਧੀਨ ਮੰਨ ਲਿਆ ਗਿਆ ਹੈ, ਪਰ ਇਹ ਸਾਰੇ ਧਰਮ ਹਿੰਦੂ ਧਰਮ ਤੋਂ ਆਪਣੀ ਵੱਖਰੀ ਹੋਂਦ ਮੰਨਦੇ ਹਨ, ਕਿਉਂਕਿ ਇਨ੍ਹਾਂ ਦੇ ਪੂਜਾ ਦੇ ਢੰਗ ਤੇ ਮਾਨਤਾਵਾਂ ਦੇ ਢੰਗ ਤੇ ਸੱਭਿਆਚਾਰ ਵੱਖੋ-ਵੱਖਰੇ ਹਨ।

ਸਵਾਲ ਤਾਂ ਇਹ ਹੈ ਕਿ ਜੇਕਰ ਸਿੱਖ ਧਰਮ ਹਿੰਦੂ ਧਰਮ ਦਾ ਹਿੱਸਾ ਹੈ ਤਾਂ ਦਿੱਲੀ ਵਿਚ ਉਨ੍ਹਾਂ ਦਾ ਕਤਲੇਆਮ ਕਿਉਂ ਕੀਤਾ ਗਿਆ? ਪੰਜਾਬ ਵਿਚ ਉਨ੍ਹਾਂ ਨਾਲ ਕਿਉਂ ਧੱਕਾ ਕੀਤਾ ਗਿਆ? ਹਾਲੇ ਤੱਕ ਉਨ੍ਹਾਂ ਨਾਲ ਇਨਸਾਫ਼ ਕਿਉਂ ਨਹੀਂ ਹੋਇਆ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਕਿਉਂ ਕੀਤਾ ਗਿਆ?

ਭਾਗਵਤ ਜੀ ਨੂੰ ਅਸੀਂ ਯਾਦ ਕਰਵਾ ਦੇਣਾ ਚਾਹੁੰਦੇ ਹਾਂ ਕਿ ਬੁੱਧ ਧਰਮ ਨੂੰ ਖਤਮ ਕਰਨ ਦੇ ਲਈ ਸ਼ੰਕਰਚਾਰੀਆ ਨੇ ਹਿੰਦੂ ਮੁਹਿੰਮ ਖੜੀ ਕੀਤੀ ਸੀ ਕਿ ਪਹਿਲੇ ਸ਼ਾਸਤਰ ਸੇ ਮਾਰੇ ਅਗਰ ਬਚ ਜਾਏ ਤੋਂ ਸ਼ਸ਼ਤਰ ਸੇ ਮਾਰੋ। ਬੋਧੀਆਂ ਨਾਲ ਅਜਿਹਾ ਹੀ ਕੀਤਾ ਗਿਆ। ਜਿਹੜੇ ਬੋਧੀ ਹਿੰਦੂ ਧਰਮ ਨੂੰ ਸਵੀਕਾਰ ਕਰ ਗਏ, ਜਿਨ੍ਹਾਂ ਨੇ ਹਿੰਦੂ ਧਰਮ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ, ਉਹ ਮਹਾਂਯਾਨ ਬੋਧੀ ਸਦਵਾਏ ਤੇ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ



ਮੰਨ ਲਿਆ। ਤਿੱਬਤ ਦੇ ਬੋਧੀਆਂ ਨੂੰ ਜੇ ਪੁੱਛਿਆ ਜਾਵੇ ਕਿ ਬੁੱਧ ਕਿਸ ਦਾ ਅਵਤਾਰ ਨੇ ਤਾਂ ਉਹ ਸਾਫ ਕਹਿਣਗੇ ਕਿ ਵਿਸ਼ਨੂੰ ਦਾ। ਜਿਹੜੇ ਬੁੱਧ ਮੂਰਤੀ ਪੂਜਾ ਦੇ ਵਿਰੁੱਧ ਸਨ ਤੇ ਕੁਦਰਤ ਨੂੰ ਹੀ ਸਭ ਕੁਝ ਮੰਨਦੇ ਸਨ, ਉਨ੍ਹਾਂ ਦੀ ਮੂਰਤੀਆਂ ਬਣਾ ਕੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਇਹ ਸਭ ਕੁਝ ਸ਼ੰਕਰਾਚਾਰੀਆ ਦੀ ਦੇਖ-ਰੇਖ ਵਿਚ ਕੀਤਾ ਗਿਆ ਤੇ ਜੋ ਬੋਧੀ ਇਨ੍ਹਾਂ ਜ਼ੁਲਮਾਂ ਵਿਰੁੱਧ ਲੜੇ, ਜੂਝੇ ਉਹ ਹੀਨਯਾਨ ਕਹਾਏ। ਉਹ ਤਬਾਹ ਕੀਤੇ ਗਏ, ਉਨ੍ਹਾਂ ਦੀ ਨਸਲਕੁਸ਼ੀ ਹੋਈ, ਉਨ੍ਹਾਂ ਦਾ ਦੇਸ ਨਿਕਾਲਾ ਹੋਇਆ, ਪਰ ਉਨ੍ਹਾਂ ਨੇ ਇਸ ਦੇ ਬਾਵਜੂਦ ਆਰੀਅਨ ਵਿਚਾਰਧਾਰਾ ਨਾਲ ਸਮਝੌਤਾ ਨਹੀਂ ਕੀਤਾ। ਅੱਜ ਉਹ ਭਾਰਤ ਤੋਂ ਬਾਹਰ ਵੱਖ-ਵੱਖ ਦੇਸਾਂ ਚੀਨ, ਨੇਪਾਲ, ਥਾਈਲੈਂਡ, ਸਿੰਗਾਪੁਰ, ਜਾਪਾਨ, ਮਲੇਸ਼ੀਆ ਤੇ ਹੋਰ ਅਨੇਕਾਂ ਦੇਸਾਂ ਵਿਚ ਫੈਲੇ ਹੋਏ ਹਨ।

ਇਤਿਹਾਸ ਵਿਚ ਆਉਂਦਾ ਹੈ ਕਿ ਅਯੁੱਧਿਆ ਵਿਚ ਪੁਸ਼ਪਮਿੱਤਰ ਸੁੰਘ ਨੇ ਅੰਤਿਮ ਯੱਗ ਕੀਤਾ ਸੀ, ਉਸ ਦਾ ਐਲਾਨ ਇਹੀ ਸੀ ਕਿ ਜੇਕਰ ਕੋਈ ਇਕ ਬੁੱਧ ਦਾ ਸਿਰ ਲਿਆ ਕੇ ਦੇਵੇਗਾ ਤਾਂ ਉਸ ਨੂੰ ਸੋਨੇ ਦਾ ਦਿਨਾਰ ਪੁਰਸਕਾਰ ਦਿੱਤਾ ਜਾਵੇਗਾ। ਪਰ ਇਸ ਦੇ ਬਾਵਜੂਦ ਬੁੱਧ ਧਰਮ ਦਾ ਖਾਤਮਾ ਨਹੀਂ ਹੋ ਸਕਿਆ।

ਦਲਿਤ ਸਮਾਜ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ ਨੇ ਨਾਗਪੁਰ ਵਿਚ ਬੁੱਧ ਧਰਮ ਨੂੰ ਸਵੀਕਾਰ ਕਰਕੇ ਪ੍ਰਣ ਲਿਆ ਤੇ ਉਨ੍ਹਾਂ ਦੇ ਅਨੇਕਾਂ ਸਮਰੱਥਕਾਂ ਨੇ ਬੁੱਧ ਧਰਮ ਨੂੰ ਸਵੀਕਾਰ ਕਰ ਲਿਆ। ਇਸ ਇਤਿਹਾਸ ਨੂੰ ਦਰਸਾਉਣ ਦਾ ਅਰਥ ਇਹੀ ਹੈ ਕਿ ਬੁੱਧ, ਸਿੱਖ ਤੇ ਜੈਨੀ ਹਿੰਦੂ ਧਰਮ ਦਾ ਹਿੱਸਾ ਨਹੀਂ। ਜੇਕਰ ਇਨ੍ਹਾਂ ਨੂੰ ਦਬਾਉਣ ਦੇ ਯਤਨ ਵੀ ਹੋਏ, ਪਰ ਉਹ ਸਫਲ ਨਹੀਂ ਹੋਏ। ਇਹ ਧਰਮ ਇਨ੍ਹਾਂ ਔਕੜਾਂ ਦੇ ਬਾਵਜੂਦ ਅੱਜ ਵੀ ਜਿਉਂਦਾ ਹੈ।

ਸੁਆਲ ਇਹ ਵੀ ਹੈ ਕਿ ਨਰਿੰਦਰ ਮੋਦੀ ਨੂੰ ਹਿੰਦੂ ਰਾਜੇ ਵਜੋਂ ਆਰ ਐਸ ਐਸ ਐਲਾਨ ਰਹੀ ਹੈ ਤਾਂ ਪੁੱਛਣਾ ਇਹ ਬਣਦਾ ਹੈ ਕਿ 543 ਮੈਂਬਰਾਂ ਵਾਲੀ ਲੋਕ ਸਭਾ ਵਿਚੋਂ 282 ਸੀਟਾਂ ਭਾਜਪਾ ਨੂੰ ਪ੍ਰਾਪਤ ਹੋਈਆਂ ਹਨ, ਪਰ ਦੇਸ ਵਿਚ ਜਿੰਨ੍ਹਾਂ ਅੱਧੇ ਲੋਕਾਂ ਨੇ ਵੋਟਾਂ ਵਿਚ ਹਿੱਸਾ ਨਹੀਂ ਲਿਆ, ਉਨ੍ਹਾਂ ਨੂੰ ਕੀ ਮੰਨਿਆ ਜਾਵੇਗਾ? ਹਾਲਾਂਕਿ ਮੋਦੀ ਨੇ ਹਿੰਦੂ ਰਾਸ਼ਟਰ ਤੇ ਹਿੰਦੂਤਵ ਦੇ ਮੁੱਦੇ 'ਤੇ ਚੋਣ ਨਹੀਂ ਲੜੀ। ਇਸ ਲਈ ਉਸ ਨੂੰ ਹਿੰਦੂ ਰਾਜਾ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ?

ਹਾਲਾਂਕਿ ਮੋਦੀ ਨੇ ਇਕ ਵੀ ਸ਼ਬਦ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਲਈ ਨਹੀਂ ਬੋਲਿਆ। ਜੇਕਰ ਭਾਜਪਾ ਅਜਿਹਾ ਸੋਚਦੀ ਹੈ ਤਾਂ ਮੁਸਲਮਾਨ, ਇਸਾਈ, ਸਿੱਖ ਇਸ ਨੂੰ ਕਿਵੇਂ ਪ੍ਰਵਾਨ ਕਰਨਗੇ? ਦਲਿਤ ਸਮਾਜ ਦਾ ਵੱਡਾ ਹਿੱਸਾ ਵੀ ਇਸ ਦਾ ਵਿਰੋਧ ਕਰੇਗਾ ਤੇ ਕਈ ਵਿਰੋਧੀ ਪਾਰਟੀਆਂ ਵੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਹੱਕ ਵਿਚ ਨਹੀਂ ਹਨ। ਪੰਜਾਬ ਵਿਚ ਅਕਾਲੀ ਦਲ ਇਸ ਦਾ ਸਹਿਯੋਗੀ ਹੈ। ਉਸ ਨੇ ਵੀ ਹਿੰਦੂ ਰਾਸ਼ਟਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਆਰ ਐਸ ਐਸ ਦੀ ਜ਼ਬਰੀ ਧਰਮ ਤਬਦੀਲੀ ਵਿਰੁੱਧ ਵੀ ਅਵਾਜ਼ ਉਠਾਈ ਹੈ।

ਜੇਕਰ ਭਾਗਵਤ ਨੇ ਹਿੰਦੂ ਰਾਸ਼ਟਰ ਬਣਾਉਣਾ ਹੈ ਤਾਂ ਸੰਵਿਧਾਨ ਵਿਚ ਤਬਦੀਲੀਆਂ

ਕਰਨੀਆਂ ਪੈਣਗੀਆਂ, ਜੋ ਕਿ ਏਨੀਆਂ ਸੌਖੀਆਂ ਨਹੀਂ ਹਨ। ਵੈਸੇ ਇਹ ਜਨਤਾ ਨਾਲ ਕਿੰਨਾ ਵੱਡਾ ਧੋਖਾ ਹੈ ਕਿ ਵਿਕਾਸ ਦੇ ਮੁੱਦੇ ’ਤੇ ਭਾਜਪਾ ਸਰਕਾਰ ਬਣੀ ਹੈ ਤੇ ਉਸ ਨੇ ਹੁਣ ਮੁੱਖ ਏਜੰਡਾ ਧਰਮ ਤਬਦੀਲੀ ਦਾ ਬਣਾ ਲਿਆ ਹੈ। ਸਰਕਾਰ ਦੇ ਕੁਝ ਮੰਤਰੀ ਤੇ ਵੱਖ-ਵੱਖ ਰਾਜਾਂ ਵਿਚ ਭਾਜਪਾ ਦੇ ਸਾਂਸਦ, ਐਮਐਲਏ ਤੇ ਸਥਾਨਕ ਨੇਤਾ ਹਿੰਦੂਤਵ ਦੇ ਏਜੰਡੇ ਨੂੰ ਵਧਾਉਣ ਦੇ ਲਈ ਜੁਟੇ ਹੋਏ ਹਨ ਤੇ ਘਰ ਵਾਪਸੀ ਦੇ ਨਾਮ ’ਤੇ ਧਰਮ ਤਬਦੀਲੀ ਕਰਵਾ ਰਹੇ ਹਨ। ਇੱਥੋਂ ਤੱਕ ਕਿ ਫਿਰਕੂ ਦੰਗਿਆਂ ਦੇ ਦੋਸ਼ੀ ਨੇਤਾਵਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।

ਕੋਈ ਨੇਤਾ ਮਹਾਤਮਾ ਗਾਂਧੀ ਦੇ ਹੱਤਿਆਰੇ ਨੱਥੂ ਰਾਮ ਗੋਡਸੇ ਨੂੰ ਦੇਸ਼ ਭਗਤ ਦੱਸ ਰਿਹਾ। ਕੋਈ ਕੇਂਦਰੀ ਮੰਤਰੀ ਭਾਜਪਾ ਦੇ ਰਾਜਨੀਤਕ ਵਿਰੋਧੀਆਂ ਦੇ ਲਈ ਗਾਲਨੁਮਾ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ ਤੇ ਕੋਈ ਘੱਟ ਗਿਣਤੀਆਂ ਨੂੰ ਧਮਕਾਉਣ ਵਾਲੇ ਬਿਆਨ ਦੇ ਰਿਹਾ ਹੈ। ਇਸ ਦੇ ਨਾਲ ਦੇਸ ਦੇ ਸ਼ਾਂਤਮਈ ਵਾਤਾਵਰਨ ਨੂੰ ਖਤਰਾ ਪੈਦਾ ਹੋ ਗਿਆ ਹੈ। ਇਹ ਆਵਾਮ ਵਿਚ ਨਿਰਾਸ਼ਾ ਦੀ ਭਾਵਨਾ ਪੈਦਾ ਕਰ ਰਿਹਾ ਹੈ, ਜਿਨ੍ਹਾਂ ਨੇ ਕਾਂਗਰਸ ਅਤੇ ਯੂਪੀਏ ਦੀਆਂ ਕਥਿਤ ਭ੍ਰਿਸ਼ਟ ਨੀਤੀਆਂ ਤੋਂ ਤੰਗ ਆ ਕੇ ਮੋਦੀ ਸਰਕਾਰ ਨੂੰ ਲੋਕਹਿੱਤੂ ਸਮਝ ਕੇ ਚੁਣਿਆ ਸੀ। ਪਰ ਲੋਕਾਂ ਦੀ ਝੋਲੀ ਵਿਚ ਵਿਕਾਸ ਦੇ ਬਦਲੇ ਰੋਜ਼ਾਨਾ ਫਿਰਕੂ ਬਿਆਨਬਾਜ਼ੀਆਂ, ਦੰਗੇ ਫਸਾਦ ਤੇ ਧਰਮ ਤਬਦੀਲੀ ਵਰਗੀਆਂ ਮਲੀਨ ਹਰਕਤਾਂ ਪੈ ਰਹੀਆਂ ਹਨ। ਭਾਜਪਾ ਦੇ ਰਾਜ ਦੌਰਾਨ ਮੁਜੱਫਰਨਗਰ ਤੇ ਸਹਾਰਨਪੁਰ ਦੇ ਦੰਗੇ ਇਸ ਗੱਲ ਦੇ ਗਵਾਹ ਹਨ। ਉੱਤਰ ਪ੍ਰਦੇਸ਼ ਦੇ ਸਾਂਸਦ ਯੋਗੀ ਅਦਿੱਤਿਆਨਾਥ ਨੇ ਬੀਤੀਆਂ ਵਿਧਾਨ ਉਪ ਚੋਣਾਂ ਵਿਚ ਲਵ ਜਿਹਾਦ ਦਾ ਮਾਮਲਾ ਵੀ ਚੁੱਕਿਆ ਸੀ ਤੇ ਮੁਸਲਮਾਨ ਭਾਈਚਾਰੇ ਵਿਰੁੱਧ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਸ ਦਾ ਕੋਈ ਰਾਜਨੀਤਕ ਫਾਇਦਾ ਭਾਜਪਾ ਨੂੰ ਨਹੀਂ ਮਿਲਿਆ। ਉਹ ਹੁਣ ਵੀ ਬਾਜ਼ ਨਹੀਂ ਆ ਰਹੇ ਤੇ ਸਾਧੂ ਸੰਤਾਂ ਨੂੰ ਆਪਣੇ ਹੱਥਾਂ ਵਿਚ ਮਾਲਾ ਦੇ ਨਾਲ-ਨਾਲ ਸ਼ਸਤਰ ਉਠਾਉਣ ਦਾ ਵੀ ਸੁਨੇਹਾ ਦੇ ਰਹੇ ਹਨ। ਸਾਧਵੀ ਕਹੀ ਜਾਣ ਵਾਲੀ ਇਕ ਕੇਂਦਰੀ ਮੰਤਰੀ ਭਾਜਪਾ ਸਰਥਕਾਂ ਨੂੰ ਰਾਮਜ਼ਾਦਾ ਤੇ ਭਾਜਪਾ ਦੇ ਵਿਰੋਧੀਆਂ ਨੂੰ ਹਰਾਮਜ਼ਾਦਾ ਦੱਸਣ ਵਾਲਾ ਵਾਦ-ਵਿਵਾਦ ਵਾਲਾ ਬਿਆਨ ਦਿੱਤਾ ਜੋ ਕਿ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਕਿਹਾ ਜਾ ਸਕਦਾ।

ਉੱਤਰ ਪ੍ਰਦੇਸ਼ ਦੇ ਰਾਜਪਾਲ ਨੇ ਇਹ ਜਾਣਦੇ ਹੋਏ ਕਿ ਅਯੁੱਧਿਆ ਦਾ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ, ਵਿਵਾਦਿਤ ਭੂਮੀ ’ਤੇ ਰਾਮ ਮੰਦਰ ਬਣਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਇਹੀ ਨਹੀਂ ਪਾਠ ਪੁਸਤਕਾਂ ਵਿਚ ਇਤਿਹਾਸ ਨੂੰ ਮਨਮਰਜ਼ੀ ਨਾਲ ਤਬਦੀਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤੇ ਪਾਠ ਪੁਸਤਕਾਂ ਵਿਚੋਂ ਉਰਦੂ ਦੇ ਸ਼ਬਦਾਂ ਨੂੰ ਕੱਢਣ ਦੀ ਵਕਾਲਤ ਕਰਨ ਵਾਲੇ ਬਿਆਨ ਵੀ ਆਏ ਹਨ। ਇਨ੍ਹਾਂ ਸਾਰੀਆਂ ਕਾਰਗੁਜ਼ਾਰੀਆਂ ਦੇ ਨਾਲ-ਨਾਲ ਵਿਕਾਸ ਦਾ ਰਾਗ ਪੂਰੇ ਜ਼ੋਰ ਸ਼ੋਰ ਨਾਲ ਅਲਾਪਿਆ ਜਾ ਰਿਹਾ ਹੈ। ਪਰ ਮਹਿੰਗਾਈ, ਕਾਲਾ ਧਨ, ਨਸ਼ਿਆਂ ਦੀ ਸਮੱਗਲਿੰਗ, ਗੁੰਡਾਗਰਦੀ, ਬਲਾਤਕਾਰ ਤੇ ਦੰਗਿਆਂ ਵਾਲਾ ਵਾਤਾਵਰਣ ਜਿਉਂ ਦਾ ਤਿਉਂ ਹੈ। ਜੇਕਰ ਦੇਸ ਦੇ ਲੋਕ ਹੀ ਇਕ ਨਹੀਂ



ਤਾਂ ਵਿਕਾਸ ਕਿੱਥੋਂ ਹੋ ਸਕਦਾ ਹੈ? ਧਰਮ ਬਦਲੀ ਦੇ ਮਾਮਲੇ ’ਤੇ ਸੰਘ ਪ੍ਰਮੁਖ ਮੋਹਨ ਭਾਗਵਤ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅਸ਼ੋਕ ਸਿੰਘਲ ਤੇ ਪ੍ਰਵੀਨ ਤੋਗੜੀਆ ਵਰਗੇ ਨੇਤਾ ਜਿਸ ਤਰ੍ਹਾਂ ਜਗ੍ਹਾ ਜਗ੍ਹਾ ਫਿਰਕੂ ਮੀਟਿੰਗਾਂ ਕਰਕੇ ਮੁਸਲਮਾਨਾਂ ਤੇ ਇਸਾਈਆਂ ਨੂੰ ਝਗੜੇ ਦੀ ਜੜ੍ਹ ਦੱਸਦੇ ਹੋਏ ਪੂਰੇ ਦੇਸ ਨੂੰ ਹਿੰਦੂ ਰਾਸ਼ਟਰ ਵਿਚ ਬਦਲ ਦੇਣ ਦਾ ਜੋ ਐਲਾਨ ਕਰ ਰਹੇ ਹਨ, ਉਹ ਕਿਸੇ ਵੀ ਲੋਕਤਾਂਤਰਿਕ ਸਰਕਾਰ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ, ਪਰ ਮੋਦੀ ਸਰਕਾਰ ਇਨ੍ਹਾਂ ਮਾਮਲਿਆਂ ’ਤੇ ਚੁੱਪ ਧਾਰਨ ਕਰੀ ਬੈਠੀ ਹੈ। ਮੋਦੀ ਸਰਕਾਰ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਸਾਡਾ ਸੰਵਿਧਾਨ ਦੇਸ ਦੇ ਹਰ ਨਾਗਰਿਕ ਨੂੰ ਧਾਰਮਿਕ ਸੁਤੰਤਰਤਾ ਦੀ ਗਾਰੰਟੀ ਦਿੰਦਾ ਹੈ ਤੇ ਇਸ ’ਤੇ ਪਹਿਰਾ ਦੇਣਾ ਮੋਦੀ ਸਰਕਾਰ ਦਾ ਫਰਜ਼ ਹੈ।

ਜਿੱਥੋਂ ਤੱਕ ਧਰਮ ਪਰਿਵਰਤਨ ਦਾ ਸਵਾਲ ਹੈ, ਇਸ ਮੂਲ ਅਧਿਕਾਰ ’ਤੇ ਪਾਬੰਦੀ ਲਗਾਉਣਾ ਸੰਭਵ ਨਹੀਂ ਹੈ। ਪਰ ਜਿਸ ਪ੍ਰਕਾਰ ਫਾਸ਼ੀਵਾਦ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਉਹ ਵੀ ਸੰਵਿਧਾਨਕ ਦ੍ਰਿਸ਼ਟੀ ਤੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਜਦ ਉਹ ਇਹ ਚੁਣੌਤੀ ਦਿੰਦੇ ਹਨ ਕਿ ਧਰਮ ਪਰਿਵਰਤਨ ’ਤੇ ਪਾਬੰਦੀ ਦਾ ਕਾਨੂੰਨ ਬਣਨਾ ਚਾਹੀਦਾ ਹੈ, ਤਾਂ ਉਨ੍ਹਾਂ ਦੇ ਮਨ ਦਾ ਡਰ ਹੀ ਸਾਹਮਣੇ ਆਉਂਦਾ ਹੈ ਕਿ ਹੁਣ ਜਿਸ ਨੂੰ ਉਹ ਹਿੰਦੂ ਕਹਿੰਦੇ ਹਨ ਤੇ ਆਪਣੇ ਗਲੇ ਨਹੀਂ ਲਗਾ ਸਕੇ, ਉਨ੍ਹਾਂ ਅਣਹੋਏ ਲੋਕਾਂ ਨੂੰ ਦੂਸਰੇ ਧਰਮਾਂ ਵਿਚ ਜਾਣ ਤੋਂ ਕਿਵੇਂ ਰੋਕਿਆ ਸਕਦਾ ਹੈ? ਧਰਮ ਕੋਈ ਜੇਲ੍ਹ ਨਹੀਂ, ਅਜ਼ਾਦੀ ਦਾ ਪ੍ਰਗਟਾਵਾ ਹੈ, ਪਰ ਆਰ ਐਸ ਐਸ ਇਸ ਨੂੰ ਜੇਲ੍ਹ ਬਣਾਉਣਾ ਚਾਹੁੰਦੀ ਹੈ ਤੇ ਦੇਸ਼ ਵਿਚ ਹਿਟਲਰ ਵਰਗਾ ਫਾਸ਼ੀਵਾਦ ਪੈਦਾ ਕਰ ਰਹੀ ਹੈ। ਮੋਦੀ ਸਰਕਾਰ ਨੂੰ ਇਹ ਚੇਤਾ ਰੱਖ ਲੈਣਾ ਚਾਹੀਦਾ ਹੈ ਕਿ ਜ਼ਹਿਰ ਦੇ ਬੀਜ ਬੀਜ ਕੇ ਵਿਕਾਸ ਦੀ ਫਸਲ ਨਹੀਂ ਉਗਾਈ ਜਾ ਸਕਦੀ। ਇਸ ਲਈ ਉਨ੍ਹਾਂ ਨੂੰ ਸੰਵਿਧਾਨ ’ਤੇ ਪਹਿਰਾ ਦਿੰਦਿਆਂ ਹੋਇਆਂ ਅਸਲ ਅਰਥਾਂ ਵਿਚ ਲੋਕਰਾਜ ’ਤੇ ਪਹਿਰਾ ਦੇਣਾ ਚਾਹੀਦਾ ਹੈ ਤੇ ਮਨੁੱਖੀ ਅਧਿਕਾਰ ਤੇ ਅਜ਼ਾਦੀ ’ਤੇ ਕਾਇਮ ਰਹਿੰਦਿਆਂ ਦੇਸ ਦੇ ਵਿਕਾਸ ਦੇ ਲਈ ਇਕਜੁੱਟ ਹੋਣਾ ਚਾਹੀਦਾ ਹੈ।

# ਨਸ਼ਿਆਂ ਕਾਰਨ ਨਸਲਕੁਸ਼ੀ

**ਬੀਤੇ ਦਿਨੀਂ ਸੁਪਰੀਮ ਕੋਰਟ ਨੇ ਦੇਸ ਦੇ ਨੌਜਵਾਨਾਂ ਵਿੱਚ ਤੰਬਾਕੂ, ਡਰੱਗਸ, ਭੰਗ, ਸੁੰਘਣ ਵਾਲੇ ਨਸ਼ੀਲੇ ਪਦਾਰਥਾਂ ਤੇ ਨਸ਼ੇ ਦੀ ਖ਼ਤਰੇ ਦੀ ਹੱਦ ਤੱਕ ਲਗਾਤਾਰ ਵਧ ਰਹੀ ਆਦਤ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਕੇਂਦਰ ਸਰਕਾਰ, ਸਾਰੀਆਂ ਸੂਬਾ ਸਰਕਾਰਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕਰਦਿਆਂ ਜੁਆਬ ਮੰਗਿਆ ਹੈ। ਮੁੱਖ ਜੱਜ ਜਸਟਿਸ ਐਚ. ਐਲ. ਦੱਤੂ ਦੇ ਬੈਂਚ ਨੇ ਇਹ ਨੋਟਿਸ ਹੁਣੇ ਜਿਹੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਬਚਪਨ ਬਚਾਓ ਅੰਦੋਲਨ ਦੇ ਕੈਲਾਸ਼ ਸਤਿਆਰਥੀ ਦੀ ਲੋਕ ਹਿੱਤ ਪਟੀਸ਼ਨ 'ਤੇ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਬਹੁਤ ਭਿਆਨਕ ਹੋ ਗਈ ਹੈ, ਪਰ ਸਰਕਾਰਾਂ ਨੇ ਇਸ ਚਿੰਤਾਜਨਕ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ।**

*ਪੰਜਾਬ ਦੇ ਹਾਲਾਤ ਚਿੰਤਾਜਨਕ*

ਪੰਜਾਬ ਵਿੱਚ ਇਸ ਸੰਬੰਧੀ ਹਾਲਾਤ ਸਭ ਤੋਂ ਜ਼ਿਆਦਾ ਚਿੰਤਾਜਨਕ ਹਨ ਤੇ ਇਸ ਕਾਰਨ ਪੰਜਾਬ ਨਸਲਕੁਸ਼ੀ ਦੇ ਦੌਰ ਵੱਲ ਵੀ ਹੈ। ਵੱਡੀ ਗੱਲ ਇਹ ਹੈ ਕਿ ਅੱਜ ਪੰਜਾਬ ਨਸ਼ੇ ਦੇ ਇੰਟਰਨੈਸ਼ਨਲ ਕਾਰੋਬਾਰ ਦਾ ਟਰਾਂਜਿਟ ਰੂਟ ਬਣ ਚੁੱਕਾ ਹੈ। ਪੂਰੇ ਦੇਸ ਵਿੱਚ ਜਿੰਨੀ ਡਰੱਗਸ ਫੜੀ ਜਾਂਦੀ ਹੈ, ਉਸ ਦੀ 60 ਫ਼ੀਸਦੀ ਇਕੱਲੇ ਪੰਜਾਬ ਵਿੱਚ ਫੜੀ ਜਾਂਦੀ ਹੈ। ਇੱਕ ਅੰਕੜੇ ਮੁਤਾਬਕ ਪੰਜਾਬ ਵਿੱਚ ਕਾਲਜ ਜਾਣ ਵਾਲਾ ਹਰ ਤੀਜਾ ਨੌਜਵਾਨ ਨਸ਼ਾ ਕਰਦਾ ਹੈ। ਜ਼ਿਕਰਯੋਗ ਹੈ ਕਿ ਸਾਲ 2009 ਵਿੱਚ ਪੰਜਾਬ ਦੀ ਅਕਾਲੀ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਮੰਨਿਆ ਸੀ ਕਿ ਸੂਬੇ ਦੇ 75 ਫ਼ੀਸਦੀ ਨੌਜਵਾਨ ਨਸ਼ੇ ਦੇ ਚੱਕਰਵਿਊ ਵਿੱਚ ਫਸੇ ਹੋਏ ਹਨ। ਹੈਰਾਨੀ ਦੀ ਗੱਲ ਹੈ ਕਿ ਅਜਿਹੇ ਜ਼ਿਆਦਾਤਰ ਨੌਜਵਾਨਾਂ ਦੀ ਉਮਰ 15 ਤੋਂ 35 ਸਾਲ ਵਿਚਾਲੇ ਹੈ। ਦੁੱਖ ਇਸ ਗੱਲ ਦਾ ਇਹ ਹੈ ਕਿ ਕਿਸਾਨਾਂ ਵਿੱਚ ਵੀ ਨਸ਼ੇ ਦੇ ਰੋਗ ਨੇ ਡੂੰਘੀਆਂ ਜੜ੍ਹਾਂ ਜਮਾ ਲਈਆਂ ਹਨ। ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਫਿਰੋਜ਼ਪੁਰ ਨਸ਼ਾ ਸਮੱਗਲਿੰਗ ਦੇ ਅੱਡੇ ਬਣ ਗਏ ਹਨ। ਪਟਿਆਲਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਵਿਚ ਨਸ਼ੇ ਲਈ ਕੈਪਸੂਲ ਤੇ ਹੈਰੋਇਨ ਦੀ ਵਰਤੋਂ ਹੁੰਦੀ ਹੈ, ਬਠਿੰਡਾ ਤੇ ਮੁਕਸਤਰ ਵਿੱਚ ਅਫ਼ੀਮ, ਚੂਰਾ-ਪੋਸਤ ਦਾ ਨਸ਼ਾ ਸਿਰ ਚੜ੍ਹ ਕੇ ਬੋਲ ਰਿਹਾ ਹੈ।



*ਡਰੱਗਜ਼ ਸਮੱਗਲਰਾਂ ਨੂੰ ਸਿਆਸੀ ਥਾਪੜਾ*

ਇੱਕ ਕੌੜਾ ਸੱਚ ਹੈ ਕਿ ਡਰੱਗਜ਼ ਮਾਫੀਏ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ 'ਚ ਧੱਕਣ ਲਈ ਜ਼ਿੰਮੇਵਾਰ ਹੈ। 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟਾਂ ਖ਼ਰੀਦਣ ਲਈ ਸਿਆਸਤ ਦੇ ਮੋਹਰਿਆਂ ਨੇ ਜੰਮ ਕੇ ਨਸ਼ਾ ਤੇ ਪ੍ਰੀ-ਕਰਸਰ ਡਰੱਗਜ਼ ਵੰਡੀ। ਚੋਣ ਦੇ ਇੱਕ ਹਫ਼ਤੇ ਪਹਿਲਾਂ ਚੋਣ ਕਮਿਸ਼ਨ ਨੇ ਤਿੰਨ ਲੱਖ ਕੈਪਸੂਲ, ਏਵਿਲ ਦੇ 2000 ਇੰਜੈਕਸ਼ਨ, ਕਫ ਸਿਰਪ ਦੇ 3000 ਡੱਬੇ ਜ਼ਬਤ ਕੀਤੇ।

*ਰਸਾਇਣਕ ਨਸ਼ੇ ਤੇ ਏਡਜ਼*

ਰਸਾਇਣਕ ਨਸ਼ਿਆਂ ਕਾਰਨ ਪੰਜਾਬ ਤੇ ਚੰਡੀਗੜ੍ਹ ਅਤੇ ਇਸ ਦਾ ਆਲੇ-ਦੁਆਲੇ ਦੇ ਖੇਤਰਾਂ ਵਿੱਚ ਏਡਜ਼ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਧਣ ਲੱਗੀ ਹੈ। ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ ਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਉਨ੍ਹਾਂ ਰਾਜਾਂ ਵਿੱਚ ਐਚਆਈਵੀ ਮਰੀਜ਼ਾਂ ਦੀ ਸੰਖਿਆ ਵਿੱਚ ਇਜ਼ਾਫਾ ਹੋਇਆ ਹੈ ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਐਚਆਈਵੀ ਤੋਂ ਮੁਕਤ ਹਨ ਤੇ ਇਨ੍ਹਾਂ 10 ਰਾਜਾਂ ਵਿੱਚੋਂ ਹੀ ਇਨਫੈਕਸ਼ਨ ਦੇ 57 ਫੀਸਦ ਨਵੇਂ ਕੇਸ ਆਏ ਹਨ। ਇਨ੍ਹਾਂ ਰਾਜਾਂ ਵਿੱਚ ਪੰਜਾਬ, ਉੜੀਸਾ, ਝਾਰਖੰਡ, ਅਸਾਮ ਅਤੇ ਉਤਰਾਖੰਡ ਸ਼ਾਮਲ ਹਨ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਐਚ. ਆਈ. ਵੀ. ਤੋਂ ਪੀੜਤ ਰੋਗੀਆਂ ਦੀ ਗਿਣਤੀ 39,625 ਤੱਕ ਪਹੁੰਚ ਚੁੱਕੀ ਹੈ। ਇਹ ਅੰਕੜਾ ਫਰਵਰੀ, ਸਾਲ 2014 ਤੱਕ ਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇੰਜੈਕਸ਼ਨਾਂ ਰਾਹੀਂ ਡਰੱਗਜ ਲੈਣ ਵਾਲੇ ਗਰੁੱਪਾਂ ਕਾਰਣ ਏਡਜ਼ ਵਿਚ ਇਜਾਫਾ ਹੋ ਰਿਹਾ ਹੈ। ਜੇਕਰ ਇਕ ਨੂੰ ਏਡਜ਼ ਹੁੰਦੀ ਹੈ ਤਾਂ ਇਸ ਕਾਰਨ ਸਾਰੇ ਗਰੁੱਪ ਨੂੰ ਹੋ ਜਾਂਦੀ ਹੈ। ਅਕਤੂਬਰ 2014 ਦੇ ਅੰਕੜਿਆਂ ਮੁਤਾਬਕ ਰਾਜ ਵਿਚ ਐਚਆਈਵੀ ਪਾਜ਼ੇਟਿਵ ਦੇ 43492 ਮਰੀਜ਼ ਸਨ। ਮੌਤਾਂ ਦੀ ਗਿਣਤੀ 3750 ਰਹੀ ਹੈ। ਇਨ੍ਹਾਂ ਵਿਚੋਂ 60 ਫੀਸਦੀ ਮਰਦ ਅਤੇ 35 ਫੀਸਦੀ ਔਰਤਾਂ ਜਦਕਿ ਪੰਜ ਫੀਸਦੀ ਬੱਚੇ ਐਚਆਈਵੀ ਤੋਂ ਪੀੜਤ ਹਨ। ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ 11160 ਪੀੜਤ ਹਨ ਜਦਕਿ ਮੁਕਤਸਰ ਵਿਚ ਐਚਆਈਵੀ ਦੇ ਸਭ ਤੋਂ ਘੱਟ 289 ਮਰੀਜ਼ ਹਨ। ਏਡਜ਼ ਕੰਟਰੋਲ ਵਿਭਾਗ ਨੇ ਪੰਜਾਬ ਨੂੰ ਟੀਕਿਆਂ ਰਾਹੀਂ ਡਰੱਗਜ਼ ਲੈਣ ਵਾਲੇ ਨੌਜਵਾਨਾਂ ਦਾ ਗੜ੍ਹ ਦੱਸਿਆ ਹੈ।

*ਆਰਥਿਕ ਉਜਾੜਾ*

ਜਾਣਕਾਰੀ ਮੁਤਾਬਕ, ਪੰਜਾਬ ਦਾ ਸਾਲਾਨਾ ਸਰਕਾਰੀ ਬਜਟ 2013-14 ਵਿੱਚ 56051 ਕਰੋੜ ਰੁਪਏ ਸੀ। ਨਸ਼ਾ ਵਿਰੋਧੀ ਮੁਹਿੰਮ 'ਤੇ ਕੰਮ ਕਰਨ ਵਾਲੇ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਦੇ ਸਰਕਾਰੀ ਬਜਟ ਤੋਂ ਕਿਤੇ ਵਧ ਪੰਜਾਬ ਦਾ ਨੌਜਵਾਨ ਨਸ਼ਾ 'ਤੇ ਪੈਸਾ ਖ਼ਰਚ ਕਰ ਦਿੰਦਾ ਹੈ। ਸਰਕਾਰੀ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਸੰਨ 2013 ਵਿੱਚ ਪੰਜਾਬ 'ਚ 10,400 ਕਰੋੜ ਰੁਪਏ ਤੋਂ ਵੱਧ ਦੀ ਡਰੱਗਜ਼ ਤੇ ਹੋਰ ਨਸ਼ੇ ਫੜੇ ਗਏ। ਏਜੰਸੀਆਂ ਦਾ ਮੰਨਣਾ ਹੈ ਕਿ ਬਰਾਮਦ ਕੀਤੀ ਗਈ ਡਰੱਗਜ਼ ਤੋਂ ਤਿੰਨ ਗੁਣਾ ਜ਼ਿਆਦਾ ਡਰੱਗ ਪਹੁੰਚ ਤੋਂ ਬਾਹਰ ਹੈ, ਕਿਉਂਕਿ ਪੁਲੀਸ ਸਿਆਸੀ ਆਗੂਆਂ ਤੇ ਮਾਫੀਆ ਦਾ ਸਮੂਹ

ਪੰਜਾਬ ਵਿੱਚ ਬੇਹੱਦ ਮਜ਼ਬੂਤ ਹੈ। ਇੱਥੋਂ ਤੱਕ ਕਿ ਸਰਕਾਰੀ ਨੱਕ ਦੇ ਥੱਲੇ ਇਹ ਨਸ਼ਾ ਪੰਜਾਬ ਦੀਆਂ ਜੇਲ੍ਹਾਂ ਵਿੱਚ ਵੀ ਪਹੁੰਚ ਚੁੱਕਿਆ ਹੈ। ਇਸ ਕਾਰਨ ਜੇਲ੍ਹ ਵਿੱਚ ਵੀ ਕੈਦੀਆਂ ਦੀਆਂ ਮੌਤਾਂ ਤੇ ਆਪਸ ਵਿਚ ਦੰਗੇ ਹੋ ਰਹੇ ਹਨ। ਅੰਕੜਿਆਂ ਅਨੁਸਾਰ ਪਿਛਲੇ ਦੋ ਵਰ੍ਹਿਆਂ ਵਿੱਚ ਪੰਜਾਬ ਜੇਲ੍ਹ ਦੇ ਲੱਗਭੱਗ 50 ਅਧਿਕਾਰੀ, ਮੁਲਾਜ਼ਮਾਂ 'ਤੇ ਨਸ਼ੇ ਦੇ ਗ਼ੈਰ-ਕਾਨੂੰਨੀ ਧੰਦਿਆਂ ਵਿਚ ਸ਼ਾਮਲ ਹੋਣ ਕਾਰਨ ਕਾਰਵਾਈ ਕੀਤੀ ਗਈ ਹੈ।

***ਕਿੱਥੋਂ ਆਉਂਦੀ ਏ ਹੈਰੋਇਨ***

ਅਫ਼ਗਾਨਿਸਤਾਨ ਵਿੱਚ ਅਫ਼ੀਮ ਤੋਂ ਹੈਰੋਈਨ ਤਿਆਰ ਕੀਤੀ ਜਾਂਦੀ ਹੈ। ਇਸ ਦੀ ਕੀਮਤ 2 ਲੱਖ ਰੁਪਏ ਪ੍ਰਤੀ ਕਿਲੋ ਹੁੰਦੀ ਹੈ। ਪਾਕਿਸਤਾਨ ਵਿੱਚ ਇਹ 5 ਤੋਂ 6 ਲੱਖ ਰੁਪਏ ਵਿਚ ਵਿਕਦੀ ਹੈ। ਪੰਜਾਬ ਪੁੱਜਦੇ ਹੀ ਇਹ 30 ਲੱਖ ਰੁਪਏ ਪ੍ਰਤੀ ਕਿਲੋ ਹੋ ਜਾਂਦੀ ਹੈ। ਮੁੰਬਈ ਪਹੁੰਚ ਕੇ ਇਕ ਕਿਲੋ ਹੈਰੋਈਨ ਇੱਕ ਕਰੋੜ ਰੁਪਏ ਦੀ ਹੋ ਜਾਂਦੀ ਹੈ, ਪਰ ਅਮਰੀਕਾ ਅਤੇ ਯੂਰਪ ਵਿੱਚ ਇੱਕ ਕਿਲੋ ਹੈਰੋਇਨ ਦੇ 5 ਕਰੋੜ ਰੁਪਏ ਤੱਕ ਵਸੂਲੇ ਜਾਂਦੇ ਹਨ। ਜ਼ਾਹਿਰ ਹੈ ਦੁਨੀਆਂ ਵਿੱਚ ਸਾਲਾਨਾ 500 ਅਰਬ ਡਾਲਰ ਦੇ ਡਰੱਗਜ਼ ਦੇ ਕਾਰੋਬਾਰ ਵਿੱਚ ਪੰਜਾਬ ਦਾ ਰਸਤਾ ਸਭ ਤੋਂ ਵੱਡਾ ਕੇਂਦਰ ਹੈ।

***ਡਰੱਗਸ ਤੇ ਜਿਹਾਦੀ ਅੱਤਵਾਦ***

ਇਸ ਕਾਲੇ ਕਾਰੋਬਾਰ 'ਤੇ ਪੰਜਾਬ ਸਰਕਾਰ ਪਾਬੰਦੀ ਨਹੀਂ ਲਗਾ ਸਕੀ। ਜਿਹਾਦੀਆਂ ਨੇ ਫੰਡ ਦੇ ਰੂਪ ਵਿਚ ਡਰੱਗ ਦੇ ਕਾਰੋਬਾਰ ਨੂੰ ਮੁੱਖ ਜ਼ਰੀਆ ਬਣਾ ਲਿਆ ਹੈ। ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਨਸ਼ੀਲੇ ਪਦਾਰਥਾਂ ਦੀ ਖੇਪ ਦੀ ਮਾਤਰਾ ਹਰ ਸਾਲ ਤੇਜ਼ੀ ਨਾਲ ਵਧ ਰਹੀ ਹੈ। ਕੈਟਾਮਾਈਨ ਹਾਈਡਰੋਕਲੋਰਾਈਡ ਤੋਂ ਇਲਾਵਾ ਐਸੇਟਿਕ ਐਨਹਾਈਡਰਾਈਡ ਦੀ ਸਮੱਗਲਿੰਗ ਵਿੱਚ ਵੀ ਪਿਛਲੇ ਵਰ੍ਹਿਆਂ 'ਚ ਭਾਰੀ ਵਾਧਾ ਹੋਇਆ ਹੈ।

ਨਾਰਕੋਟਿਕਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਾਰਕੋਟਿਕਸ ਵਿੱਚ ਸਭ ਤੋਂ ਵੱਧ ਸਮੱਗਲਿੰਗ ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਹੈਰੋਇਨ ਦੀ ਹੁੰਦੀ ਹੈ, ਜਿਸ ਦਾ ਮੁੱਖ ਕੇਂਦਰ ਭਾਰਤ-ਪਾਕਿ ਸਰਹੱਦ ਹੈ। ਇਸ ਕਾਰੋਬਾਰ 'ਚ ਸਭ ਤੋਂ ਵੱਧ ਦਿੱਲੀ ਵਿਚ ਰਹਿਣ ਵਾਲੇ ਅਫ਼ਰੀਕੀ ਤੇ ਅਫ਼ਗਾਨੀ ਵੀ ਸ਼ਾਮਲ ਹਨ। ਇਸ ਸੰਬੰਧ ਵਿੱਚ ਦਿੱਲੀ ਵਿੱਚ ਕਈ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਤੇ ਡਰੱਗਜ਼ ਬਰਾਮਦ ਹੋ ਚੁੱਕੀ ਹੈ।

***ਏਸ਼ੀਆ ਡਰੱਗਸ 'ਚ ਬਰਬਾਦ***

ਅਸਲੀਅਤ ਵਿੱਚ ਅਜੋਕੇ ਸਮੇਂ ਕੋਈ ਇੱਕ ਦੇਸ ਨਹੀਂ, ਸਮੁੱਚੀ ਦੁਨੀਆਂ ਨਸ਼ੇ ਦੀ ਦਲਦਲ 'ਚ ਗ੍ਰਸੀ ਪਈ ਹੈ। ਜਿੱਥੇ ਤੱਕ ਦੱਖਣ ਏਸ਼ਿਆਈ ਦੇਸਾਂ ਦਾ ਸੁਆਲ ਹੈ, ਵਿੱਚ ਭਾਰਤ, ਪਾਕਿ, ਅਫ਼ਗਾਨਿਸਤਾਨ ਤੇ ਮੀਆਂਮਾਰ ਨਸ਼ੀਲੇ ਪਦਾਰਥਾਂ ਦੇ ਵੀਹ ਨਾਮਵਰ ਉਤਪਾਦਕਾਂ 'ਚ ਸ਼ਾਮਲ ਹਨ ਅਤੇ ਭਾਰਤ ਵਿੱਚ ਪੱਛਮੀ ਬੰਗਾਲ, ਰਾਜਸਥਾਨ ਅਤੇ ਉੱਤਰਾਖੰਡ ਦੇ ਕੁਝ ਹਿੱਸਿਆਂ ਵਿੱਚ ਅਫੀਮ ਦੀ ਨਾਜਾਇਜ਼ ਖੇਤੀ ਵੱਡੇ ਪੱਧਰ 'ਤੇ ਜਾਰੀ ਹੈ। ਜ਼ਿਕਰਯੋਗ ਹੈ ਕਿ ਬੋਲੀਵੀਆ, ਵੈਨੇਜ਼ੁਏਲਾ ਤੇ ਮੀਆਂਮਾਰ ਨਸ਼ੀਲੇ ਪਦਾਰਥਾਂ ਦੀ



ਸਮੱਗਲਿੰਗ ਲਈ ਮਸ਼ਹੂਰ ਹਨ। ਕੈਲਾਸ਼ ਸਤਿਆਰਥੀ ਦੀ ਰਿਟ ਪਟੀਸ਼ਨ ਅਨੁਸਾਰ ਤਾਂ ਪੂਰਬ ਉੱਤਰ ਰਾਜ ਮੇਘਾਲਿਆ, ਨਾਗਾਲੈਂਡ, ਸਿੱਕਮ ਅਤੇ ਉੱਤਰਾਖੰਡ ਵਿਚ ਸਥਿਤੀ ਸਭ ਤੋਂ ਬੁਰੀ ਹੈ। ਉੱਥੇ ਕ੍ਰਮਵਾਰ 96, 95, 93 ਅਤੇ 90 ਫ਼ੀਸਦੀ ਨੌਜਵਾਨ ਤੰਬਾਕੂ ਦੀ ਆਦਤ ਦਾ ਸ਼ਿਕਾਰ ਹਨ। ਰਾਜਧਾਨੀ ਦਿੱਲੀ ਵਿੱਚ ਇਹ 69 ਫ਼ੀਸਦੀ ਹੈ। ਉੱਥੇ ਸ਼ਰਾਬ ਪੀਣ ਵਾਲੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਕਰਨਾਟਕ ਵਿੱਚ 88 ਫ਼ੀਸਦੀ ਹੈ, ਆਂਧਰਾ ਪ੍ਰਦੇਸ਼ ਦਾ ਨੰਬਰ ਦੂਜਾ ਹੈ, ਜਦ ਕਿ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਵਿੱਚ ਇਹ ਅੰਕੜਾ 80 ਫ਼ੀਸਦੀ ਹੈ, ਪਰ ਦਿੱਲੀ ਵਿੱਚ ਇਹ ਗਿਣਤੀ 23 ਫ਼ੀਸਦੀ ਹੀ ਹੈ।

ਹੈਰੋਇਨ ਦੇ ਨਸ਼ੇ ਦੇ ਆਦੀ ਨੌਜਵਾਨ ਸਭ ਤੋਂ ਵਧ ਪੰਜਾਬ ਵਿੱਚ 19 ਫ਼ੀਸਦੀ ਹਨ, ਜਦਕਿ ਦਿੱਲੀ ਅਤੇ ਯੂਪੀ ਵਿੱਚ ਇਹ ਅੰਕੜਾ 10 ਫ਼ੀਸਦੀ ਹੈ। ਇੰਜੈਕਟੀਬਲ ਨਸ਼ੇ ਦੇ ਸ਼ਿਕਾਰ ਨੌਜਵਾਨਾਂ ਵਿੱਚ ਸਭ ਤੋਂ ਵੱਧ ਗਿਣਤੀ ਮਹਾਰਾਸ਼ਟਰ, ਰਾਜਸਥਾਨ ਤੇ ਪੰਜਾਬ ਦੀ ਹੈ। ਅਸਲੀਅਤ ਵਿੱਚ ਪਿਛਲੇ ਕੁਝ ਵਰ੍ਹਿਆਂ ਤੋਂ ਅਫ਼ੀਮ, ਚਰਸ, ਹੈਰੋਇਨ, ਸਮੈਕ, ਹਸ਼ੀਸ਼ ਤੇ ਹੋਰ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਭਾਰਤ ਕੋਕੀਨ ਦੇ ਗ਼ੈਰ-ਕਾਨੂੰਨੀ ਵਿਉਪਾਰ ਦਾ ਨਵਾਂ ਕੇਂਦਰ ਬਣਦਾ ਜਾ ਰਿਹਾ ਹੈ।

ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਨਸ਼ੀਲਾ ਪਦਾਰਥ ਹੈ, ਜੋ ਬ੍ਰਾਜ਼ੀਲ, ਮੈਕਸੀਕੋ, ਕੋਲੰਬੀਆ, ਪਨਾਮਾ ਅਤੇ ਵੈਨੇਜ਼ੁਏਲਾ ਵਰਗੇ ਲੈਟਿਨ ਅਮਰੀਕੀ ਦੇਸਾਂ ਵਿੱਚ ਵੱਡੀ ਮਾਤਰਾ 'ਚ ਪਾਏ ਜਾਣ ਵਾਲੇ 'ਕੋਕੋਵਾ ਪਲਾਂਟ' ਦੇ ਪੱਤਿਆਂ ਤੋਂ ਬਣਦੀ ਹੈ। ਇਸ ਕਾਰੋਬਾਰ ਵਿੱਚ ਲੱਗੇ ਲੋਕ ਇਸ ਨੂੰ ਅਫ਼ਰੀਕੀ ਦੇਸਾਂ ਰਾਹੀਂ ਸਮੁੰਦਰੀ ਰਸਤੇ ਤੋਂ ਪਾਣੀ ਦੇ ਜਹਾਜ਼ਾਂ ਵਿੱਚ ਲੁਕਾ ਕੇ ਭਾਰਤ ਤੇ ਹੋਰਨਾਂ ਏਸ਼ਿਆਈ ਦੇਸਾਂ ਵਿੱਚ ਪਹੁੰਚਾਉਂਦੇ ਹਨ ਤੇ ਫਿਰ ਇੱਥੋਂ ਆਪਣੇ ਨੈੱਟਵਰਕ, ਕੈਰੀਅਰ ਰਾਹੀਂ ਯੂਰਪੀ ਦੇਸਾਂ ਵਿੱਚ ਪਹੁੰਚਾਉਂਦੇ ਹਨ।

ਨਾਰਕੋਟਿਕਸ ਵਿਭਾਗ ਅਨੁਸਾਰ ਇਕੱਲੇ ਦਿੱਲੀ ਵਿੱਚ ਹਰ ਸਾਲ 25 ਤੇ 35 ਕਿਲੋ ਤੋਂ ਵੀ ਜ਼ਿਆਦਾ ਕੋਕੀਨ ਦਾ ਕਾਰੋਬਾਰ ਹੁੰਦਾ ਹੈ। ਇਹ ਹੁਣ ਚੰਡੀਗੜ੍ਹ ਰਾਹੀਂ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਪਹੁੰਚ ਚੁੱਕੀ ਹੈ, ਜਿਸ ਦੀ ਵਰਤੋਂ ਜ਼ਿਆਦਾਤਰ ਅਮੀਰਾਂ ਦੇ ਕਾਕੇ ਕਰ ਰਹੇ ਹਨ। ਇਸ ਦੀ ਸਭ ਤੋਂ ਵੱਧ ਖ਼ਪਤ ਮੁੰਬਈ, ਦਿੱਲੀ ਅਤੇ ਗੋਆ ਵਿੱਚ ਹੈ।

ਇਸ ਮਸਲੇ ਦਾ ਹੱਲ ਇਹੀ ਹੈ ਕਿ ਲੋਕ ਜਾਗ੍ਰਿਤ ਹੋਣ ਤੇ ਮੀਡੀਆ ਇਸ ਪੈਂਤੜੇ ਤੋਂ ਲੋਕਾਂ ਦੀ ਅਗਵਾਈ ਕਰੇ ਤਾਂ ਜੋ ਸਿਆਸਤਦਾਨ ਕਿਸੇ ਵੀ ਤਰ੍ਹਾਂ ਲੋਭ, ਲਾਲਚ ਵਿੱਚ ਨਸ਼ਾ ਸਮੱਗਲਿੰਗ ਵਾਲਿਆਂ ਦੀ ਹਮਾਇਤ ਨਾ ਕਰਨ ਤੇ ਨਾ ਹੀ ਵੋਟਾਂ ਖ਼ਰੀਦਣ ਲਈ ਨਸ਼ਿਆਂ ਦੀ ਵਰਤੋਂ ਹੋਵੇ। ਇਹ ਸਭ ਲੋਕ ਜਾਗ੍ਰਿਤੀ ਤੋਂ ਬਿਨਾਂ ਸੰਭਵ ਨਹੀਂ ਹੈ।